
ਸਤੰਬਰ - 2022 ਅੰਕ - 208

# ਸ਼ਬਦ ਬੂੰਦ

ਹਰਿਆਣਾ ਸਰਕਾਰ




## ਹਰਿਆਣਾ ਪੰਜਾਬੀ ਸਾਹਿਤ ਅਕਾਦਮੀ

# ਬੇੜੀ ਦੇ ਵਿਚ ਮੋਰੀ

ਡਾ. ਰਤਨ ਸਿੰਘ ਢਿੱਲੋਂ



ਤੇਰੀ ਬੇੜੀ ਦੇ ਵਿਚ ਮੋਰੀ
ਸਹਿਜੇ ਸਹਿਜੇ ਪਾਣੀ ਭਰਨਾ
ਰਹਿ ਜਾਣੀ ਜਿੰਦ ਕੋਰੀ
ਤੇਰੀ ਬੇੜੀ ਦੇ ਵਿਚ ਮੋਰੀ

ਉੱਠੀਆਂ ਛੱਲਾਂ, ਮੁੱਕੀਆਂ ਗੱਲਾਂ
ਚੱਪੂ ਛੁੱਟ ਛੁੱਟ ਜਾਵੇ
ਘੁੰਮਣ ਘੇਰੀ, ਰਾਤ ਹਨੇਰੀ
ਭੰਵਰ ਵੀ ਘੇਰਾ ਪਾਵੇ
ਗੋਦੀ ਦੇ ਵਿਚ ਲੈ ਕੇ ਤੈਨੂੰ
ਮੌਤ ਸੁਣਾਵੇ ਲੋਰੀ
ਤੇਰੀ ਬੇੜੀ ਦੇ ਵਿਚ ਮੋਰੀ

ਬੱਦਲ ਵਰ੍ਹਦਾ, ਦਿਲ ਪਿਆ ਡਰਦਾ
ਤਾਰਾ ਨਜ਼ਰ ਨਾ ਆਵੇ
ਦੂਰ ਕਿਨਾਰਾ, ਗੁੰਮ ਸਹਾਰਾ
ਛਪ ਛਪ ਪਈ ਡਰਾਵੇ।
ਇੱਕੋ ਰੰਗ ਕਪਾਹੀ ਇਸ ਦਾ
ਜਿੰਦ ਨਾ ਕਾਲੀ ਨਾ ਗੋਰੀ

ਤੇਰੀ ਬੇੜੀ ਦੇ ਵਿਚ ਮੋਰੀ
ਆਸਾਂ ਮੁੱਕੀਆਂ, ਰੀਝਾਂ ਸੁੱਕੀਆਂ
ਸੁਪਨੇ ਹੋਏ ਨਾ ਪੂਰੇ
ਸੁੱਚੀ ਨੀਤੀ, ਮਿਹਨਤ ਕੀਤੀ
ਰਹਿ ਗਏ ਕੰਮ ਅਧੂਰੇ
ਬੇਪਰਵਾਹੀ ਭਾਰੀ ਪੈ ਗਈ
ਮਿਹਨਤ ਹੋ ਗਈ ਚੋਰੀ
ਤੇਰੀ ਬੇੜੀ ਦੇ ਵਿਚ ਮੋਰੀ।

ਭਾਈਬੰਦੀ, ਸਕੇ ਸਬੰਧੀ
ਨੇੜੇ ਕੋਈ ਨਾ ਆਵੇ
ਰਹਿ ਗਿਉਂ ਕੱਲਾ, ਜਾਂ ਫਿਰ ਅੱਲਾ
ਤੇਰਾ ਸਾਥ ਨਿਭਾਵੇ
ਬੇੜੀ ਕੰਢੇ ਲਾਵਣ ਦੇ ਲਈ
ਕਰ ਲੈ ਜ਼ੋਰਾ-ਜ਼ੋਰੀ
ਤੇਰੀ ਬੇੜੀ ਦੇ ਵਿਚ ਮੋਰੀ।

ਮੌਤ ਬੁਲਾਵੇ, ਗੇੜੇ ਲਾਵੇ
ਕਾਲ ਇਸ਼ਾਰੇ ਕਰਦਾ
ਕਰ ਕੋਈ ਹੀਲਾ, ਲੱਭ ਕੋਈ ਤੀਲਾ
ਪਾਣੀ ਜਾਂਦਾ ਭਰਦਾ।
ਆਪੂੰ ਹਿੰਮਤ ਕਰ ਲੈ ਸੱਜਣਾ
ਹੱਥ ਤੇਰੇ ਈ ਡੋਰੀ
ਤੇਰੀ ਬੇੜੀ ਦੇ ਵਿਚ ਮੋਰੀ।

ਟ੍ਰਿਬਿਊਨ ਕਲੋਨੀ, ਅੰਬਾਲਾ ਕੈਂਟ
94161-77988

# ਮੁੱਖ ਸ਼ਬਦ



5 ਸਤੰਬਰ ਨੂੰ ਭਾਰਤ ਦੇ ਸਾਬਕਾ ਰਾਸ਼ਟਰਪਤੀ, ਮਹਾਨ ਸਿੱਖਿਆ ਸ਼ਾਸਤਰੀ ਡਾ. ਸਰਵਪੱਲੀ ਰਾਧਾਕ੍ਰਿਸ਼ਨਨ ਦਾ ਜਨਮ ਦਿਨ 'ਅਧਿਆਪਕ ਦਿਵਸ' ਦੇ ਰੂਪ ਵਜੋਂ ਮਨਾਇਆ ਜਾਂਦਾ ਹੈ। ਡਾ. ਰਾਧਾਕ੍ਰਿਸ਼ਨਨ ਨੇ ਅਧਿਆਪਕਾਂ ਦੇ ਸਤਿਕਾਰ ਵਜੋਂ ਕਿਹਾ ਸੀ ਕਿ "ਮੇਰਾ ਜਨਮ ਦਿਨ ਮਨਾਉਣ ਦੀ ਬਜਾਏ ਜੇਕਰ 5 ਸਤੰਬਰ ਨੂੰ ਅਧਿਆਪਕ ਦਿਵਸ ਦੇ ਰੂਪ ਵਿੱਚ ਮਨਾਇਆ ਜਾਵੇ ਤਾਂ ਮੈਂ ਆਪਣੇ ਆਪ ਨੂੰ ਸਨਮਾਨਿਤ ਮਹਿਸੂਸ ਕਰਾਂਗਾ।" ਸਮਾਜ ਅਤੇ ਦੇਸ਼ ਦੇ ਵਿਕਾਸ ਵਿੱਚ ਵਿੱਦਿਆ, ਵਿੱਦਿਅਕ ਸੰਸਥਾਵਾਂ ਅਤੇ ਅਧਿਆਪਕਾਂ ਦਾ ਸਥਾਨ ਸਭ ਤੋਂ ਵੱਧ ਮਹੱਤਵਪੂਰਨ ਹੈ। ਦੇਸ਼ ਦੇ ਭਵਿੱਖ ਦੀ ਜ਼ਿੰਮੇਵਾਰੀ ਵੀ ਅਧਿਆਪਕ ਦੇ ਮੋਢਿਆਂ ਉੱਤੇ ਹੁੰਦੀ ਹੈ। ਜਿੱਥੇ ਭਾਰਤ ਸਰਕਾਰ ਵੱਲੋਂ 5 ਸਤੰਬਰ ਨੂੰ ਅਧਿਆਪਕਾਂ ਨੂੰ ਸਨਮਾਨਿਤ ਕੀਤਾ ਜਾਂਦਾ ਹੈ ਉੱਥੇ ਹਰਿਆਣਾ ਸਰਕਾਰ ਵੀ ਵਿਸ਼ੇਸ਼ ਤੌਰ 'ਤੇ ਅਧਿਆਪਕਾਂ ਨੂੰ ਸਨਮਾਨਿਤ ਕਰਦੀ ਹੈ।

23 ਸਤੰਬਰ ਦਾ ਦਿਨ ਹਰਿਆਣਾ ਵਾਸੀਆਂ ਲਈ ਗੌਰਵ ਤੇ ਸਵੈਮਾਨ ਦਾ ਪ੍ਰਤੀਕ ਹੈ ਕਿਉਂਕਿ ਇਹ ਦਿਨ 'ਹਰਿਆਣਾ ਵੀਰ ਦਿਵਸ' ਦੇ ਤੌਰ 'ਤੇ ਹਰਿਆਣੇ ਦੇ ਉਹਨਾਂ ਸੁਤੰਤਰਤਾ ਸੈਨਾਨੀਆਂ ਨੂੰ ਸਮਰਪਿਤ ਹੈ ਜਿਨ੍ਹਾਂ ਨੇ ਦੇਸ਼ ਦੀ ਰੱਖਿਆ ਵਾਸਤੇ ਆਪਣੀਆਂ ਜਾਨਾਂ ਕੁਰਬਾਨ ਕਰ ਦਿੱਤੀਆਂ। ਇਨ੍ਹਾਂ ਵੀਰ ਸ਼ਹੀਦਾਂ ਨੂੰ ਯਾਦ ਕਰਦਿਆਂ ਹਰਿਆਣਾ ਸਰਕਾਰ ਵੱਲੋਂ ਰਾਜ ਪੱਧਰ 'ਤੇ ਸਮਾਗਮ ਉਲੀਕ ਕੇ ਸ਼ਹੀਦਾਂ ਦੇ ਪਰਿਵਾਰਾਂ ਨੂੰ ਸਨਮਾਨਿਤ ਕੀਤਾ ਜਾਂਦਾ ਹੈ।

ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਵੱਲੋਂ ਪੰਜਾਬੀ ਭਾਸ਼ਾ ਦੇ ਪ੍ਰਚਾਰ-ਪ੍ਰਸਾਰ ਲਈ ਆਰੰਭੇ ਸਾਹਿਤਕ ਕਾਰਜਾਂ ਵਿੱਚ ਲਗਾਤਾਰ ਵਾਧਾ ਕੀਤਾ ਜਾ ਰਿਹਾ ਹੈ, ਇਹਨਾਂ ਯਤਨਾਂ ਤਹਿਤ ਸਿਰਫ ਹਰਿਆਣਾ ਪ੍ਰਾਂਤ ਵਿੱਚ ਹੀ ਨਹੀਂ ਸਗੋਂ ਪੰਜਾਬ ਸਮੇਤ ਹੋਰਨਾਂ ਸੂਬਿਆਂ ਵਿੱਚ ਵੀ ਸਾਹਿਤਕ ਪ੍ਰੋਗਰਾਮ ਕਰਵਾਏ ਜਾ ਰਹੇ ਹਨ। ਅਕਾਦਮੀ ਵੱਲੋਂ 9 ਅਗਸਤ ਨੂੰ ਅੰਬਾਲਾ ਸ਼ਹਿਰ ਵਿਖੇ ਸਮਾਜ ਵਿੱਚ ਫੈਲੀਆਂ ਕੁਰੀਤੀਆਂ 'ਤੇ ਵਿਅੰਗ ਕਰਦਾ ਪੰਜਾਬੀ ਭਾਸ਼ਾ ਵਿਚ ਤਿਆਰ ਕਰਵਾਇਆ ਨਾਟਕ 'ਥਰਸਟੀ ਕ੍ਰੋਅ' ਪੇਸ਼ ਕੀਤਾ ਗਿਆ। 13 ਅਗਸਤ ਨੂੰ ਰੋਹਤਕ ਵਿਖੇ ਸਾਹਿਤਕਾਰ ਮਿਲਣੀ ਦਾ ਆਯੋਜਨ ਕੀਤਾ ਗਿਆ। 18 ਅਗਸਤ ਨੂੰ ਖਾਲਸਾ ਕਾਲਜ, ਅੰਮ੍ਰਿਤਸਰ ਵਿੱਚ 'ਗੁਰੂ ਤੇਗ ਬਹਾਦਰ ਸਾਹਿਬ ਜੀਵਨ, ਬਾਣੀ ਤੇ ਵਿਚਾਰਧਾਰਾ' ਵਿਸ਼ੇ 'ਤੇ ਇਕ ਰੋਜ਼ਾ ਰਾਸ਼ਟਰੀ ਸੈਮੀਨਾਰ ਦਾ ਆਯੋਜਨ ਕੀਤਾ ਗਿਆ। 24 ਅਗਸਤ ਨੂੰ ਮਾਤਾ ਸੁੰਦਰੀ ਕਾਲਜ ਫਾਰ ਵੂਮੈਨ, ਨਵੀਂ ਦਿੱਲੀ ਵਿੱਚ 'ਗੁਰੂ ਤੇਗ ਬਹਾਦਰ ਸਾਹਿਬ ਜੀਵਨ ਅਤੇ ਸ਼ਹਾਦਤ' ਨੂੰ ਸਮਰਪਿਤ 2 ਰੋਜ਼ਾ ਸੈਮੀਨਾਰ ਦਾ ਆਯੋਜਨ ਕੀਤਾ ਗਿਆ। 31 ਅਗਸਤ ਨੂੰ ਸ਼ਫ਼ੀਦੋਂ ਅਤੇ ਜੀਂਦ ਵਿੱਚ 'ਥਰਸਟੀ ਕ੍ਰੋਅ' ਨਾਟਕ ਦੀ ਪੇਸ਼ਕਾਰੀ ਕੀਤੀ ਗਈ। ਇਸੇ ਤਰ੍ਹਾਂ ਹੋਰ ਬਹੁਤ ਸਾਰੀਆਂ ਸੰਸਥਾਵਾਂ ਵੱਲੋਂ ਅਲੱਗ-ਅਲੱਗ ਸਥਾਨਾਂ 'ਤੇ ਸਾਹਿਤਕ ਪ੍ਰੋਗਰਾਮ ਕਰਵਾਉਣ ਲਈ ਭਰਵਾਂ ਹੁੰਗਾਰਾ ਮਿਲ ਰਿਹਾ ਹੈ।

ਪੰਜਾਬੀ ਅਕਾਦਮੀ ਵੱਲੋਂ ਅਕਾਦਮੀ ਭਵਨ ਵਿੱਚ ਉੱਘੇ ਲੇਖਕਾਂ, ਵਿਦਵਾਨਾਂ ਨਾਲ ਰੂ-ਬ-ਰੂ ਪ੍ਰੋਗਰਾਮ ਉਲੀਕੇ ਜਾ ਰਹੇ ਹਨ। ਪਿਛਲੇ ਦਿਨੀਂ ਉੱਘੇ ਸਾਹਿਤਕਾਰ ਆਸਟ੍ਰੇਲੀਆ ਨਿਵਾਸੀ ਮਿੰਟੂ ਬਰਾੜ, ਪੰਜਾਬੀ ਗਾਇਕ ਸਤਨਾਮ ਸਿੰਘ ਅਤੇ ਗਾਇਕਾ ਅਮਨਦੀਪ ਕੌਰ ਨਾਲ ਰੂ-ਬ-ਰੂ ਪ੍ਰੋਗਰਾਮ ਕੀਤਾ ਗਿਆ। ਇਸ ਵਿੱਚ ਪਰਵਾਸੀ ਪੰਜਾਬੀ ਸਾਹਿਤ ਬਾਰੇ ਅਤੇ ਪੰਜਾਬੀ ਲੋਕ ਗੀਤਾਂ ਨੂੰ ਇਕੱਤਰ ਕਰਨ ਲਈ ਉਸਾਰੂ ਚਰਚਾ ਹੋਈ। ਇਸੇ ਲੜੀ ਤਹਿਤ 9 ਅਗਸਤ ਨੂੰ ਫਰੀਮਉਂਟ, ਯੂ.ਐਸ.ਏ ਤੋਂ ਪੁੱਜੇ ਡਾ. ਦਲਵੀਰ ਸਿੰਘ ਪੰਨੂ, ਪ੍ਰੋ: ਪਰਮਜੀਤ ਸਿੱਧੂ ਕੁਰੂਕਸ਼ੇਤਰ ਯੂਨੀਵਰਸਿਟੀ (ਹਰਿਆਣਾ), ਅਵੀ ਸੰਧੂ (ਸਹਿਭਾਗੀ), ਪ੍ਰੋ. ਗੁਰਪ੍ਰੀਤ ਕੌਰ ਖ਼ਾਲਸਾ ਕਾਲਜ ਦਿੱਲੀ ਅਤੇ ਹੋਰਨਾਂ ਵਿਦਵਾਨਾਂ ਨਾਲ ਸਾਹਿਤਕ ਵਿਚਾਰ-ਵਟਾਂਦਰੇ ਹੋਏ। ਰੂ-ਬ-ਰੂ ਦੀ ਅਗਲੀ ਲੜੀ ਵਿੱਚ ਬਾਬਾ ਵਰਿੰਦਰ ਸਿੰਘ ਸਲਪਾਣੀ ਵਾਲੇ, ਪੰਜਾਬ ਤੋਂ ਵਿਸ਼ੇਸ਼ ਤੌਰ ਤੇ ਪੁੱਜੇ ਰਛਪਾਲ ਸਿੰਘ ਜੌੜੇਮਾਜਰਾ ਅਤੇ ਉਨ੍ਹਾਂ ਨਾਲ ਆਏ ਸਾਬਕਾ ਚੇਅਰਮੈਨ ਸਰਬਜੀਤ ਸਿੰਘ ਨਾਲ ਸਾਹਿਤਕ ਮਿਲਣੀ ਕੀਤੀ ਗਈ। ਇਹਨਾਂ ਪ੍ਰੋਗਰਾਮਾਂ ਵਿੱਚ ਜਿੱਥੇ ਪੰਜਾਬੀ ਭਾਸ਼ਾ ਦੇ ਪਾਸਾਰ ਲਈ ਅਹਿਮ ਨੁਕਤਿਆਂ ਨੂੰ ਵਿਚਾਰਿਆ ਗਿਆ ਉਸ ਦੇ ਨਾਲ ਹੀ ਭਵਿੱਖ ਵਿੱਚ ਕੀਤੇ ਜਾਣ ਵਾਲੇ ਪ੍ਰੋਗਰਾਮਾਂ ਦੀ ਰੂਪ ਰੇਖਾ ਵੀ ਉਲੀਕੀ ਗਈ। ਅਕਾਦਮੀ ਵੱਲੋਂ ਸ਼ੁਰੂ ਕੀਤੇ ਗਏ ਰੂ-ਬ-ਰੂ ਪ੍ਰੋਗਰਾਮ ਦੀ ਸਾਹਿਤਕ ਹਲਕਿਆਂ ਵੱਲੋਂ ਸ਼ਲਾਘਾ ਕੀਤੀ ਗਈ।

26 ਅਗਸਤ ਨੂੰ ਅਕਾਦਮੀ ਦੇ ਸੈਮੀਨਾਰ ਹਾਲ ਵਿੱਚ ਸਾਰਾਗੜ੍ਹੀ ਦੀ 125ਵੀਂ ਵਰ੍ਹੇਗੰਢ ਨੂੰ ਸਮਰਪਿਤ ਸਾਹਿਤਕ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਇਸ ਸੈਮੀਨਾਰ ਵਿੱਚ ਨਿਊਯਾਰਕ ਯੂ.ਐਸ.ਏ ਤੋਂ ਪਹੁੰਚੇ ਸ. ਗੁਰਿੰਦਰਪਾਲ ਸਿੰਘ ਜੋਸਨ (ਇਤਿਹਾਸਕਾਰ ਅਤੇ ਚੇਅਰਮੈਨ ਸਾਰਾਗੜ੍ਹੀ ਫਾਊਂਡੇਸ਼ਨ), ਮੇਜਰ ਜਨਰਲ ਰਾਜ ਮਹਿਤਾ (ਰਿਟਾ.), ਬ੍ਰਿਗੇਡੀਅਰ ਜਤਿੰਦਰ ਸਿੰਘ ਅਰੋੜਾ (ਰਿਟਾ.), ਕਰਨਲ ਬਲਦੇਵ ਸਿੰਘ ਚਾਹਲ (ਰਿਟਾ.) (ਪ੍ਰਧਾਨ ਸਾਰਾਗੜ੍ਹੀ ਫਾਊਂਡੇਸ਼ਨ), ਕਮਲਜੀਤ ਸਿੰਘ (ਸਰਪ੍ਰਸਤ ਸਾਰਾਗੜ੍ਹੀ ਫਾਊਂਡੇਸ਼ਨ) ਅਤੇ ਰਮਣੀਕ ਕੌਰ (ਸਲਾਹਕਾਰ ਸਾਰਾਗੜ੍ਹੀ ਫਾਊਂਡੇਸ਼ਨ) ਵਿਸ਼ੇਸ਼ ਤੌਰ 'ਤੇ ਪਹੁੰਚੇ ਅਤੇ ਸਾਰਾਗੜ੍ਹੀ ਦੇ ਇਤਿਹਾਸ ਬਾਰੇ ਸਰੋਤਿਆਂ ਨੂੰ ਜਾਣੂ ਕਰਾਇਆ।

ਅਕਾਦਮੀ ਵੱਲੋਂ ਕਰਵਾਏ ਜਾ ਰਹੇ ਸਾਹਿਤਕ, ਸਭਿਆਚਾਰਕ ਪ੍ਰੋਗਰਾਮਾਂ ਦੀ ਜਾਣਕਾਰੀ ਹੁਣ ਸ਼ੋਸ਼ਲ ਮੀਡੀਆ ਰਾਹੀਂ ਫੇਸਬੁੱਕ ਪੇਜ, ਟਵਿਟਰ, ਇਨਸਟਾਗ੍ਰਾਮ ਅਤੇ ਅਕਾਦਮੀ ਵੈੱਬ ਸਾਈਟ ਰਾਹੀਂ ਸਾਂਝੀ ਕੀਤੀ ਜਾਂਦੀ ਹੈ। ਸਾਹਿਤਕਾਰ/ਵਿਦਵਾਨ ਇਨ੍ਹਾਂ ਮਾਧਿਅਮਾਂ ਰਾਹੀਂ ਅਕਾਦਮੀ ਨਾਲ ਜੁੜ ਕੇ ਆਪਣੀ ਹਾਜ਼ਰੀ ਲਵਾ ਰਹੇ ਹਨ। ਇਹ ਰੂ-ਬ-ਰੂ ਪ੍ਰੋਗਰਾਮ ਸਾਹਿਤਕ ਖੇਤਰ ਵਿੱਚ ਪਈਆਂ ਦੂਰੀਆਂ ਨੂੰ ਘੱਟ ਕਰਨ ਲਈ ਅਹਿਮ ਕਦਮ ਸਾਬਿਤ ਹੋ ਰਹੇ ਹਨ।

ਅਕਾਦਮੀ ਵੱਲੋਂ ਸਾਹਿਤ ਦੀ ਬਿਹਤਰੀ ਲਈ ਕੀਤੇ ਜਾ ਰਹੇ ਕਾਰਜਾਂ ਲਈ ਲੇਖਕਾਂ, ਵਿਦਵਾਨਾਂ ਤੇ ਸਾਹਿਤ ਪ੍ਰੇਮੀਆਂ ਦੇ ਸਾਹਿਤਕ ਸਹਿਯੋਗ ਲਈ ਦਿਲ ਤੋਂ ਧੰਨਵਾਦੀ ਹੈ।

ਗੁਰਵਿੰਦਰ ਸਿੰਘ

ਡਿਪਟੀ ਚੇਅਰਮੈਨ

74044-99999

# ਸੰਪਾਦਕੀ



'ਸ਼ਬਦ ਬੂੰਦ' ਰਾਹੀਂ ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਨਾਲ ਜੁੜੇ ਸਨੇਹੀ ਮਿੱਤਰੋ! ਇਹ ਮਹੀਨਾ ਹਰਿਆਣਾ ਪ੍ਰਾਂਤ ਦੇ ਨਿਵਾਸੀਆਂ ਲਈ ਅਤਿ ਮਹੱਤਵਪੂਰਨ ਹੈ ਕਿਉਂਕਿ ਹਰ ਸਾਲ ਸਤੰਬਰ ਮਹੀਨੇ ਦੀ 23 ਤਾਰੀਖ਼ ਨੂੰ 'ਹਰਿਆਣਾ ਵੀਰ ਦਿਵਸ' ਮਨਾਇਆ ਜਾਂਦਾ ਹੈ। ਹਰਿਆਣਾ ਭੂਗੋਲਿਕ ਤੌਰ ਤੇ ਭਾਵੇਂ 1966 ਵਿੱਚ ਹੋਂਦ ਵਿੱਚ ਆਇਆ ਹੈ ਪਰ ਇਸ ਖ਼ਿੱਤੇ ਦੇ ਵੀਰ ਪੁਰਸ਼ਾਂ ਦੀਆਂ ਗਾਥਾਵਾਂ ਬਹੁਤ ਪੁਰਾਣੀਆਂ ਅਤੇ ਅਲੌਕਿਕ ਹਨ। ਇਹ ਧਰਤੀ ਮਹਾਂਭਾਰਤ ਕਾਲ ਤੋਂ ਪੁਰਾਤਨ ਹੈ ਅਤੇ 'ਸ੍ਰੀ ਮਦ ਭਗਵਦ ਗੀਤਾ' ਦੀ ਜਨਮ ਸਥੱਲੀ ਹੈ। ਇਸ ਖ਼ਿੱਤੇ ਵਿੱਚ ਜਨਮੇ ਉਨ੍ਹਾਂ ਮਹਾਨ ਸੂਰਬੀਰਾਂ ਦੀ ਯਾਦ ਵਿੱਚ ਪਿੰਡਾਂ, ਸ਼ਹਿਰਾਂ ਵਿੱਚ ਯਾਦਗਾਰੀ ਗੇਟ ਬਣਾ ਕੇ ਅਤੇ ਸੜਕਾਂ ਦੇ ਨਾਮ ਰੱਖ ਕੇ ਹਮੇਸ਼ਾ ਯਾਦ ਕੀਤਾ ਜਾਂਦਾ ਹੈ, ਜਿਨ੍ਹਾਂ ਨੇ ਆਪਣੇ ਦੇਸ਼, ਧਰਮ ਅਤੇ ਸ਼ਾਨ ਦੀ ਰਾਖੀ ਲਈ ਆਪਣਾ ਆਪ ਕੁਰਬਾਨ ਕਰ ਦਿੱਤਾ। ਇਸ ਦਿਨ 1857 ਦੇ ਪਹਿਲੇ ਆਜ਼ਾਦੀ ਸੰਗਰਾਮ ਦੇ ਮਹਾਨ ਨਾਇਕ ਅਮਰ ਸ਼ਹੀਦ ਰਾਓ ਤੁਲਾ ਰਾਮ ਸਮੇਤ ਬਹੁਤ ਸਾਰੇ ਸ਼ਹੀਦਾਂ ਅਤੇ ਆਜ਼ਾਦੀ ਘੁਲਾਟੀਆਂ ਦੀ ਯਾਦ ਵਿੱਚ ਸ਼ਰਧਾਂਜਲੀ ਸਮਾਗਮ ਕਰਵਾ ਕੇ ਯਾਦ ਕੀਤਾ ਜਾਂਦਾ ਹੈ। ਇਨ੍ਹਾਂ ਵੀਰ ਸ਼ਹੀਦਾਂ ਨੂੰ ਨਮਨ ਅਤੇ ਯਾਦ ਕਰਦਿਆਂ ਹਰਿਆਣਾ ਸਰਕਾਰ ਵੱਲੋਂ ਵੱਡੇ ਪੱਧਰ ਤੇ ਪ੍ਰੋਗਰਾਮ ਉਲੀਕੇ ਜਾਂਦੇ ਹਨ, ਜਿਨ੍ਹਾਂ ਵਿੱਚ ਸ਼ਹੀਦਾਂ ਦੇ ਪਰਿਵਾਰਾਂ ਅਤੇ ਜੰਗ ਵਿੱਚ ਬਹਾਦਰੀ ਪੁਰਸਕਾਰ ਪ੍ਰਾਪਤ ਕਰਨ ਵਾਲਿਆਂ ਨੂੰ ਯਾਦਗਾਰੀ ਚਿੰਨ੍ਹ ਭੇਂਟ ਕਰਕੇ ਸਨਮਾਨਿਤ ਕੀਤਾ ਜਾਂਦਾ ਹੈ। ਸ਼ਹੀਦ ਕਿਸੇ ਵਿਸ਼ੇਸ਼ ਜਾਤੀ, ਧਰਮ ਜਾਂ ਫ਼ਿਰਕੇ ਨਾਲ ਸੰਬੰਧਿਤ ਨਹੀਂ ਹੁੰਦੇ ਸਗੋਂ ਸਾਰਿਆਂ ਲਈ ਪ੍ਰੇਰਨਾ ਸਰੋਤ ਹਨ।

ਭਾਰਤ ਵਿੱਚ 5 ਸਤੰਬਰ ਦਾ ਦਿਨ ਅਧਿਆਪਕ ਦਿਵਸ ਦੇ ਰੂਪ 'ਚ ਮਨਾਇਆ ਜਾਂਦਾ ਹੈ। ਭਾਰਤ ਦੇ ਦੂਸਰੇ ਰਾਸ਼ਟਰਪਤੀ ਸਰਵਪੱਲੀ ਰਾਧਾਕ੍ਰਿਸ਼ਨਨ ਦੀ ਜੈਅੰਤੀ ਨੂੰ ਅਧਿਆਪਕ ਦਿਵਸ ਦੇ ਤੌਰ 'ਤੇ ਸਮਰਪਿਤ ਕੀਤਾ ਗਿਆ ਹੈ। ਅਧਿਆਪਕ ਹੀ ਵਿਦਿਆਰਥੀ ਦਾ ਸਰਬਪੱਖੀ ਵਿਕਾਸ ਕਰਨ ਵਿਚ ਮਹੱਤਵਪੂਰਨ ਯੋਗਦਾਨ ਪਾਉਂਦੇ ਹਨ। ਚੇਤੰਨ ਅਧਿਆਪਕ ਕੋਲ ਗਿਆਨ ਦਾ ਭੰਡਾਰ ਹੁੰਦਾ ਹੈ ਜੋ ਉਸ ਦੇ ਅਨੁਭਵ, ਤਜਰਬਿਆਂ ਅਤੇ ਨਤੀਜਿਆਂ ਦਾ ਜੋੜ ਹੁੰਦਾ ਹੈ, ਜਿਸ ਨੂੰ ਉਸ ਨੇ ਵਿਹਾਰਕ ਤੌਰ 'ਤੇ ਅਭਿਆਸ ਰਾਹੀਂ ਪ੍ਰਾਪਤ ਕੀਤਾ ਹੁੰਦਾ ਹੈ। ਅਧਿਆਪਕ ਵਿਦਿਆਰਥੀ ਦੀਆਂ ਭਾਵਨਾਵਾਂ ਨੂੰ ਚੰਗੀ ਤਰ੍ਹਾਂ ਸਮਝ ਕੇ ਤਰਕਮਈ ਢੰਗ ਨਾਲ ਉਸ ਦਾ ਮਾਰਗ ਦਰਸ਼ਕ ਬਣ ਸਕਦਾ ਹੈ ਪਰ ਇਹ ਤਾਂ ਹੀ ਸੰਭਵ ਹੋਵੇਗਾ ਜੇਕਰ ਅਧਿਆਪਕ ਹਰੇਕ ਪੱਖ ਤੋਂ ਸਿੱਖਿਆ ਪ੍ਰਤੀ ਸਮਰਪਿਤ ਹੋਵੇ ਅਤੇ ਵਿਦਿਆਰਥੀਆਂ ਵਿੱਚ ਵੀ ਆਪਣੇ ਸਿੱਖਿਆ ਗੁਰੂ ਪ੍ਰਤੀ ਸਨੇਹ ਤੇ ਸਮਰਪਣ ਦੀ ਭਾਵਨਾ ਹੋਵੇ।

ਅੱਜ ਸਾਨੂੰ ਲੋੜ ਹੈ ਵਿਦਿਆਰਥੀਆਂ ਤੇ ਅਧਿਆਪਕਾਂ ਵਿਚਕਾਰ ਗੁਰੂ-ਚੇਲੇ ਦੇ ਪਵਿੱਤਰ ਰਿਸ਼ਤੇ ਨੂੰ ਮੁੜ ਬਹਾਲ ਕਰਨ ਦੀ, ਜਿਸ ਨਾਲ ਸਿੱਖਿਆ ਦੇ ਮਿਆਰ ਨੂੰ ਹੋਰ ਉਚੇਰਾ ਚੁੱਕ ਕੇ ਸਮਾਜ ਨੂੰ ਨਰੋਈ ਸੇਧ ਅਤੇ ਨਵੀਆਂ ਲੀਹਾਂ 'ਤੇ ਤੋਰਨ ਲਈ ਚੰਗੇ ਤੇ ਅਗਾਂਹਵਧੂ ਨਾਗਰਿਕ ਤਿਆਰ ਹੋ ਸਕਣ।


'ਸ਼ਬਦ ਬੂੰਦ' ਅਦਾਰਾ ਹਰਿਆਣਾ ਦੇ ਸਮੂਹ ਵੀਰ ਸ਼ਹੀਦਾਂ ਨੂੰ ਨਮਨ ਅਤੇ ਸ਼ਰਧਾ ਦੇ ਫੁੱਲ ਅਰਪਣ ਕਰਦਾ ਹੈ। ਆਸ ਹੈ, ਪਾਠਕ ਹਮੇਸ਼ਾ ਦੀ ਤਰ੍ਹਾਂ ਹਥਲੀ ਮੈਗਜ਼ੀਨ ਵਿੱਚ ਸ਼ਾਮਲ ਰਚਨਾਵਾਂ ਨੂੰ ਵੀ ਭਰਪੂਰ ਪਿਆਰ ਦੇਣਗੇ ਅਤੇ ਮਹੱਤਵਪੂਰਨ ਸੁਝਾਅ ਭੇਜਦੇ ਰਹਿਣਗੇ।


ਡਾਇਰੈਕਟਰ
89098-13333

ISSN 2456-544X

# ਸ਼ਬਦ ਬੂੰਦ

**ਸਤੰਬਰ, 2022**
ਅੰਕ-208, 20/-ਰੁਪਏ



ਪ੍ਰਧਾਨ ਸਰਪ੍ਰਸਤ ਤੇ ਚੇਅਰਮੈਨ
ਮਨੋਹਰ ਲਾਲ
ਮੁੱਖ ਮੰਤਰੀ, ਹਰਿਆਣਾ

ਪ੍ਰਧਾਨ ਸੰਪਾਦਕ
ਅਨੁਰਾਗ ਅਗਰਵਾਲ, ਆਈ.ਏ.ਐਸ.
ਕਾਰਜਕਾਰੀ ਉਪ ਚੇਅਰਮੈਨ, ਅਕਾਦਮੀ

ਪ੍ਰਬੰਧ ਸੰਪਾਦਕ
ਅਮਿਤ ਕੁਮਾਰ ਅਗਰਵਾਲ, ਆਈ.ਏ.ਐਸ.
ਡਾਇਰੈਕਟਰ ਜਨਰਲ, ਸੂਚਨਾ, ਲੋਕ ਸੰਪਰਕ ਤੇ
ਭਾਸ਼ਾ ਵਿਭਾਗ, ਹਰਿਆਣਾ

ਮੁੱਖ ਸੰਪਾਦਕ
ਗੁਰਵਿੰਦਰ ਸਿੰਘ ਧਮੀਜਾ
ਡਿਪਟੀ ਚੇਅਰਮੈਨ
ਹਰਿਆਣਾ ਪੰਜਾਬੀ ਸਾਹਿਤ ਅਕਾਦਮੀ

ਸੰਪਾਦਕ
ਸੁਨੀਲ ਵਸ਼ਿਸ਼ਟ
ਡਾਇਰੈਕਟਰ
ਹਰਿਆਣਾ ਪੰਜਾਬੀ ਸਾਹਿਤ ਅਕਾਦਮੀ

ਸਹਿ ਸੰਪਾਦਕ
ਹਰਦਿਆਲ ਸਿੰਘ


ਸੰਪਾਦਕੀ ਬੋਰਡ
ਡਾ. ਰਤਨ ਸਿੰਘ ਢਿੱਲੋਂ
ਡਾ. ਮਨਜੀਤ ਸਿੰਘ
ਡਾ. ਪਰਮਜੀਤ ਕੌਰ ਸਿੱਧੂ
ਸ. ਜਰਨੈਲ ਸਿੰਘ






ਪ੍ਰਕਾਸ਼ਕ :
ਹਰਿਆਣਾ ਪੰਜਾਬੀ ਸਾਹਿਤ ਅਕਾਦਮੀ
ਆਈ. ਪੀ.-16, ਸੈਕਟਰ-14, ਪੰਚਕੂਲਾ (ਹਰਿਆਣਾ)
ਫ਼ੋਨ : 0172-2972071, 2577798
ਈ-ਮੇਲ : hpsaa55@gmail.com
ਵੈੱਬ-ਸਾਈਟ : haryanapunjabisahityaacademy.com

ਸੰਪਾਦਕ ਤੇ ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਦਾ ਲੇਖਕਾਂ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਇਹ ਉਨ੍ਹਾਂ ਦੇ ਨਿੱਜੀ ਵਿਚਾਰ ਹਨ। ਕਿਸੇ ਪ੍ਰਕਾਰ ਦੀ 'ਸ਼ਬਦ ਬੂੰਦ', ਅਕਾਦਮੀ ਡਾਇਰੈਕਟਰ ਜਾਂ ਅਕਾਦਮੀ ਸੰਬੰਧੀ ਕਾਨੂੰਨੀ ਕਾਰਵਾਈ ਸਿਰਫ ਪੰਚਕੂਲਾ ਦੀ ਅਦਾਲਤ ਵਿੱਚ ਹੀ ਹੋ ਸਕਦੀ ਹੈ।



# ਤਤਕਰਾ


| ਲੜੀ ਨੰ. | ਲੇਖਕ | ਰਚਨਾ | ਪੰਨਾ ਨੰ. |
|---|---|---|---|
| 1 | ਡਾ. ਨਾਇਬ ਸਿੰਘ ਮੰਡੇਰ | ਮਿੰਨੀ ਕਹਾਣੀ ਦੀ ਸਿਰਜਨਾ | 05 |
| 2 | ਨਿਰਮਲ ਸਿੰਘ ਗੰਗਾ | ਗੁਲਾਬ ਪੰਜਾਬੀ ਦਾ | 09 |
| 3 | ਸਤਿੰਦਰਪਾਲ ਸਿੰਘ ਬਾਵਾ | ਧੁੱਪਾਂ-ਛਾਂਵਾਂ : ਉੱਦਮ ਅਤੇ ਉਤਸ਼ਾਹ ਦਾ ਭਵਿੱਖਾਰਥੀ ਪ੍ਰਵਚਨ- ਡਾ. ਨਰਿੰਦਰ ਸਿੰਘ ਕਪੂਰ | 10 |
| 4 | ਪ੍ਰਿੰਸੀਪਲ ਬ੍ਰਿਜ ਭੂਸ਼ਣ ਸ਼ਰਮਾ | ਅਸੀਂ ਦੋਵੇਂ ਰੋਈਏ | 13 |
| 5 | ਰਵੀ ਤਨੇਜਾ | ਸ਼ੀਲਾ ਭਾਟੀਆ ਤੇ ਪੰਜਾਬੀ ਓਪੇਰਾ: ਇਕ ਸਫ਼ਰ | 14 |
| 6 | ਹਰਿੰਦਰਪਾਲ ਸਿੰਘ | ਭਗਤ ਸਿੰਘ ਸ਼ਹੀਦ | 18 |
| 7 | ਡਾ. ਤਿਲਕ ਰਾਜ | ਪਰਿਕਰਮਾ ਨਾਵਲ ਦੇ ਮੂਲ ਸਰੋਕਾਰ | 19 |
| 8 | ਡਾ. ਆਗਿਆ ਜੀਤ ਸਿੰਘ | ਗੁਰੂ ਨਾਨਕ ਦੇਵ ਜੀ ਦੀ ਬਾਣੀ ਦੇ ਸੰਦਰਭ ਵਿਚ ਮਾਨਸਿਕ ਸਿਹਤ ਦਾ ਸੰਕਲਪ | 22 |
| 9 | ਪ੍ਰੋ. ਨਵਸੰਗੀਤ ਸਿੰਘ | ਵਿੱਦਿਆ ਦੀ ਜੈਕਾਰ | 25 |
| 10 | ਹਰਪ੍ਰੀਤ ਸਿੰਘ ਰਾਣਾ (ਡਾ.) | ਪੰਜਾਬੀ ਮਿੰਨੀ ਕਹਾਣੀ: ਇੱਕ ਵਿਸ਼ਲੇਸ਼ਣ | 26 |
| 11 | ਅੰਜੂ ਅਮਨਦੀਪ ਗਰੋਵਰ | ਗ਼ਜ਼ਲ | 31 |
| 12 | ਡਾ. ਜਸਬੀਰ ਸਿੰਘ ਸਾਬਰ | ਗੁਰਮਤਿ ਸੰਗੀਤ ਦੇ ਪਰਿਪੇਖ ਵਿੱਚ ਬਾਣੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸੰਗੀਤ ਵਿਧਾਨ | 32 |
| 13 | ਅਰਵਿੰਦਰ ਕਾਕੜਾ (ਡਾ.) | ਮਾਨਵੀ ਅਨੁਭਵਾਂ ਦਾ ਸੰਵਾਦਕ ਕੈਨਵਸ ਸਿਰਜੀ ਸ਼ਾਇਰੀ: ਕਸ਼ੀਦ | 37 |
| 14 | ਗੁਰਬਾਜ ਸਿੰਘ | ਗਜ਼ਲ | 41 |
| 15 | ਸੋਨੂੰ ਰਾਣੀ | ਅਰਬ ਤੇ ਹੋਰ ਇਸਲਾਮਿਕ ਦੇਸ਼ਾਂ ਦੀ ਨਾਟ-ਪਰੰਪਰਾ | 42 |
| 16 | ਮਨਮੀਤ ਕੌਰ | ਰਘੁਬੀਰ ਢੰਡ ਦੀਆਂ ਕਹਾਣੀਆਂ ਦਾ ਵਿਚਾਰਧਾਰਾਈ ਅਧਿਐਨ | 46 |
| 17 | ਗੁਰਦੀਪ ਸਿੰਘ | ਲਾਲ ਸਿੰਘ ਦਿਲ ਦੀ ਕਵਿਤਾ ਵਿਚ ਰਾਜਸੀ ਅਵਚੇਤਨ ਦੀ ਪੇਸ਼ਕਾਰੀ | 50 |
| 18 | ਗੁਰਵਿੰਦਰ ਸਿੰਘ ਸੰਧੂ | ਮੌਸਮ, ਕੁਦਰਤ | 54 |
| 19 | ਗੁਰਦੀਪ ਸਿੰਘ ਬਾਵਾ | ਸੁਖਮਨੀ ਸਾਹਿਬ ਵਿੱਚ ਭਗਤੀ ਦਾ ਸੰਕਲਪ | 55 |
| 20 | ਜਸਵਿੰਦਰ ਸ਼ਾਇਰ 'ਪਪਰਾਲਾ' | ਗ਼ਜ਼ਲ | 58 |
| 21 | ਕੇਵਲਜੀਤ ਸਿੰਘ ਕੰਵਲ | ਧੂੰਏ ਦੀ ਲਕੀਰ | 58 |
| 22 | ਜਤਿੰਦਰ ਮੋਹਨ | ਹਰਿਆਣਾ ਦਾ ਨਾਇਕ- ਰਾਓ ਤੁਲਾ ਰਾਮ | 59 |
| 23 | ਚਰਨਜੀਤ ਕੌਰ | ਰੋਸ਼ਨੀਆਂ ਦੇ ਵਾਰਸ ਅਧਿਆਪਕ | 62 |
| 24 | ਚਰਨਜੀਤ ਸਿੰਘ ਕਤਰਾ | ਅਲੋਪ ਰਿਸ਼ਤਿਆਂ ਦੇ ਨਾਮ | 65 |
| 25 | ਰਾਜਵਿੰਦਰ ਕੌਰ | ਇੱਕੋ ਜਿਹੀਆਂ ਕਿਤਾਬਾਂ | 66 |
| 26 | ਦਲਜੀਤ ਰਾਏ ਕਾਲੀਆ | ਸੁਤੰਤਰਤਾ ਸੰਗਰਾਮ ਦਾ ਪਹਿਲਾ ਪੰਜਾਬੀ/ ਸਿੱਖ ਸ਼ਹੀਦ ਭਾਈ ਮਹਾਰਾਜ ਸਿੰਘ ਜੀ | 67 |
| 27 | ਡਾ. ਸੰਦੀਪ ਸਿੰਘ ਮੁੰਡੇ | ਆਪਣਾ-ਆਪਣਾ ਵਿਵਹਾਰ | 71 |
| 28 | ਦਵਿੰਦਰ ਸਿੰਘ ਗਿੱਲ | ਪਿਆਸਾ ਕਾਂ | 73 |
| 29 | ਪੰਕਜ ਸ਼ਰਮਾ | ਦੇਸ਼ ਦੀ ਰਾਖੀ | 73 |
| 30 | ਮਿੰਟੂ ਬਰਾੜ (ਅਸਟ੍ਰੇਲੀਆ) | ਸੰਪਾਦਕ ਦੇ ਨਾਂ ਪੱਤਰ | 74 |

# ਮਿੰਨੀ ਕਹਾਣੀ ਦੀ ਸਿਰਜਨਾ

ਡਾ. ਨਾਇਬ ਸਿੰਘ ਮੰਡੇਰ



ਸਾਹਿਤ ਅੰਦਰ ਵਸਤੂ ਤੇ ਰੂਪ ਦੀ ਦਵੰਦਾਤਮਕ ਸਮੁੱਚਤਾ ਹੁੰਦੀ ਹੈ। ਵਸਤੂ ਤੋਂ ਬਿਨਾਂ ਰੂਪ ਦੀ ਕੋਈ ਅਹਿਮੀਅਤ ਨਹੀਂ। ਇਉਂ ਵੀ ਕਿਹਾ ਜਾ ਸਕਦਾ ਹੈ ਕਿ ਸਾਹਿਤ ਇੱਕ ਅਜਿਹੀ ਕਲਾ ਹੈ ਜਿਸ ਦਾ ਸਮੁੱਚਾ ਪ੍ਰਭਾਵ ਵਿਸ਼ਾ ਵਸਤੂ ਅਤੇ ਰੂਪ ਦੀ ਸਮੁੱਚਤਾ ਵਿੱਚ ਹੀ ਵੇਖਿਆ ਜਾ ਸਕਦਾ ਹੈ। ਸਾਹਿਤ ਵਿੱਚ ਜਿੱਥੇ ਵਿਸ਼ੇ ਦੀ ਸ੍ਰੇਸ਼ਟਤਾ ਭਾਵ ਉੱਤਮ ਵਿਸ਼ਾ ਹੋਣਾ ਚਾਹੀਦਾ ਹੈ, ਉੱਥੇ ਰੂਪ ਭਾਵ ਸ਼ਬਦਾਂ ਦੀ ਕਲਾਤਮਕਤਾ ਦਾ ਹੋਣਾ ਵੀ ਲਾਜ਼ਮੀ ਹੁੰਦਾ ਹੈ। ਰੂਪ ਕਲਾ ਇੱਕ ਅਜਿਹਾ ਸਾਧਨ ਹੈ, ਜਿਸ ਰਾਹੀਂ ਲੇਖਕ ਮਾਨਵੀ ਅਨੁਭਵਾਂ ਨੂੰ ਕਲਾਤਮਿਕ ਪ੍ਰਗਟਾਵੇ ਵਿੱਚ ਰੂਪਾਂਤ੍ਰਿਤ ਕਰਦਾ ਹੈ। ਇਹ ਕਹਿਣਾ ਕੋਈ ਅਤਿਕਥਨੀ ਨਹੀਂ ਹੋਵੇਗਾ ਕਿ ਕਹਾਣੀ ਦਾ ਵਸਤੂ ਹੀ ਰੂਪ ਨੂੰ ਨਿਰਧਾਰਿਤ ਕਰਦਾ ਹੈ, ਇਸ ਲਈ ਇਹ ਕਹਿਣਾ ਵੀ ਉਚਿੱਤ ਹੋਵੇਗਾ ਕਿ ਵਸਤੂ ਨੂੰ ਰੂਪ ਅਤੇ ਰੂਪ ਨੂੰ ਵਸਤੂ ਦੇ ਪ੍ਰਸੰਗ ਵਿੱਚ ਰੱਖ ਕੇ ਹੀ ਕਿਸੇ ਸਾਰਥਿਕ ਗੱਲ ਨੂੰ ਕਲਾਤਮਕਤਾ ਰਾਹੀਂ ਅਭਿਵਿਅਕਤ ਕੀਤਾ ਜਾ ਸਕਦਾ ਹੈ।

ਮਿੰਨੀ ਕਹਾਣੀ ਦਾ ਰੂਪ ਉਸਦੀ ਸੰਰਚਨਾ ਹੁੰਦੀ ਹੈ ਜਿਸ ਵਿੱਚ ਕਈ ਪ੍ਰਕਾਰ ਦੇ ਤੱਤਾਂ ਨੂੰ ਸ਼ਾਮਿਲ ਕੀਤਾ ਜਾਂਦਾ ਹੈ। ਮਿੰਨੀ ਕਹਾਣੀ ਦੇ ਮੂਲ ਤੱਤਾਂ ਅਤੇ ਭਾਸ਼ਾਈ ਜੁਗਤਾਂ ਵਿੱਚ ਆਕਾਰ ਦੀ ਸੀਮਾ, ਭਾਸ਼ਾ ਸ਼ੈਲੀ, ਪਰ ਕਥਨ ਸ਼ੈਲੀ, ਸੰਵਾਦ ਸ਼ੈਲੀ, ਪ੍ਰਤੀਕਾਤਮਿਕ ਸ਼ੈਲੀ, ਆਤਮ ਕਥਨ ਸ਼ੈਲੀ, ਮਿਥਕੀ ਸ਼ੈਲੀ ਤੇ ਫੈਂਟੇਸੀ ਸ਼ੈਲੀ ਆਦਿ ਸ਼ਾਮਿਲ ਹਨ।

ਇਹਨਾਂ ਸ਼ੈਲੀਗਤ ਜੁਗਤਾਂ ਤੋਂ ਇਲਾਵਾ ਮਿੰਨੀ ਕਹਾਣੀ ਵਿੱਚ ਭਾਸ਼ਾ ਦੀ ਵਿਅੰਜਨਾਤਮਕਤਾ ਤੇ ਲਕਸ਼ਨਾਤਮਕਤਾ, ਸੀਮਿਤ ਪਾਤਰਾਂ ਦੀ ਸੂਖ਼ਮ ਢੰਗ ਨਾਲ ਪਾਤਰ ਉਸਾਰੀ ਸਿਰਲੇਖ ਦਾ ਸਾਰ-ਗਰਭਿਤ ਤੇ ਪ੍ਰਤੀਕਾਤਮਕ ਹੋਣਾ, ਵਿਸ਼ੇ ਦਾ ਉਸਦੀ ਵਿਸ਼ਾਗਤ ਤੇ ਰੂਪਗਤ ਸਮਗਰਤਾ ਵਿੱਚ ਸਾਕਾਰ ਹੋਣਾ ਵੀ ਸ਼ਾਮਿਲ ਹੁੰਦਾ ਹੈ।

ਮਿੰਨੀ ਕਹਾਣੀ ਦੀ ਸਿਰਜਣਾ ਵਿੱਚ ਜਿੱਥੇ ਵੰਨ-ਸੁਵੰਨੇ ਵਿਸ਼ਿਆਂ ਦੀ ਅਹਿਮੀਅਤ ਹੈ ਉੱਥੇ ਹੀ ਇਸ ਦੀ ਰਚਨਾ ਪ੍ਰਕਿਰਿਆ ਵਿੱਚ ਸ਼ਿਲਪ ਦਾ ਵਿਸ਼ੇਸ਼ ਮਹੱਤਵ ਹੁੰਦਾ ਹੈ। ਮਿੰਨੀ ਕਹਾਣੀ ਦੇ ਲਈ ਸ਼ਿਲਪ ਦੇ ਮਹੱਤਵ ਨੂੰ ਸਮਝਣ ਲਈ ਉਪਰੋਕਤ ਕਲਾ ਜੁਗਤਾਂ ਦੇ ਆਧਾਰ ’ਤੇ ਹੀ ਕੁੱਝ ਚਰਚਿਤ ਮਿੰਨੀ ਕਹਾਣੀਆਂ ਦੀ ਪੜਚੋਲ ਕਰਦੇ ਹਾਂ, ਪੰਜਾਬੀ ਮਿੰਨੀ ਕਹਾਣੀ ਦਾ ਰੂਪਗਤ ਪਰਿਪੇਖ ਅਨੇਕ ਵਿਵਿਧਤਾਵਾਂ ਸਮੇਤ ਉਜਾਗਰ ਹੁੰਦਾ ਹੈ। ਇਹ ਵਿਭਿੰਨਤਾ ਅਨੇਕਾਂ ਪੱਧਰਾਂ ’ਤੇ ਅਨੇਕਾਂ ਪਾਸਾਰਾਂ ਵਿੱਚ ਅਭਿਵਿਅਕਤ ਹੋਈ ਹੈ।

ਪੰਜਾਬੀ ਮਿੰਨੀ ਕਹਾਣੀ ਵਿੱਚ ਜਿੱਥੇ ਵਿਅੰਗਾਤਮਕ ਮਿੰਨੀ ਕਹਾਣੀਆਂ ਦੀ ਰਚਨਾ ਹੋਈ ਹੈ, ਉੱਥੇ ਸਾਕਾਰਾਤਮਕ ਨਜ਼ਰੀਏ ਤੋਂ ਵੀ ਕਹਾਣੀਆਂ ਲਿਖੀਆਂ ਗਈਆਂ ਹਨ, ਜਿਨ੍ਹਾਂ ਵਿੱਚ ਡਾ. ਸ਼ਿਆਮ ਸੁੰਦਰ ਦੀਪਤੀ ਦੀ ਮਿੰਨੀ ਕਹਾਣੀ ‘ਸੰਬੰਧ’ ਅਤੇ ‘ਦੂਜਾ ਕਿਨਾਰਾ’ ਵਿਸ਼ੇ ਪੱਖ ਅਤੇ ਕਲਾ ਪੱਖ ਤੋਂ ਸਫਲ ਮਿੰਨੀ ਕਹਾਣੀ ਹੈ। ਜਿਸ ਵਿੱਚ ਬਿਰਤਾਂਤਕ ਤੇ ਵਾਰਤਾਲਾਪੀ ਸ਼ੈਲੀ ਦਾ ਸੁਮੇਲ ਹੈ।

ਸ਼ਿਆਮ ਸੁੰਦਰ ਅਗਰਵਾਲ ਦੀ ਮਿੰਨੀ ਕਹਾਣੀ ‘ਸੰਤੂ’ ਬਿਰਤਾਂਤਕ ਤੇ ਵਾਰਤਾਲਾਪੀ ਸ਼ੈਲੀ ਵਿੱਚ ਵਿਕਾਸ ਕਰਦੀ ਹੈ। ਕਹਾਣੀ ਦਾ ਸਿਰਲੇਖ ਮੁੱਖ ਕਿਰਦਾਰ ’ਤੇ ਆਧਾਰਿਤ ਹੈ, ਕਹਾਣੀ ਦਾ ਆਰੰਭ, ਮੱਧ ਤੇ ਅੰਤ ਬੱਝਵਾਂ ਪ੍ਰਭਾਵਸ਼ਾਲੀ ਹੈ। ਇਸ ਲਈ ਕਹਾਣੀ ਸਫਲ ਹੈ।

ਹਰਭਜਨ ਸਿੰਘ ਖੇਮਕਰਨੀ ਦੀ ਮਿੰਨੀ ਕਹਾਣੀ ‘ਵਰਦੀ’ ਵਿੱਚ ਅਜੋਕੀ ਰਾਜਨੀਤੀ ਦੇ ਸਟੰਟ ਤੇ ਵਿਅੰਗ, ਕਟਾਖਸ਼ ਕੀਤਾ ਗਿਆ ਹੈ ਕਿ ਕਿਸ ਤਰ੍ਹਾਂ ਆਪਣੀ ਚੌਧਰ ਨੂੰ ਕਾਇਮ ਰੱਖਣ ਲਈ ਸਰਪੰਚ ਸੂਬੇਦਾਰ ਨਿਸ਼ਾਨ ਸਿੰਘ ਨੂੰ ਗਲੀ ਵਿੱਚ ਵਰਦੀ ਨਾ ਪਾ ਕੇ ਆਉਣ ਤੋਂ ਰੋਕ ਦਿੰਦਾ ਹੈ। ਕਿਉਂਕਿ ਸਰਪੰਚ ਦਾ ਮੁੰਡਾ ਫ਼ੌਜੀ ਅਸੂਲਾਂ ਮੁਤਾਬਿਕ ਆਪਣੇ ਤੋਂ ਸੀਨੀਅਰ ਅਫ਼ਸਰ ਨੂੰ ਸਲੂਟ ਮਾਰਦਾ ਹੈ, ਜੋ ਸਰਪੰਚ ਨੂੰ ਆਪਣੀ ਚੌਧਰ ਦੇ ਖ਼ਿਲਾਫ਼ ਲਗਦਾ ਹੈ। ਕਹਾਣੀ ਦਾ ਨਾਂ ਤੇ ਅੰਤ ਠੀਕ ਹੈ। ਇਸੇ ਤਰ੍ਹਾਂ ਹੀ ਉਹਨਾਂ ਦੀ ਮਿੰਨੀ ਕਹਾਣੀ ‘ਛਾਂਗਿਆ ਰੁੱਖ’ ਅਜੋਕੇ ਪਦਾਰਥਵਾਦੀ ਯੁੱਗ ਵਿੱਚ ਧੀਆਂ-ਪੁੱਤਰਾਂ ਵੱਲੋਂ ਲਾਲਚ ਵੱਸ ਪੈਸੇ ਨੂੰ ਤਰਜੀਹ,

ਰਿਸ਼ਤੇ-ਨਾਤਿਆਂ ਨੂੰ ਤਿਲਾਂਜਲੀ ਦੇਣ ਤੇ ਤਿੱਖਾ ਵਿਅੰਗ ਪੇਸ਼ ਕਰਦੀ ਮਿੰਨੀ ਕਹਾਣੀ ਹੈ।

ਬਿਕਰਮਜੀਤ ਨੂਰ ਦੀ ਮਿੰਨੀ ਕਹਾਣੀ 'ਵੁੱਕਤ' ਬਿਰਤਾਂਤਕ ਬਣਤਰ ਵਾਲੀ ਮਿੰਨੀ ਕਹਾਣੀ ਹੈ। ਕਹਾਣੀ ਵਿੱਚ ਪ੍ਰਤੀਕਾਂ, ਬਿੰਬਾਂ ਦੀ ਵਰਤੋਂ ਨਾਲ ਕਹਾਣੀ ਵਿੱਚ ਸੰਖੇਪਤਾ ਸਰਲਤਾ ਤੇ ਸਪਸ਼ਟਤਾ ਹੋਣ ਕਰਕੇ ਕਹਾਣੀ ਸਫ਼ਲ ਹੈ ਤੇ ਸਿਰਲੇਖ ਢੁਕਵਾਂ ਹੈ।

ਕਰਮਵੀਰ ਸਿੰਘ ਦੀ ਮਿੰਨੀ ਕਹਾਣੀ 'ਸਵੈਟਰ' ਅਨਯ ਪੁਰਖੀ ਬਿਰਤਾਂਤ ਵਿੱਚ ਲਿਖੀ ਗਈ ਹੈ, ਸਿਰਲੇਖ ਲੁਕਵਾਂ ਹੈ, ਜਿਸਦਾ ਰਹੱਸ ਅੰਤ ਤੱਕ ਬਣਿਆ ਰਹਿੰਦਾ ਹੈ। ਕਹਾਣੀ ਅੰਤ 'ਤੇ ਸੱਚ ਦਾ ਵਿਸਫੋਟ ਕਰਦੀ ਹੈ।

ਬਲਵੀਰ ਪਰਵਾਨਾ ਦੀ ਮਿੰਨੀ ਕਹਾਣੀ 'ਜ਼ਮੀਨ ਤੇ ਜਵਾਨੀ' ਸੰਖੇਪਤਾ, ਸੰਜਮਤਾ ਤੇ ਕਲਾਤਮਕਤਾ ਰਾਹੀਂ ਜ਼ਮੀਨ ਤੇ ਜਵਾਨੀ ਨੂੰ ਦੋ ਵਿਰੋਧੀ ਬਿੰਦੂ ਮੰਨ ਕੇ ਜਾਗੀਰੂ ਸਮਾਜ ਦੀਆਂ ਤਹਿਆਂ ਦਾ ਵਿਸ਼ਲੇਸ਼ਣ ਕਰਦੀ ਹੈ। ਜ਼ਮੀਨ ਜਾਗੀਰੂ ਹੈਂਕੜ ਤੇ ਦਿਖਾਵੇ ਦਾ ਪ੍ਰਤੀਕ ਹੈ ਤੇ ਜਵਾਨੀ ਜਮਾਂਦਰੂ ਇੱਛਾਵਾਂ ਦਾ ਪ੍ਰਤੀਕ ਹੈ, ਇਸ ਲਈ ਸਿਰਲੇਖ ਪ੍ਰਤੀਕਾਤਮਕ ਹੈ।

ਸੁਰਿੰਦਰ ਕੈਲੇ ਦੀ ਮਿੰਨੀ ਕਹਾਣੀ 'ਰੱਜਵੀਂ ਰੋਟੀ' ਵਾਰਤਾਲਾਪੀ ਸ਼ੈਲੀ ਵਿੱਚ ਲਿਖੀ ਗਈ ਵਧੀਆ ਕਹਾਣੀ ਹੈ, ਜਿਸ ਵਿੱਚ ਗ਼ਰੀਬੀ ਦੀ ਹਾਲਤ ਵਿੱਚ ਅਨਜੋੜ ਵਿਆਹ ਤੱਕ ਦੀ ਨੌਬਤ ਨੂੰ ਸਵੀਕਾਰਨਾ ਪੈਂਦਾ ਹੈ। ਕਹਾਣੀ ਦਾ ਸਿਰਲੇਖ ਢੁਕਵਾਂ ਹੈ ਅੰਤ ਤੱਕ ਰਹੱਸ ਬਣਿਆ ਰਹਿੰਦਾ ਹੈ।

ਦਰਸ਼ਨ ਜੋਗਾ ਦੀ ਮਿੰਨੀ ਕਹਾਣੀ 'ਕਾਲੀ ਲਕੀਰ' ਦਾ ਸਿਰਲੇਖ ਸੰਕੇਤਕ ਹੋਣ ਦੇ ਨਾਲ-ਨਾਲ ਬਹੁਆਰਥਕਤਾ ਵਾਲਾ ਹੈ। ਜਿਸ ਵਿੱਚ ਕਿਸਾਨੀ ਦੀ ਆਰਥਿਕ ਮੰਦਹਾਲੀ ਨੂੰ ਬੱਝਵੇਂ ਰੂਪ 'ਚ ਪੇਸ਼ ਕੀਤਾ ਗਿਆ। ਕਹਾਣੀ ਪ੍ਰਤੀਕਾਤਮਕ ਹੈ ਜਿਸਦਾ ਆਰੰਭ ਤੇ ਅੰਤ ਪ੍ਰਭਾਵਸ਼ਾਲੀ ਹੈ।

ਧਰਮਪਾਲ ਸਾਹਿਲ ਦੀ ਮਿੰਨੀ ਕਹਾਣੀ 'ਜ਼ਿੰਦਗੀ ਤੇ ਨਾਟਕ' ਗ਼ਰੀਬੀ ਦੇ ਮਨੋਵਿਗਿਆਨ ਨੂੰ ਬੜੇ ਹੀ ਸੰਖੇਪਤਾ, ਤੀਖਣਤਾ ਰਾਹੀਂ ਪੇਸ਼ ਕੀਤਾ ਗਿਆ ਹੈ। ਅਨਯਪੁਰਖੀ ਮਿੰਨੀ ਕਹਾਣੀ ਹੋਣ ਦੇ ਨਾਲ-ਨਾਲ ਵਾਰਤਾਲਾਪੀ ਸ਼ੈਲੀ ਦੀ ਵਰਤੋਂ ਕੀਤੀ ਗਈ ਹੈ।

ਤ੍ਰਿਪਤ ਸਿੰਘ ਭੱਟੀ ਦੀ ਕਹਾਣੀ 'ਤੇੜਾਂ ਹੀ ਤੇੜਾਂ' ਸਿਰਲੇਖ ਢੁਕਵਾਂ ਤੇ ਅੰਤ ਪ੍ਰਭਾਵਸ਼ਾਲੀ ਹੈ। ਇਹਨਾਂ ਦੀ ਮਿੰਨੀ ਕਹਾਣੀ 'ਚੋਗ਼ਾ' ਬਿਰਤਾਂਤਕ ਸ਼ੈਲੀ ਵਿੱਚ ਮਾਂ ਦੇ ਵੱਡੇ ਰੁਤਬੇ ਨੂੰ ਵਿਸ਼ਵੀ ਸਰੋਕਾਰਾਂ ਨੂੰ ਪੇਸ਼ ਕਰਦੀ ਸ਼ਾਨਦਾਰ ਮਿੰਨੀ ਕਹਾਣੀ ਹੈ। ਗੁੰਦਵੇਂ ਸ਼ਬਦ, ਕਹਾਣੀ ਰਸ ਨਾਲ ਓਤ-ਪੋਤ ਇੱਕ ਔਰਤ ਮਰਦ ਦੇ ਬਾਈਲੋਜੀਕਲ ਤੌਰ 'ਤੇ ਸਰੀਰਕ ਕਮਜ਼ੋਰੀ ਦੀ ਥਾਂ ਹਿੰਮਤ ਰੂਪੀ ਕਾਰਜ ਨੂੰ ਮਾਂ ਦੀ ਬੱਚਿਆਂ ਪ੍ਰਤੀ ਵੱਡੀ ਜ਼ਿੰਮੇਵਾਰੀ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤਾ ਹੈ। ਕਹਾਣੀ ਦਾ ਅੰਤ ਬਹੁਤ ਹੀ ਪ੍ਰਭਾਵਸ਼ਾਲੀ ਅਤੇ ਸਿਰਲੇਖ ਪ੍ਰਤੀਕਾਤਮਿਕ ਹੈ।

ਡਾ. ਗੁਰਵਿੰਦਰ ਦੀ ਮਿੰਨੀ ਕਹਾਣੀ 'ਧਰਮੀ ਯਾਰ' ਵਾਰਤਾਲਾਪੀ ਭਾਵ ਨਾਟਕੀ ਸ਼ੈਲੀ ਵਿੱਚ ਲਿਖੀ ਗਈ ਹੈ, ਜਿਸ ਦਾ ਸਿਰਲੇਖ ਠੀਕ ਤੇ ਅੰਤ ਪ੍ਰਭਾਵਸ਼ਾਲੀ ਹੈ। ਪੰਜਾਬੀ ਮਿੰਨੀ ਕਹਾਣੀ ਵਿੱਚ ਜਿੱਥੇ ਬਿਰਤਾਂਤਕ ਤੇ ਵਾਰਤਾਲਾਪੀ ਸ਼ੈਲੀ ਦੀ ਵਰਤੋਂ ਕੀਤੀ ਜਾਂਦੀ ਹੈ, ਉੱਥੇ ਮਿੱਥਕੀ ਸ਼ੈਲੀ ਨੂੰ ਵੀ ਨਵੇਂ ਪ੍ਰਸੰਗ ਵਿੱਚ ਪੇਸ਼ ਕਰਕੇ ਮਿੰਨੀ ਕਹਾਣੀ ਵਿਧਾ ਨੂੰ ਭਰਪੂਰ ਕੀਤਾ ਹੈ।

ਸਤਿਪਾਲ ਖੁੱਲਰ ਦੀ ਮਿੰਨੀ ਕਹਾਣੀ 'ਵੰਡ' ਦਾ ਵਿਸ਼ਾ ਵਧੀਆ ਹੋਣ ਦੇ ਬਾਵਜੂਦ ਕਹਾਣੀ ਵਿਸ਼ੇ ਦੇ ਨਿਭਾਅ ਵਿੱਚ ਅਸਪਸ਼ਟ ਹੈ। ਬੱਚੇ ਦੇ ਗਲੀ ਵਿੱਚ ਲੜਨ ਦਾ 'ਕੰਧ ਨਾਂ ਕਰੀ' ਦੇ ਸੰਕਲਪ ਨਾਲ ਕੋਈ ਵਿਰੋਧ ਨਹੀਂ ਬਣਦਾ। ਕਿਉਂਕਿ ਬੱਚਾ ਤਾਂ ਦੋਵਾਂ ਥਾਵਾਂ 'ਤੇ ਹੀ ਲੜਦਾ ਹੈ, ਗਲੀ ਵਿੱਚ ਵੀ ਤੇ ਘਰ ਵਿੱਚ ਵੀ। ਸੁਰਿੰਦਰ ਮਕਸੂਦਪੁਰੀ ਦੀ ਕਹਾਣੀ 'ਸਾਡਾ ਰੱਬ' ਦਾ ਸਿਰਲੇਖ 'ਸਾਡਾ ਰੱਬ' ਕਹਾਣੀ ਦੀ ਕੇਂਦਰੀ ਸੁਰ ਦਾ ਪ੍ਰਤੀਬਿੰਬ ਦੇ ਰੂਪ 'ਚ ਪ੍ਰਗਟਾਵਾ ਕਰਦਾ ਹੈ।

ਮੋਹਨ ਸ਼ਰਮਾ ਦੀ ਮਿੰਨੀ ਕਹਾਣੀ 'ਰੌਣਕ' ਬਿਰਤਾਂਤਕ ਬਣਤਰ ਦੀ ਸਫ਼ਲ ਮਿੰਨੀ ਕਹਾਣੀ ਹੈ, ਜਿਸ ਵਿੱਚ ਬੇਗਾਨਗੀ ਦਾ ਮਾਨਸਿਕ ਦਵੰਦ ਬੜੀ ਸੂਖ਼ਮ ਦ੍ਰਿਸ਼ਟੀ ਨਾਲ ਪੇਸ਼ ਕੀਤਾ ਗਿਆ ਹੈ। ਸਿਰਲੇਖ ਢੁਕਵਾਂ ਤੇ ਅੰਤ ਨਾਟਕੀ ਤੇ ਪ੍ਰਭਾਵਸ਼ਾਲੀ ਹੈ।

ਨਿਰੰਜਣ ਬੋਹਾ ਦੀ ਮਿੰਨੀ ਕਹਾਣੀ 'ਸ਼ੀਸ਼ਾ' ਉੱਤਮ ਪੁਰਖੀ ਮਿੰਨੀ ਕਹਾਣੀ ਹੈ, ਜਿਸ ਵਿੱਚ ਫੋਕੀ ਸ਼ੋਹਰਤ ਤੇ ਅਮਾਨਵੀ ਵਰਤਾਰੇ ਨੂੰ ਵਿਅੰਗਾਤਮਿਕ ਨਜ਼ਰੀਏ ਤੋਂ ਪੇਸ਼

ਕੀਤਾ ਗਿਆ ਹੈ, ਕਹਾਣੀ ਦਾ ਅੰਤ ਪ੍ਰਭਾਵਸ਼ਾਲੀ ਤੇ ਸਿਰਲੇਖ ਢੁਕਵਾਂ ਹੈ।

ਹਰਪ੍ਰੀਤ ਸਿੰਘ ਰਾਣਾ ਦੀ 'ਸੰਸਕਾਰ' ਮਿੰਨੀ ਕਹਾਣੀ ਪਤੀ-ਪਤਨੀ ਦੇ ਆਪਸੀ ਵਾਰਤਾਲਾਪ ਰਾਹੀਂ ਪਹਿਲੇ ਨੁਕਤੇ ਨੂੰ ਪਰਿਭਾਸ਼ਿਤ ਕਰਦੀ ਹੈ ਤੇ ਬੇਟਾ-ਬੇਟੀ ਦੇ ਆਪਸੀ ਵਾਰਤਾਲਾਪ ਰਾਹੀਂ ਦੂਜੇ ਨੁਕਤੇ ਨੂੰ ਪਰਿਭਾਸ਼ਿਤ ਕਰਦੀ ਹੋਈ ਸਮਾਪਤ ਹੁੰਦੀ ਹੈ, ਵਿਧੀ ਵਿਅੰਗਾਤਮਿਕ ਹੈ।

ਜਸਬੀਰ ਢੰਡ ਦੀ 'ਆਪਣੇ-ਆਪਣੇ ਹਿੱਤ' ਮਿੰਨੀ ਕਹਾਣੀ ਦਾ ਧਰਾਤਲ ਮਨੋਵਿਗਿਆਨਕ ਹੈ । ਮਨ ਦੀਆਂ ਅਨੇਕ ਪਰਤਾਂ ਦੀ ਖ਼ੂਬਸੂਰਤ ਪੇਸ਼ਕਾਰੀ ਹੋਈ ਹੈ । ਕਹਾਣੀ ਸਪੱਸ਼ਟ ਕਰਦੀ ਹੈ ਕਿ ਇਹ ਮਨ ਹੀ ਹੈ ਜੋ ਕਿਸੇ ਦੇ ਦੁੱਖ ਵਿਚੋਂ ਵੀ ਆਪਣੇ ਸੁੱਖ ਦੇ ਰਾਹ ਤਲਾਸ਼ਦਾ ਹੈ ।

ਜਗਦੀਸ਼ ਰਾਏ ਕੂਲਰੀਆਂ ਦੀ 'ਕਸ਼ਮਕਸ਼' ਤਕਨੀਕ ਦੀ ਪੱਧਰ 'ਤੇ ਕਹਾਣੀ ਮਨੋਵਿਗਿਆਨਕ ਧਰਾਤਲ 'ਤੇ ਵਿਚਰਦੀ ਹੋਈ ਆਧੁਨਿਕ ਮਨੁੱਖ ਦੀ ਰੂਪਾਂਤਰਿਤ ਸੋਚ ਦੇ ਅੰਤਰਦੰਵਦਾਂ ਨੂੰ ਉਜਾਗਰ ਕਰਦੀ ਹੈ।

ਡਾ. ਨਾਇਬ ਸਿੰਘ ਮੰਡੇਰ ਦੀ 'ਵੰਡ' ਸ਼ਿਲਪ ਦੀ ਪੱਧਰ 'ਤੇ ਕਹਾਣੀ ਕਿਰਿਆ-ਪ੍ਰਤੀਕਿਰਿਆ ਦੇ ਤਾਰਕਿਕ ਪ੍ਰਬੰਧ ਰਾਹੀਂ ਵਿਕਾਸ ਕਰਦੀ ਹੈ। ਕਹਾਣੀ ਬਿਨਾਂ ਕੋਈ ਭੂਮਿਕਾ ਬੰਨ੍ਹੇ ਜਾਂ ਪਾਤਰ-ਉਸਾਰੀ ਕਰਨ ਦੇ ਸਿੱਧਾ ਹੀ ਸੰਕਟ ਨਾਲ ਤੁਆਰਫ਼ ਕਰਾਉਂਦੀ ਹੈ। ਸੰਕਟ ਦੇ ਆਰੰਭਿਕ ਪਰਿਚੈ ਤੋਂ ਬਾਅਦ ਸੋਹਣ ਤੇ ਨਿਰਮਲਾ ਦੇ ਆਪਸੀ ਸੰਵਾਦ ਰਾਹੀਂ ਇਸ ਦੇ ਵਿਭਿੰਨ ਪਾਸਾਰ ਸਾਹਮਣੇ ਆਉਂਦੇ ਹਨ ਤੇ ਮਾਂ ਦੇ ਅੰਤਿਮ ਫ਼ੈਸਲੇ ਨਾਲ ਕਹਾਣੀ ਸਿਖਰ 'ਤੇ ਪਹੁੰਚ ਕੇ ਆਪਣੇ 'ਮਰਮ' ਨੂੰ ਪ੍ਰਾਪਤ ਕਰ ਲੈਂਦੀ ਹੈ।

ਸੀਮਾ ਵਰਮਾ ਦੀ ਮਿੰਨੀ ਕਹਾਣੀ 'ਤਿਰੰਗਾ ਪਲਾਓ' ਪ੍ਰਤੀਕਾਤਮਿਕ ਸਿਰਲੇਖ ਨੂੰ ਸਾਰਥਿਕ ਬਣਾਉਂਦਿਆਂ ਸੰਵਾਦ ਸ਼ੈਲੀ ਵਿੱਚ ਰਵਾਨਗੀ ਬਹੁਤ ਕਮਾਲ ਦੀ ਹੈ। ਨੂੰਹ ਵੱਲੋਂ ਸੱਸ-ਸਹੁਰੇ ਦੇ ਖਾਣ ਲਈ ਭੋਜਨ ਭੇਜਣ ਤੇ ਅਗੰਮੀ ਖ਼ੁਸ਼ੀ ਦਾ ਜਲਾਓ ਆਪ ਮੁਹਾਰੇ ਫੁੱਟਦਾ ਹੈ। ਸਹੁਰੇ ਵੱਲੋਂ ਨਾਂ ਨੁੱਕਰ ਕਰਨ ਦੇ ਬਾਵਜੂਦ ਖਾਣਾ ਖਾਣ ਲਈ ਪਲੇਟ ਫੜਨ ਮੌਕੇ ਤਿਰੰਗੇ ਪਲਾਉ ਦਾ ਸ਼ਾਬਦਿਕ ਤਾਂਡਵ ਨਾਚ ਮਿੰਨੀ ਕਹਾਣੀ ਨੂੰ ਕਲਾਈਮੈਕਸ ਪ੍ਰਦਾਨ ਕਰਦਾ ਹੈ।

ਦਰਸ਼ਨ ਸਿੰਘ ਬਰੇਟਾ ਦੀ ਮਿੰਨੀ ਕਹਾਣੀ 'ਪ੍ਰਤੀਬਿੰਬ' ਪ੍ਰਤੀਕਾਤਮਿਕ ਸਿਰਲੇਖ ਨੂੰ ਨਿਭਾਉਂਦੀ ਬਿਰਤਾਂਤਿਕ ਅਤੇ ਸੰਵਾਦਾਤਿਮਕ ਸ਼ੈਲੀ ਵਿੱਚ ਰਚੀ ਬਹੁਤ ਸ਼ਾਨਦਾਰ ਰਵਾਨੀ ਵਾਲੀ ਮਿੰਨੀ ਕਹਾਣੀ ਹੈ। ਇਸ ਮਿੰਨੀ ਕਹਾਣੀ ਵਿੱਚ ਮਨਜੀਤ ਸਕੂਲ ਤੋਂ ਹਟਣ ਦੀ ਮਾਨਸਿਕ ਉਲਝਣ ਭਰੀ ਮਨੋਸਥਿਤੀ ਦੀ ਪੇਸ਼ਕਾਰੀ ਉਸਦੀ ਪੋਤੀ ਦੇ ਸਕੂਲ ਨਾ ਜਾਣ ਅਤੇ ਮਨਜੀਤ ਵੱਲੋਂ ਪ੍ਰੇਰ ਕੇ ਸਕੂਲ ਵੈਨ ਵਿੱਚ ਬਿਠਾਉਣਾ ਆਪਣੇ ਆਪ ਨੂੰ ਬੈਠਿਆ ਮਹਿਸੂਸ ਕਰਨਾ ਆਤਮਿਕ ਸੰਤੁਸ਼ਟੀ ਦਾ ਇਜ਼ਹਾਰ ਮਿੰਨੀ ਕਹਾਣੀ ਦੀ ਸਫਲਤਾ ਦਾ ਲਖਾਇਕ ਬਣਿਆ ਹੈ।

ਮੰਗਤ ਕੁਲਜਿੰਦਰ ਦੀ ਮਿੰਨੀ ਕਹਾਣੀ 'ਇੱਕ ਹੋਰ ਸੋਨੂੰ' ਵਿੱਚ ਡਾਕਟਰੀ ਪੇਸ਼ੇ ਦੀਆਂ ਸੁਹਿਰਦ ਜ਼ਿੰਮੇਵਾਰੀਆਂ ਨੂੰ ਸੰਵਾਦ ਸ਼ੈਲੀ ਰਾਹੀਂ ਸੰਜਮਤਾ ਅਤੇ ਤੀਖਣਤਾ ਦੇ ਤੱਤਾਂ ਰਾਹੀਂ ਕਹਾਣੀ ਦੇ ਕਲਾਈਮੈਕਸ ਨੂੰ ਪ੍ਰਾਪਤ ਕਰਦੀ ਪ੍ਰਭਾਵਸ਼ਾਲੀ ਅੰਤ ਵਾਲੀ ਮਿੰਨੀ ਕਹਾਣੀ ਹੈ।

ਪ੍ਰਦੀਪ ਮਹਿਤਾ ਦੀ ਮਿੰਨੀ ਕਹਾਣੀ 'ਆਪਾਂ ਕੀ ਲੈਣੈ' ਨਾਟਕੀ ਤੱਤ ਦੇ ਤਹਿਤ ਰਚੀ ਅਨਯਪੁਰਖੀ ਸੰਵਾਦ ਰਚਾਉਂਦੀ ਅਧਿਆਪਕ ਦੀ ਵਿਸ਼ੇਸ਼ ਜ਼ਿੰਮੇਵਾਰੀ ਦਾ ਪ੍ਰਗਟਾਓ ਭਾਰਤੀ ਮੈਡਮ ਵੱਲੋਂ ਮਿਲੀ ਸਿੱਖਿਆ ਦਾ ਮਨੋਵਿਗਿਆਨਿਕ ਪ੍ਰਭਾਵ ਪੇਸ਼ ਕਰਦੀ ਹੈ।

ਸੁਖਦੇਵ ਸਿੰਘ ਸ਼ਾਂਤ ਦੀ ਮਿੰਨੀ ਕਹਾਣੀ 'ਚਿੰਤਾ' ਬਿਰਤਾਂਤਿਕ ਅਤੇ ਨਾਟਕੀ ਸ਼ੈਲੀ ਨਾਲ ਭਰਪੂਰ ਮਿੰਨੀ ਕਹਾਣੀ ਹੈ। ਜਿਸ ਵਿੱਚ ਆਮ ਬੰਦਾ ਰੇਸ਼ਮ ਸਿੰਘ ਆਪਣੇ ਪੁੱਤਰ ਨੂੰ ਗਣਿਤ(ਮੈਥ) ਪੜ੍ਹਾਉਣ ਦੀ ਰੁਚੀ ਰੱਖਦਾ ਹੈ। ਜਦ ਕਿ ਅਧਿਆਪਕਾਂ ਦਾ ਕੰਨ੍ਹੀ ਕਤਰਾਉਣਾ ਸਿੱਖਿਆ ਢਾਂਚੇ 'ਤੇ ਸਵਾਲ ਖੜ੍ਹੇ ਕਰਦਾ ਹੈ।

ਬੂਟਾ ਖ਼ਾਨ ਦੀ ਮਿੰਨੀ ਕਹਾਣੀ 'ਤੋਤੇ' ਵਾਰਤਾਲਾਪੀ ਅਤੇ ਬਿਰਤਾਂਤਿਕ ਸ਼ੈਲੀ ਵਾਲੀ ਤਿੰਨ ਧਿਰਾਂ ਨੂੰ ਮੁਖ਼ਾਤਬ ਮਿੰਨੀ ਕਹਾਣੀ ਹੈ। ਜਿਸ ਵਿੱਚ ਕੁੜੀ ਦਾ ਆਪਣੀ ਚੰਗੀ ਪੜ੍ਹਾਈ ਦੇ ਲਈ ਮਿਹਨਤ ਕਰਨਾ ਆਮ ਵਿਅਕਤੀ ਦਾ ਕਾਰਜ ਵਿੱਚ ਰੋੜਾ ਅਟਕਾਉਣਾ ਅਤੇ ਸੂਝਵਾਨ ਵਿਅਕਤੀ ਵੱਲੋਂ ਤੋਤਿਆਂ ਦੀ ਖ਼ਰੀਦਦਾਰੀ ਕਰਕੇ ਮਦਦ ਕਰਨਾ ਨਜ਼ਰ ਤੇ ਨਜ਼ਰ ਨੂੰ ਪੇਸ਼ ਕਰਦਾ ਹੈ। ਮਿੰਨੀ ਕਹਾਣੀ ਦਾ ਆਰੰਭ, ਮੱਧ ਅਤੇ ਅੰਤ ਬਹੁਤ ਹੀ ਗੁੰਦਵਾਂ ਅਤੇ

ਪ੍ਰਭਾਵਸ਼ਾਲੀ ਹੈ।

ਹਰਪ੍ਰੀਤ ਸਿੰਘ ਰਾਣਾ ਦੀ ਮਿੰਨੀ ਕਹਾਣੀ 'ਮਾੜਾ ਬੰਦਾ' ਬਿਰਤਾਂਤਿਕ ਸ਼ੈਲੀ ਵਿੱਚ ਗੁੰਦਵੇਂ ਸ਼ਬਦਾਂ ਰਾਹੀਂ ਸ਼ਾਨਦਾਰ ਰਵਾਨਗੀ ਦੇ ਤਹਿਤ ਸਿੱਖਿਆ ਢਾਂਚੇ ਵਿੱਚ ਨਕਲ ਰੂਪੀ ਮਾੜੇ ਵਰਤਾਰੇ ਨੂੰ ਨੌਜਵਾਨ ਅਧਿਆਪਕ ਵੱਲੋਂ ਠੱਲ੍ਹ ਪਾਉਣ ਦੀ ਚੰਗੀ ਸੁਰ ਵਾਲੀ ਮਿੰਨੀ ਕਹਾਣੀ ਹੈ।

ਜਗਦੀਸ਼ ਰਾਏ ਕੁਲਰੀਆਂ ਦੀ ਮਿੰਨੀ ਕਹਾਣੀ 'ਟਿਕਟ' ਮਨੁੱਖ ਦੀ ਮਨੋ ਸਥਿਤੀ ਅਤੇ ਕਾਰਜਸ਼ੀਲਤਾ ਨੂੰ ਬਹੁਤ ਹੀ ਸੂਖਮ ਰੰਗਤ ਵਿੱਚ ਸਿਖ਼ਰਾਂ ਛੂੰਹਦੀ ਮਿੰਨੀ ਕਹਾਣੀ ਹੈ। ਜਿਸ ਵਿੱਚ ਮੈਂ ਪਾਤਰ ਰੇਲ ਗੱਡੀ ਦੇ ਸਫ਼ਰ ਵਿੱਚ ਟਿਕਟ ਨਾ ਲੈਣ ਕਰਕੇ ਭੈਅ ਵਿੱਚ ਸਫ਼ਰ ਕਰਦਾ ਬੇਚੈਨੀ ਮਹਿਸੂਸ ਕਰਦਾ ਹੈ। ਉਸਦੀ ਮਨੋਸਥਿਤੀ ਦੂਜੀਆਂ ਸਵਾਰੀਆਂ ਦੇ ਸਾਹਮਣੇ ਦੋਸ਼ੀ ਹੋਣ ਦਾ ਵਰਤਾਰਾ ਪ੍ਰਗਟ ਕਰਦੀ ਹੈ। ਜਦੋਂ ਉਹ ਟਿਕਟ ਪ੍ਰਾਪਤ ਕਰ ਲੈਂਦਾ ਹੈ ਤਾਂ ਉਸ ਨੂੰ ਸੀਟ 'ਤੇ ਬੈਠਦਿਆਂ ਹੀ ਨੀਂਦ ਦੇ ਹੁਲਾਰੇ ਘੇਰ ਲੈਂਦੇ ਹਨ। ਇਹ ਮਿੰਨੀ ਕਹਾਣੀਕਾਰ ਦਾ ਹਾਸਿਲ ਹੈ।

ਡਾ. ਸ਼ਿਆਮ ਸੁੰਦਰ ਦੀਪਤੀ ਦੀ ਮਿੰਨੀ ਕਹਾਣੀ 'ਖਿੱਲਰੀ ਪੰਡ' ਪ੍ਰਤੀਕਾਤਮਿਕ ਸਿਰਲੇਖ ਦੇ ਤਹਿਤ ਰਚੀ ਹੱਦ-ਸਰਹੱਦ ਰੂਪੀ ਲਕੀਰ ਕਿਸ ਤਰ੍ਹਾਂ ਮਨੁੱਖ ਦੇ ਰਿਸ਼ਤੇ ਨਾਤਿਆਂ ਵਿਚਕਾਰ ਕੰਧ ਬਣਦੀ ਹੈ, ਦਾ ਪ੍ਰਗਟਾਵਾ ਬਿਰਤਾਂਤਿਕ ਸ਼ੈਲੀ ਵਿੱਚ ਵੰਡ ਦੇ ਵੱਡੇ ਦੁਖਾਂਤ ਦੇ ਬੋਝ ਨੂੰ ਖਿੱਲਰੀ ਪੰਡ ਦੇ ਰੂਪ ਵਿੱਚ ਗੁੰਦਵੇਂ ਸ਼ਬਦਾਂ ਰਾਹੀਂ ਪੇਸ਼ ਹੋਈ ਸਫ਼ਲ ਮਿੰਨੀ ਕਹਾਣੀ ਹੈ।

ਕੁਲਵਿੰਦਰ ਕੌਸ਼ਲ ਦੀ ਮਿੰਨੀ ਕਹਾਣੀ 'ਪੁੱਠੇ ਦਿਮਾਗ਼ ਦਾ ਬੰਦਾ' ਮੈਂ ਵਚਣੀ ਗਲਪੀ ਜੁਗਤ ਰਾਹੀਂ ਪਰਿਵਾਰ ਵਿੱਚ ਪਾਤਰਾਂ ਦੀ ਆਪਸੀ ਜੱਦੋ ਜਹਿਦ ਦਾ ਪ੍ਰਵਚਨ ਸਿਰਜਦੀ ਹੈ। ਅੱਧੀ ਰਾਤ ਤੱਕ ਬਾਪੂ ਦਾ ਘਰ ਨਾ ਆਉਣਾ, ਦਰਵਾਜ਼ੇ ਦੇ ਕੁੰਡਿਆਂ ਦੇ ਖੜਕਣ ਦਾ ਭੁਲੇਖਾ ਮਾਨਸਿਕ ਉਲਝਣ ਪੈਦਾ ਕਰਦਾ ਹੈ। ਸਮਾਜਿਕ ਚੇਤਨਾ ਨੂੰ ਪਰਨਾਏ ਘੋਲ ਵਿੱਚ ਕਿਸਾਨ ਦਾ ਹਿੱਸਾ ਲੈਣਾ ਭਾਵੇਂ ਖਟਕਦਾ ਜ਼ਰੂਰ ਹੈ ਪਰ ਏਕੇ ਦੇ ਰਾਹ ਖੋਲ੍ਹਦਾ ਹੈ।

ਭਰੂਣ ਹੱਤਿਆ ਵਰਗੇ ਮਹੱਤਵਪੂਰਨ ਵਿਸ਼ੇ 'ਤੇ ਰਚੀ ਦਵਿੰਦਰ ਪਟਿਆਲਵੀ ਦੀ ਮਿੰਨੀ ਕਹਾਣੀ 'ਨਵੀਂ ਸ਼ੁਰੂਆਤ' ਗੁੰਦਵੇਂ ਸ਼ਬਦਾਂ ਵਿੱਚ ਰਚੀ ਨਵੀਂ ਪਰੰਪਰਾ ਨੂੰ ਪੇਸ਼ ਕਰਦੀ ਕੁੜੀਆਂ ਦੇ ਜਨਮ ਤੋਂ ਪਹਿਲਾਂ ਮਾਰਨ ਦੀ ਥਾਂ ਘਰ ਜਵਾਈ ਰੱਖਣ ਦੀ ਤਰਜੀਹ ਦਾ ਸੁਖਾਵਾਂ ਸੁਨੇਹਾ ਦਿੰਦੀ ਸੰਵਾਦ ਸ਼ੈਲੀ ਅਤੇ ਪ੍ਰਤੀਕਾਂ ਰਾਹੀਂ ਸੂਖਮ ਭਾਵ ਪ੍ਰਗਟ ਕਰਦੀ ਸਫ਼ਲ ਮਿੰਨੀ ਕਹਾਣੀ ਹੈ ਜਿਸਦਾ ਆਰੰਭ ਤੋਂ ਅੰਤ ਤੱਕ ਰਵਾਨੀ ਭਰਪੂਰ ਹੈ।

ਰਘਬੀਰ ਸਿੰਘ ਮਹਿਮੀ ਦੀ ਮਿੰਨੀ ਕਹਾਣੀ 'ਪੱਥਰ ਪਿਘਲ ਗਿਆ' ਪ੍ਰਤੀਕਾਤਮਿਕ ਸਿਰਲੇਖ ਹੇਠ ਲਿਖੀ ਨਾਟਕੀ ਤੱਤ ਨਾਲ ਭਰਪੂਰ ਮਾਸਟਰ ਬੰਤਾ ਸਿੰਘ ਦੇ ਰੁੱਖੇ ਅਤੇ ਕਰੂਰ ਸੁਭਾਅ ਤੋਂ ਆਰੰਭ ਹੋ ਕੇ ਅਨਾਥ ਬੱਚੇ ਕੁਲਜੀਤ ਦੇ ਹੰਝੂਆਂ ਅਤੇ ਅਧਿਆਪਕ ਦੀ ਹਲੀਮੀ ਤੇ ਮਿੰਨੀ ਕਹਾਣੀ ਪ੍ਰਭਾਵਸ਼ਾਲੀ ਢੰਗ ਨਾਲ ਸਿਖ਼ਰਾਂ ਛੂੰਹਦੀ ਹੈ। ਇਸੇ ਤਰ੍ਹਾਂ ਹੀ ਭੁਪਿੰਦਰ ਸਿੰਘ ਮਾਨ ਦੀ ਮਿੰਨੀ ਕਹਾਣੀ 'ਸੋਚ' ਵੀ ਸਿੱਖਿਆ ਤੰਤਰ ਨੂੰ ਪੇਸ਼ ਕਰਦੀ ਮਿੰਨੀ ਕਹਾਣੀ ਹੈ।

ਵਿਵੇਕ ਦੀ ਮਿੰਨੀ ਕਹਾਣੀ 'ਹਨੇਰ' ਬਿਰਤਾਂਤਕ ਅਤੇ ਸੰਵਾਦ ਸ਼ੈਲੀ ਵਿੱਚ ਲਿਖੀ ਗੰਭੀਰ ਚਿੰਤਨ ਪੇਸ਼ ਕਰਦੀ ਹੈ। ਇਸੇ ਤਰ੍ਹਾਂ ਮਹਿੰਦਰਪਾਲ ਬਰੇਟਾ ਦੀ ਮਿੰਨੀ ਕਹਾਣੀ 'ਜਾਗ' ਨੂੰ ਵਾਚਿਆ ਜਾ ਸਕਦਾ ਹੈ।

ਯੋਗਰਾਜ ਪ੍ਰਭਾਕਰ ਦੀ ਮਿੰਨੀ ਕਹਾਣੀ 'ਤਾਪਮਾਨ' 35 ਵਰ੍ਹਿਆਂ ਤੋਂ ਦਫ਼ਤਰ ਵਿੱਚ ਕੰਮ ਕਰਦੇ ਬਾਬੂ ਦੀ ਆਰਥਿਕ ਤੰਗੀ, ਇੱਜ਼ਤ ਰੂਪੀ ਰੁਤਬਾ ਨਾ ਮਿਲਣਾ ਅਜੋਕੇ ਪਦਾਰਥਵਾਦੀ ਹੰਕਾਰ ਨਾਲ ਭਰਪੂਰ ਵਰਤਾਰੇ ਤੇ ਵਿਅੰਗਾਤਮਿਕ ਚੋਭ ਹੈ। ਆਰਥਿਕ ਤੰਗੀ ਕਰਕੇ ਪਰਿਵਾਰਿਕ ਲੋੜਾਂ ਦੇ ਪੂਰਾ ਨਾ ਹੋਣਾ ਮਾਨਸਿਕ ਤੇ ਪਰਿਵਾਰਿਕ ਦਵੰਦ ਦਾ ਕਾਰਨ ਬਣਦਾ ਹੈ। ਮਿੰਨੀ ਕਹਾਣੀ ਦਾ ਹਾਸਿਲ ਤਿੰਨ ਸਾਲ ਦੀ ਪੋਤੀ ਦੀਆਂ ਝਾਂਜਰਾਂ ਦੀ ਛਣ-ਛਣ ਕਾਇਨਾਤ ਵਿੱਚ ਸੂਖ਼ਮ ਰੂਹ ਭਰ ਦਿੰਦਾ ਹੈ ਤੇ ਚਿਹਰੇ 'ਤੇ ਪੀਲੇਪਣ ਦੀ ਥਾਂ ਗੁਲਾਬੀ ਰੰਗ ਦਾ ਚੜ੍ਹਨਾ ਬਿਰਤਾਂਤਿਕ ਸੁਹਜ ਦਾ ਪ੍ਰਤੀਕਾਤਮਿਕ ਝਲਕਾਰਾ ਰਚਨਾ ਦੀ ਸਫ਼ਲਤਾ ਨੂੰ ਪੇਸ਼ ਕਰਨ ਵਿੱਚ ਸਹਾਈ ਬਣਦਾ ਹੈ।

ਡਾ. ਨਾਇਬ ਸਿੰਘ ਮੰਡੇਰ ਦੀ ਮਿੰਨੀ ਕਹਾਣੀ 'ਵਿਹੜੇ ਦੀ ਖ਼ੁਸ਼ਬੂ' ਕੁਦਰਤੀ ਸੁਹੱਪਣ ਚਿੜੀਆਂ ਦੀ ਚਹਿਚਹਾਟ ਨਾਲ ਆਰੰਭ ਹੋ ਕੇ ਅੰਤ ਤੱਕ ਸਹਿਜਤਾ ਨੂੰ ਬਰਕਰਾਰ ਰੱਖਦਿਆਂ ਮਾਂ ਵੱਲੋਂ ਪਾਣੀ ਦਾ ਗਿਲਾਸ ਮੰਗਣਾ, ਪਹਿਲਾਂ

ਉੱਚੀ ਆਵਾਜ਼ ਫਿਰ ਮੱਧਮ ਆਵਾਜ਼ ਅਤੇ ਅੱਤ ਤੇ ਮਿਠਾਸ ਭਰਪੂਰ ਸ਼ਬਦਾਂ ਦੀ ਪੇਸ਼ਕਾਰੀ ਪਰਿਵਾਰ ਦੇ ਸੁਖਦ ਮਾਹੌਲ ਨੂੰ ਸਿਰਜਣ ਵਿੱਚ ਸਹਾਈ ਬਣਦੀ ਹੈ। ਮਿੰਨੀ ਕਹਾਣੀ ਵਿੱਚ ਨਿੱਕੇ-ਨਿੱਕੇ ਸੰਵਾਦ ਕਹਾਣੀ ਦੀ ਰਵਾਨੀ ਨੂੰ ਗਤੀ ਪ੍ਰਦਾਨ ਕਰਦੇ ਹਨ। ਪਤੀ-ਪਤਨੀ ਦੀ ਆਪਸੀ ਨੋਕ-ਝੋਕ, ਬਜ਼ੁਰਗ ਮਾਤਾ ਦਾ ਸ਼ਾਂਤ ਸੁਭਾਅ, ਦਖ਼ਲ ਸੁਖਦਾਇਕ ਸੁਨੇਹਾ ਹੈ। ਮਿੰਨੀ ਕਹਾਣੀ ਦੇ ਅੰਤ 'ਤੇ ਚਿੜੀਆਂ ਦੀ ਚਹਿਚਹਾਟ ਵਿਹੜੇ ਦੀ ਖ਼ੁਸ਼ਬੂ ਵਿੱਚ ਹੋਰ ਰੰਗ ਭਰ ਦਿੰਦੀ ਹੈ।

ਗੁਰਸੇਵਕ ਸਿੰਘ ਰੋੜਕੀ ਦੀ ਮਿੰਨੀ ਕਹਾਣੀ 'ਭਰਮਜਾਲ' ਨੂੰ ਸੰਵਾਦ ਸ਼ੈਲੀ ਰਾਹੀਂ ਗੁੰਦਵੇਂ ਸ਼ਬਦਾਂ ਨਾਲ ਪੇਸ਼ ਕੀਤਾ ਗਿਆ ਹੈ। ਜਿਸ ਦਾ ਆਰੰਭ ਰਵਾਨੀ ਭਰਪੂਰ ਅਤੇ ਅੰਤ ਪ੍ਰਭਾਵਸ਼ਾਲੀ ਹੈ।

ਰਾਜਦੇਵ ਕੌਰ ਸਿੱਧੂ ਦੀ ਮਿੰਨੀ ਕਹਾਣੀ 'ਅੰਕੜਿਆਂ ਦੀ ਖੇਡ' ਬਿਰਤਾਂਤਕ ਅਤੇ ਸੰਵਾਦਾਤਮਕ ਸ਼ੈਲੀ ਵਿੱਚ ਲਿਖੀ ਪਦਾਰਥਵਾਦੀ ਯੁੱਗ ਵਿੱਚ ਨੈਤਿਕ ਸਿੱਖਿਆ ਦਾ ਘਾਣ, ਨਸ਼ਿਆਂ ਦੇ ਪਸਰੇ ਜਾਲ ਦੇ ਮਨੋਵਿਗਿਆਨ ਨੂੰ ਕਹਾਣੀਕਾਰਾ ਨੇ ਗੁੰਦਵੇਂ ਸ਼ਬਦਾਂ ਨਾਲ ਪਰੋਇਆ ਹੈ।

ਸੋ ਮਿੰਨੀ ਕਹਾਣੀ ਦੀ ਸਿਰਜਨਾ ਵਿੱਚ ਵੰਨ-ਸੁਵੰਨੇ ਵਿਸ਼ਿਆਂ ਦੇ ਨਾਲ-ਨਾਲ ਮਿੰਨੀ ਕਹਾਣੀਆਂ ਦੀ ਬਣਤਰ, ਸ਼ਿਲਪੀ ਉਸਾਰੀ ਮਿੰਨੀ ਕਹਾਣੀ ਵਿਧਾ ਨੂੰ ਪ੍ਰਵਾਨਿਤ ਕਰਵਾਉਣ ਲਈ ਲਾਜ਼ਮੀ ਹੈ। ਕਿਉਂਕਿ ਹਰ ਸਾਹਿਤਕ ਵਿਧਾ ਲਈ ਜਿੱਥੇ ਵਿਸ਼ੇ ਦਾ ਮਹੱਤਵ ਹੁੰਦਾ ਹੈ ਉੱਥੇ ਹੀ ਕਥਾਨਕ ਨੂੰ ਢੁਕਵਾਂ ਰੰਗ ਦੇਣ ਲਈ ਕਲਾਤਮਿਕਤਾ ਦੀ ਅਹਿਮੀਅਤ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਚਰਚਿਤ ਮਿੰਨੀ ਕਹਾਣੀਆਂ ਦੇ ਸ਼ਿਲਪਗਤ ਅਧਿਐਨ ਵਿਸ਼ਲੇਸ਼ਣ ਤੋਂ ਸਿੱਧ ਹੋਇਆ ਹੈ ਕਿ ਹੋਰਨਾਂ ਸਾਹਿਤਕ ਰੂਪਾਂ ਦੇ ਮੁਕਾਬਲੇ ਪੰਜਾਬੀ ਮਿੰਨੀ ਕਹਾਣੀ ਵੀ ਰੂਪਗਤ ਮਹੱਤਵ ਨਾਲ ਲੈਸ ਵਿਧਾ ਹੈ।

ਮੰਡੇਰ ਕੰਪਲੈਕਸ
ਮੇਨ ਬਾਜ਼ਾਰ, ਰਤੀਆ (ਹਰਿਆਣਾ)
81684-55601

**ਸੋਚ ਜਿੰਨੀ ਮਰਜ਼ੀ ਵੱਡੀ ਹੋਵੇ ਜੇ**
**ਉਹ ਅਮਲ ਵਿਚ ਨਾ ਲਿਆਂਦੀ ਜਾ ਸਕਦੀ ਹੋਵੇ**
**ਤਾਂ ਉਸਦਾ ਕੋਈ ਫਾਇਦਾ ਨਹੀਂ।**
**(ਥਾਮਸ ਕਾਰਲਾਈਲ)**



## ਗੁਲਾਬ ਪੰਜਾਬੀ ਦਾ

**ਨਿਰਮਲ ਸਿੰਘ ਗੰਗਾ**

ਨ੍ਹੇਰੇ ਦੀ ਹਿੱਕ 'ਤੇ ਰੱਖਣਾ, ਦੀਵਾ ਬਾਲ਼ ਪੰਜਾਬੀ ਦਾ
ਸਦਾ ਟਹਿਕਦਾ ਰਹਿਣਾ ਇੱਥੇ, ਗੁਲਾਬ ਪੰਜਾਬੀ ਦਾ
ਹੱਥ ਫੜ੍ਹ ਨਫ਼ਰਤ ਦੀ ਕੈਂਚੀ, ਕਿੱਥੋਂ ਕਿੱਥੋਂ ਕੱਟੋਗੇ
ਸਾਰੀ ਧਰਤੀ ਉੱਤੇ ਵਿਛਿਆ ਹੈ, ਜਾਲ਼ ਪੰਜਾਬੀ ਦਾ

ਆਸ਼ਰਮ ਛੱਡੀ ਮਾਂ ਵਾਂਗੂ ਭਾਵੇਂ ਤੁਸੀਂ ਨਕਾਰ ਦਿਓ
ਵਿਚ ਫ਼ਿਜ਼ਾਵਾਂ ਘੁਲਿਆ ਹੈ, ਸੁਰ-ਤਾਲ ਪੰਜਾਬੀ ਦਾ
ਚੜ੍ਹਿਆ ਸੂਰਜ ਦੱਸੋ, ਕਿੱਥੇ ਜਾ-ਜਾ ਰੋਕੋਗੇ
ਵਿਚ ਵਿਦੇਸ਼ਾਂ ਜੰਮਦਾ, ਹਰ ਦਿਨ ਬਾਲ ਪੰਜਾਬੀ ਦਾ

ਖਾ ਕੇ ਫਲ ਪੰਜਾਬੀ ਦਾ, ਜਿੱਥੇ ਵੀ ਗਿਟਕਾਂ ਸੁੱਟੋਗੇ
ਉੱਥੇ ਹੀ ਉੱਗ ਪੈਣਾ ਬੂਟਾ, ਹੈ ਕਮਾਲ ਪੰਜਾਬੀ ਦਾ
ਫ਼ਿਰਕਾਪ੍ਰਸਤੀ ਨਾਲ, ਜਿਹੜਾ ਵੀ ਅੰਗ ਮਰੋੜੋਗੇ
ਹਰਗਿਜ਼ ਕਰਕੇ ਛੱਡਾਂਗੇ, ਅੰਗ ਬਹਾਲ ਪੰਜਾਬੀ ਦਾ

ਖੱਬਲ ਵਾਂਗੂ ਇਹ ਤਾਂ, ਦੂਣ ਸਵਾਈ ਵਧਦੀ ਗਈ
ਵਰਤਮਾਨ ਵਿਚ ਬਣਿਆ, ਕਿਹੜਾ ਕਾਲ ਪੰਜਾਬੀ ਦਾ
ਪੰਜਾਬੀ ਜ਼ਿੰਦਾਬਾਦ ਹੈ, ਸਦਾ ਜ਼ਿੰਦਾਬਾਦ ਰਹੇਗੀ
'ਨਿਰਮਲ' ਕੰਧਾਂ ਉੱਤੇ ਲਿਖ ਦਿੱਤਾ ਇਨਕਲਾਬ ਪੰਜਾਬੀ ਦਾ

ਮੰਡੀ ਡੱਬਵਾਲੀ,
ਸਿਰਸਾ (ਹਰਿਆਣਾ)-125104
70154-56769

# ਧੁੱਪਾਂ-ਛਾਂਵਾਂ : ਉੱਦਮ ਅਤੇ ਉਤਸ਼ਾਹ ਦਾ ਭਵਿੱਖਾਰਥੀ ਪ੍ਰਵਚਨ- ਡਾ. ਨਰਿੰਦਰ ਸਿੰਘ ਕਪੂਰ

ਸਤਿੰਦਰਪਾਲ ਸਿੰਘ ਬਾਵਾ



ਡਾ. ਨਰਿੰਦਰ ਸਿੰਘ ਕਪੂਰ ਦਾ ਨਾਮ ਆਧੁਨਿਕ ਪੰਜਾਬੀ ਵਾਰਤਕ ਦੇ ਖੇਤਰ ਵਿਚ ਆਦਰ ਦਾ ਸੂਚਕ ਹੈ ਕਿਉਂਕਿ ਉਹਨਾਂ ਦੀਆਂ ਵਾਰਤਕ ਰਚਨਾਵਾਂ ਸਮਕਾਲੀ ਜੀਵਨ ਦੀਆਂ ਪਰਤਾਂ ਨੂੰ ਨਵੇਂ ਮੁਹਾਵਰੇ ਵਿਚ ਪੇਸ਼ ਕਰਨ ਦੇ ਸਮਰੱਥ ਹਨ। ਡਾ. ਨਰਿੰਦਰ ਸਿੰਘ ਕਪੂਰ ਨੇ ਸਿਰਫ਼ ਵਾਰਤਕ ਵਿਚ ਹੀ ਰਚਨਾ ਕੀਤੀ ਹੈ। ਉਹਨਾਂ ਨੇ ਪੰਜਾਬੀ ਵਿਚ ਆਪਣੀ ਪਹਿਲੀ ਪੁਸਤਕ 'ਵਿਆਖਿਆ ਵਿਸ਼ਲੇਸ਼ਣ' ਸਾਲ 1982 ਵਿਚ ਆਪ ਹੀ ਪ੍ਰਕਾਸ਼ਿਤ ਕੀਤੀ ਸੀ। ਇਸ ਪੁਸਤਕ ਤੋਂ ਪਹਿਲਾਂ ਉਹਨਾਂ ਦੇ ਲੇਖ 'ਪੰਜਾਬੀ ਟ੍ਰਿਬਿਊਨ' ਵਿਚ ਪ੍ਰਕਾਸ਼ਿਤ ਹੁੰਦੇ ਰਹੇ ਸਨ ਜਿਸ ਨੂੰ ਪਾਠਕਾਂ ਵੱਲੋਂ ਭਰਪੂਰ ਹੁੰਗਾਰਾ ਮਿਲਿਆ ਸੀ। ਪਿਛਲੇ ਚਾਲੀ ਵਰ੍ਹਿਆਂ ਤੋਂ ਉਹ ਨਿਰੰਤਰ ਨਿਬੰਧ ਰਚਨਾ ਕਰ ਰਹੇ ਹਨ ਅਤੇ ਪੰਜਾਬੀ ਪਾਠਕਾਂ ਵਿਚ ਵਧੇਰੇ ਸਵੀਕਾਰੇ ਗਏ ਹਨ। ਇਸ ਸਵੀਕ੍ਰਿਤੀ ਦੀਆਂ ਅਨੇਕਾਂ ਮਿਸਾਲਾਂ ਇਸ ਸਵੈ-ਜੀਵਨੀ ਵਿਚ ਵੀ ਅੰਕਿਤ ਹਨ। ਵਾਸਤਵ ਵਿਚ ਪੰਜਾਬੀ ਪਾਠਕਾਂ ਦਾ ਵਿਸ਼ਾਲ ਘੇਰਾ ਵੀ ਉਹਨਾਂ ਦੇ ਜੀਵਨ ਅਨੁਭਵ ਵਿਚ ਸ਼ਾਮਲ ਰਿਹਾ ਹੈ ਉਹ ਆਪਣੇ ਪਾਠਕਾਂ ਦਾ ਮਾਰਗ ਦਰਸ਼ਨ ਹੀ ਨਹੀਂ ਕਰਦੇ ਸਗੋਂ ਉਹਨਾਂ ਦੇ ਮਾਨਸਿਕ ਅਤੇ ਵਿਹਾਰਕ ਅਧਿਐਨ ਰਾਹੀਂ ਖ਼ੁਦ ਵੀ ਮਾਨਵੀ ਵਿਹਾਰ ਬਾਰੇ ਵੀ ਸਿੱਖਦੇ ਰਹਿੰਦੇ ਹਨ। ਇਸ ਤਰ੍ਹਾਂ ਪਾਠਕਾਂ ਦੀ ਭੂਮਿਕਾ ਵੀ ਉਹਨਾਂ ਦੇ ਅਨੁਭਵ ਨੂੰ ਵਸੀਹ ਤੇ ਵਿਸ਼ਾਲ ਕਰਨ ਵਾਲੀ ਹੈ ਪਰ ਜਿਹੜੀ ਗੱਲ ਇਸ ਸਵੈ-ਜੀਵਨੀ ਵਿਚੋਂ ਮੁੱਖ ਰੂਪ ਵਿਚ ਉੱਭਰ ਕੇ ਸਾਹਮਣੇ ਆਉਂਦੀ ਹੈ ਉਹ ਹੈ ਨਿਰੰਤਰ ਉੱਦਮਸ਼ੀਲ ਅਤੇ ਕਾਰਜਸ਼ੀਲ ਰਹਿਣ ਦਾ ਉਹਨਾਂ ਦਾ ਸੁਭਾਅ ਜਿਸ ਕਾਰਨ ਉਹਨਾਂ ਨੇ ਨਾ ਕੇਵਲ ਆਪਣੀ ਜ਼ਿੰਦਗੀ ਵਿਚ ਹੀ ਸਫ਼ਲਤਾ ਹਾਸਲ ਕੀਤੀ ਸਗੋਂ ਅਨੇਕਾਂ ਲਈ ਪ੍ਰੇਰਨਾ-ਸ੍ਰੋਤ ਵੀ ਬਣੇ।

ਇਸ ਸਵੈ-ਜੀਵਨੀ ਵਿਚਲੀਆਂ ਘਟਨਾਵਾਂ ਦੇ ਬਹੁਤੇ ਜੀਵਨ ਬਿਰਤਾਂਤ ਕਿਸੇ ਨਾ ਕਿਸੇ ਲੇਖ ਦੇ ਬਹਾਨੇ ਪਹਿਲਾਂ ਵੀ ਸਾਂਝੇ ਕੀਤੇ ਜਾ ਚੁੱਕਾ ਹੈ ਪਰ ਅੰਤਰ ਇਹ ਪਿਆ ਹੈ ਕਿ ਜਿੱਥੇ ਨਿਬੰਧ ਦੇ ਰੂਪ ਵਿਚ ਘਟਨਾਵਾਂ ਦਾ ਮਹੱਤਵ ਸੰਕੇਤਕ ਰੂਪ ਵਿਚ ਉੱਘੜਦਾ ਤੇ ਉੱਭਰਦਾ ਸੀ ਉੱਥੇ ਹਥਲੀ ਸਵੈ-ਜੀਵਨੀ ਵਿਚ ਘਟਨਾਵਾਂ ਦੇ ਪ੍ਰਸੰਗ ਵਿਚ ਅਭਿਆਸ ਅਤੇ ਅਨੁਭਵਾਂ ਦਾ ਮਹੱਤਵ ਪ੍ਰਾਥਮਿਕਤਾ ਗ੍ਰਹਿਣ ਕਰ ਜਾਂਦਾ ਹੈ ਕਿਉਂਕਿ ਸਵੈ-ਜੀਵਨੀਕਾਰ ਚੇਤਨ ਤੌਰ 'ਤੇ ਆਪਣੇ ਜੀਵਨ ਬਾਰੇ ਲਿਖ ਰਿਹਾ ਹੈ ਪਰ ਇਹ ਸਵੈ-ਜੀਵਨੀ ਰਵਾਇਤੀ ਸਵੈ-ਜੀਵਨੀਆਂ ਵਾਂਗ ਲਕੀਰੀ ਜੀਵਨ ਬਿਰਤਾਂਤ ਦਾ ਦ੍ਰਿਸ਼ ਨਹੀਂ ਚਿਤਰਦੀ ਸਗੋਂ ਜੀਵਨ ਵਿਚੋਂ ਚੋਣਵੀਂਆਂ ਝਾਕੀਆਂ ਅਤੇ ਝਲਕਾਰਿਆਂ ਨੂੰ ਮਨੋਵਿਗਿਆਨਕ ਦ੍ਰਿਸ਼ਟੀਕੋਣ ਤੋਂ ਪ੍ਰਸਤੁਤ ਕਰਨ ਦੀ ਪਹਿਲ ਕਰਦੀ ਹੈ। ਇਸ ਤਰ੍ਹਾਂ ਵਿਧਾ ਪੱਖੋਂ ਇਹ ਸਵੈ-ਜੀਵਨੀ ਅਸਲੋਂ ਨਵੀਂ ਭਾਂਤ ਦਾ ਤਜ਼ਰਬਾ ਹੈ। ਜਿਸ ਵਿਚ ਨਿਬੰਧ ਵਿਧਾ ਦੇ ਅੰਸ਼ ਵੀ ਹਨ ਅਤੇ ਸਵੈ-ਜੀਵਨੀ ਦੇ ਖੰਡ ਵੀ ਹਨ। ਇਸ ਵੱਖਰਤਾ ਦੇ ਪਿਛੋਕੜ ਵਿਚ ਉਹਨਾਂ ਦੀ ਸਾਹਿਤਕ ਨਿਬੰਧਕਾਰੀ ਦੇ ਚਾਲੀ ਸਾਲਾਂ ਦਾ ਲੰਮਾ ਅਨੁਭਵ ਪਿਆ ਹੈ। ਜਿਸ ਤਰ੍ਹਾਂ ਉਹਨਾਂ ਦੀ ਵਾਰਤਕ ਬਿਖੜੇ ਪੈਂਡਿਆਂ ਦੇ ਰਾਹੀਆਂ ਦੀ ਬੌਧਿਕ ਅਤੇ ਵਿਹਾਰਕ ਅਗਵਾਈ ਕਰਦੀ ਹੈ ਉਸੇ ਤਰ੍ਹਾਂ ਇਸ ਸਵੈ-ਜੀਵਨੀ ਦਾ ਸੁਭਾਅ ਹੈ ਭਾਵੇਂ ਉਹ ਆਪਣੇ ਪਾਠਕਾਂ ਨੂੰ ਕਹਿੰਦੇ ਹਨ ਕਿ 'ਇਹ ਇਕ ਸਧਾਰਨ ਅਤੇ ਸਾਦੇ ਵਿਅਕਤੀ, ਤੁਹਾਡੇ ਆਪਣੇ ਗੁਆਂਢੀ ਦੀ ਸਵੈ-ਜੀਵਨੀ ਹੈ।' ਪਰ ਵਾਸਤਵ ਵਿਚ ਇਸ ਜੀਵਨ-ਬਿਰਤਾਂਤ ਦੀ ਸਧਾਰਨਤਾ ਵਿਚ ਬੜਾ ਕੁਝ ਅਜਿਹਾ ਹੈ ਜਿਹੜਾ ਅਸਾਧਰਨ ਹੈ ਤੇ ਅਸਚਰਜ ਕਰਨ ਵਾਲਾ ਹੈ। ਇਸ ਦੀ ਤਹਿ ਵਿਚ ਹੀ ਉਹ ਪ੍ਰੇਰਨਾ ਸਰੋਤ ਪਏ ਹਨ ਜਿਹਨਾਂ ਤੋਂ ਕੋਈ ਪਾਠਕ ਅਗਵਾਈ ਲੈ ਸਕਦਾ ਹੈ ਅਤੇ ਆਪਣਾ ਜੀਵਨ ਵੀ ਸਾਧ ਸਕਦਾ ਹੈ, ਸੁਧਾਰ ਸਕਦਾ ਹੈ ਜਿਸ ਤਰ੍ਹਾਂ ਡਾ. ਕਪੂਰ ਨੇ ਸੁਧਾਰਿਆ ਹੈ।

ਸਵੈ-ਜੀਵਨੀ ਲਿਖਦਿਆਂ ਡਾ. ਨਰਿੰਦਰ ਸਿੰਘ ਕਪੂਰ ਲਈ ਪ੍ਰਾਥਮਿਕ ਪ੍ਰਸ਼ਨ ਇਹ ਰਿਹਾ ਹੈ ਕਿ ਆਪਣੀ ਸ਼ਖ਼ਸੀਅਤ ਨੂੰ ਕਿਸ ਰੰਗ ਵਿਚ ਪ੍ਰਗਟਾਇਆ ਜਾਵੇ। ਇਹ ਸਵੈ-ਜੀਵਨੀ ਦਾ ਅਧਿਐਨ ਕਰਨ ਉਪਰੰਤ ਜਿਹੜਾ ਰੰਗ

ਉੱਘੜਦਾ ਹੈ ਉਹ ਧੁੱਪਾਂ-ਛਾਵਾਂ ਦੇ ਕੰਟਰਾਸਟ ਵਾਲਾ ਹੀ ਉੱਘੜਦਾ ਹੈ। ਜਿਸ ਦਾ ਇਕ ਸਿਰਾ ਤੰਗੀਆਂ ਤੁਰਸ਼ੀਆਂ ਵਾਲੇ ਬਚਪਨ ਨਾਲ ਜੁੜਿਆ ਹੈ ਜਿੱਥੇ ਨਿੱਕੀਆਂ-ਨਿੱਕੀਆਂ ਉਜ਼ਰਤਾਂ ਕਰਦਿਆਂ ਉਹ ਵੱਡੇ-ਵੱਡੇ ਅਨੁਭਵ ਚੁਗਦੇ ਹਨ। ਦੂਜਾ ਸਿਰਾ ਪੰਜਾਬੀ ਵਾਰਤਕਕਾਰ ਦੇ ਤੌਰ ’ਤੇ ਉੱਘੜਦਾ ਹੈ ਜਿੱਥੇ ਚਾਲੀ ਸਾਲਾਂ ਦੌਰਾਨ ਪ੍ਰਾਪਤ ਕੀਤੇ ਵੱਖਰੇ ਤੇ ਵਿਕਲੋਤਰੇ ਅਨੁਭਵਾਂ ਨੂੰ ਚਾਰ ਸੌ ਦੇ ਕਰੀਬ ਨਿਬੰਧ-ਲੇਖਾਂ ਵਿਚ ਪਰੋਣ ਦਾ ਹੁਨਰ ਸਾਹਮਣੇ ਆਉਂਦਾ ਹੈ। ਇਸੇ ਤਰ੍ਹਾਂ ਉਹਨਾਂ ਦੀ ਜ਼ਿੰਦਗੀ ਹੋਰਾਂ ਲਈ ਮਿਸਾਲ ਸਿਰਜਦੀ ਹੈ ਕਿ ਜੇਕਰ ਇਕ ਸਧਾਰਨ ਆਦਮੀ ਆਪਣੀ ਹਿੰਮਤ ਨਾਲ ਡਬਲ ਪੀਐੱਚ. ਡੀ ਕਰਕੇ ਯੂਨੀਵਰਸਿਟੀ ਦਾ ਪ੍ਰੋਫੈਸਰ, ਮੁਖੀ ਅਤੇ ਡੀਨ ਰਿਟਾਇਰਡ ਹੋ ਸਕਦਾ ਹੈ ਅਤੇ ਚਾਲੀ ਦੇਸ਼ਾਂ ਦੀ ਯਾਤਰਾ ਕਰ ਸਕਦਾ ਹੈ ਤਾਂ ਉਹ ਖ਼ੁਦ ਅਜਿਹਾ ਕਿਉਂ ਨਹੀਂ ਕਰ ਸਕਦੇ। ਇਹ ਸੁਆਲ ਪਾਠਕਾਂ ਨੂੰ ਆਤਮ ਚਿੰਤਨ ਕਰਨ ਲਈ ਪ੍ਰੇਰਿਤ ਕਰਦਾ ਹੈ ਕਿਉਂਕਿ ਇਹ ਸਵੈ-ਜੀਵਨੀ ਪੜ੍ਹ ਕੇ ਕੋਈ ਉਹਨਾਂ ਤੋਂ ਸਾੜਾ ਨਹੀਂ ਕਰਨਾ ਸਿੱਖੇਗਾ ਸਗੋਂ ਉਸੇ ਭਾਂਤ ਦਾ ਪਰਿਸ਼੍ਰਮ ਅਤੇ ਪੁਰਸ਼ਾਰਥ ਕਰਕੇ ਜੀਵਨ ਵਿਚ ਸਫਲ ਹੋਣਾ ਲੋਚਦਾ ਹੈ।

ਇਸ ਸਵੈ-ਜੀਵਨੀ ਦੀ ਖ਼ੂਬੀ ਇਹ ਹੈ ਕਿ ਪਾਠਕ ਉਹਨਾਂ ਦੀਆਂ ਹੋਰ ਵਾਰਤਕ ਰਚਨਾਵਾਂ ਵਾਂਗ ਇਸ ਨੂੰ ਕਿਧਰੋਂ ਵੀ ਪੜ੍ਹਨਾ ਆਰੰਭ ਕਰ ਸਕਦੇ ਹਨ। ਭਾਵੇਂ ਸਵੈ-ਜੀਵਨੀਕਾਰ ਨੇ ਬਚਪਨ ਵਾਲੇ ਭਾਗ ਨੂੰ ਵਿਸ਼ੇਸ਼ ਤੌਰ ’ਤੇ ਉਭਾਰਿਆ ਹੈ ਪਰ ਫਿਰ ਵੀ ਬਚਪਨ ਦਾ ਜ਼ਿਕਰ ਕਿਸੇ ਇਕ ਥਾਂ ’ਤੇ ਨਹੀਂ ਕੀਤਾ ਗਿਆ ਸਗੋਂ ਥਾਂ ਪਰ ਥਾਂ ’ਤੇ ਵਰਤਮਾਨ ਦੀਆਂ ਸੁਖ ਸਹੂਲਤਾਂ ਦੀ ਤੁਲਨਾ ਦੇ ਤੌਰ ’ਤੇ ਕੀਤਾ ਗਿਆ ਹੈ। ਉਸ ਦਾ ਬਚਪਨ ਬੇਫ਼ਿਕਰੀ ਅਤੇ ਬੇਪ੍ਰਵਾਹੀਆਂ ਵਾਲਾ ਨਹੀਂ ਸੀ ਸਗੋਂ ਔਕੜਾਂ ਤੇ ਮੁਸ਼ਕਲਾਂ ਭਰਿਆ ਸੀ। ਸਭ ਤੋਂ ਵੱਡੀ ਸਮੱਸਿਆ ਆਰਥਕ ਸਮੱਸਿਆ ਸੀ ਜਿਸ ਨੇ ਉਸ ਨੂੰ ਅਨੇਕਾਂ ਛੋਟੇ-ਵੱਡੇ ਸੰਸਿਆਂ ਵਿਚ ਉਲਝਾਈ ਰੱਖਿਆ ਪਰ ਇਹਨਾਂ ਮੁੱਢਲੇ ਅਨੁਭਵਾਂ ਨੇ ਹੀ ਉਸ ਨੂੰ ਨਿਰੰਤਰ ਉੱਦਮਸ਼ੀਲ ਬਣਾਈ ਰੱਖਿਆ ਅਤੇ ਹਰ ਚੁਣੌਤੀ ਨੂੰ ਖਿੜੇ ਮੱਥੇ ਸਵੀਕਾਰ ਕਰਨ ਦੀ ਹਿੰਮਤ ਅਤੇ ਹੌਸਲਾ ਦਿੱਤਾ।

ਇਸ ਸਵੈ-ਜੀਵਨੀ ਵਿਚ ਡਾ. ਕਪੂਰ ਵਿਆਹ ਤੋਂ ਪਹਿਲਾਂ ਉਹਨਾਂ ਦੇ ਜੀਵਨ ਵਿਚ ਆਈਆਂ ਔਰਤਾਂ ਦਾ ਜ਼ਿਕਰ ਵੀ ਨਿਸੰਗ ਹੋ ਕੇ ਕਰਦੇ ਹਨ। ਆਪਣੇ ਬਾਰੇ ਉਹ ਕੁਝ ਛੁਪਾਉਣ ਦਾ ਯਤਨ ਨਹੀਂ ਕਰਦੇ ਸਗੋਂ ਆਪਣੇ ਬਾਰੇ ਸਭ ਕੁਝ ਦੱਸਣ ਅਤੇ ਪ੍ਰਗਟਾਉਣ ਦਾ ਯਤਨ ਕਰਦੇ ਹਨ ਪਰ ਇਸ ਤਰ੍ਹਾਂ ਕਰਦਿਆਂ ਉਹ ਸੰਜਮ ਅਤੇ ਸਲੀਕੇ ਦਾ ਪੱਲਾ ਨਹੀਂ ਛੱਡਦੇ ਸਗੋਂ ਅਜਿਹੇ ਜੀਵਨ ਬਿਰਤਾਂਤਾਂ ਨੂੰ ਉਹ ਬਹੁਤੀ ਵਾਰ ਤੁਲਨਾਤਮਕ ਸੰਦਰਭ ਵਿਚ ਪ੍ਰਸਤੁਤ ਕਰਦੇ ਹੋਏ ਤਸ਼ਬੀਹਾਂ ਰਾਹੀਂ ਆਪਣੀ ਗੱਲ ਕਹਿ ਦਿੰਦੇ ਹਨ। ਇਸ ਤਰ੍ਹਾਂ ਸਦਾਚਾਰਕ ਅਤੇ ਸ਼ਿਸ਼ਟਾਚਾਰਕ ਭਾਸ਼ਾ ਰਾਹੀਂ ਉਹ ਓਹਲਾ ਵੀ ਸਿਰਜਦੇ ਹਨ ਅਤੇ ਸੰਦੇਸ਼ ਨੂੰ ਵੀ ਸੰਚਾਰਤ ਕਰ ਜਾਂਦੇ ਹਨ। ਇਹਨਾਂ ਸੰਬੰਧਾਂ ਦਾ ਜ਼ਿਕਰ ਬੁਝਾਰਤ ਵਾਂਗੂ ਕੀਤਾ ਗਿਆ ਹੈ ਜਿਹੜਾ ਪਾਠਕਾਂ ਨੂੰ ਆਪ ਸਮਝਣਾ ਪੈਂਦਾ ਹੈ।

ਹਥਲੀ ਸਵੈ-ਜੀਵਨੀ ਸਵੈ-ਪ੍ਰੇਰਨਾ ਸਰੋਤ ਤਾਸੀਰ ਵਾਲੀਆਂ ਰਚਨਾਵਾਂ ਦੇ ਨੇੜੇ ਹੈ। ਸਵੈ-ਪ੍ਰੇਰਨਾ ਸਰੋਤ ਰਚਨਾਵਾਂ ਵਿਚ ਅਕਸਰ ਉਪਦੇਸ਼ ਹੁੰਦੇ ਹਨ; ਨਿਸ਼ਚੇਆਤਮਿਕ ਅਤੇ ਨਿਸ਼ੇਧਾਤਮਿਕ ਹਦਾਇਤਾਂ ਹੁੰਦੀਆਂ ਹਨ। ਪਰ ਹਥਲੀ ਸਵੈ-ਜੀਵਨੀ ਦੀ ਵਿਲੱਖਣਤਾ ਤੇ ਵਿਸ਼ੇਸ਼ਤਾ ਇਹ ਹੈ ਕਿ ਉਪਦੇਸ਼ ਨਹੀਂ ਕਰਦੀ ਬਲਕਿ ਵਿਸ਼ੇਸ਼ ਸਥਿਤੀਆਂ-ਪ੍ਰਸਥਿਤੀਆਂ ਵਿਚ ਵਿਅਕਤੀਗਤ ਅਨੁਭਵਾਂ ਨੂੰ ਵਿਆਪਕ ਪੱਧਰ ’ਤੇ ਫੈਲਾ ਦਿੰਦੀ ਹੈ ਅਤੇ ਉਹਨਾਂ ਪ੍ਰਤੀ ਨਿਆਂਪੂਰਵਕ ਤਰਕ ਦੀ ਉਸਾਰੀ ਕਰਦੀ ਹੈ। ਇਸ ਤਰ੍ਹਾਂ ਇਹ ਪੁਸਤਕ ਅਚੇਤ ਹੀ ਪਾਠਕ ਦੇ ਅੰਤਰ ਮਨ ਵਿਚ ਉੱਦਮ ਤੇ ਉਪਰਾਲੇ ਕਰਨ ਦੀ ਯੋਗਤਾ ਪੈਦਾ ਕਰਦੀ ਹੈ। ਇੱਥੇ ਪ੍ਰੇਰਨਾ-ਸਰੋਤ ਕੋਈ ਵਿਚਾਰ ਜਾਂ ਵਿਚਾਰਾਂ ਦਾ ਸਮੂਹ ਨਹੀਂ ਸਗੋਂ ਲੇਖਕ ਦਾ ਸੰਘਰਸ਼ਮਈ ਜੀਵਨ ਬਿਰਤਾਂਤ ਹੈ।

ਡਾ. ਨਰਿੰਦਰ ਸਿੰਘ ਕਪੂਰ ਦੀ ਵਾਰਤਕ ਸ਼ੈਲੀ ਦੀ ਵਿਲੱਖਣਾ ਇਹ ਹੈ ਕਿ ਛੋਟੇ-ਛੋਟੇ ਵਾਕਾਂ ਰਾਹੀਂ ਭਾਵਪੂਰਤ ਸੰਵਾਦ ਰਚਾਉਂਦੀਆਂ ਹੋਈ ਪਾਠਕ ਦੇ ਅਵਚੇਤਨ ਦਾ ਨਿਰਮਾਣ ਕਰਦੀ ਹੈ ਜਿਹੜੀ ਉਸ ਦੇ ਸਵੈ-ਵਿਸ਼ਵਾਸ ਨੂੰ ਵਧਾਉਂਦੀ ਹੈ। ਲੇਖਕ ਦਾ ਆਪਣਾ ਵੀ ਵਿਸ਼ਵਾਸ ਹੈ ਕਿ ‘ਮੈਂ ਅਜਿਹੇ ਲੇਖ ਲਿਖਾਂ, ਜਿਨ੍ਹਾਂ ਨੂੰ ਪੜ੍ਹ ਕੇ ਉਤਸ਼ਾਹ ਜਾਗੇ, ਅੰਦਰਲੀ ਸ਼ਕਤੀ ਕਾਰਜਸ਼ੀਲ ਹੋਵੇ ਅਤੇ ਸਵੈ-ਵਿਸ਼ਵਾਸ ਵਧੇ।’ ਉਹਨਾਂ ਦੀਆਂ ਲਿਖਤਾਂ ਦੀ ਤਾਸੀਰ ਦਾਰਸ਼ਨਿਕ ਅਤੇ ਮਨੋਵਿਗਿਆਨਕ ਦ੍ਰਿਸ਼ਟੀ ਵਾਲੀ ਹੁੰਦੀ ਹੈ ਜਿੱਥੇ

ਦਰਸ਼ਨ ਦੇ ਨੇੜੇ ਹੋਣ ਕਾਰਨ ਇਸ ਵਿਚ ਤਰਕ ਦੀ ਪ੍ਰਧਾਨਤਾ ਬਣੀ ਰਹਿੰਦੀ ਹੈ ਉੱਥੇ ਮਨੋਵਿਗਿਆਨਕ ਦ੍ਰਿਸ਼ਟੀ ਰਾਹੀਂ ਮਨੁੱਖੀ ਮਨ ਦੇ ਅਵਚੇਤਨੀ ਸਰੋਕਾਰਾਂ ਨੂੰ ਰੇਖਾਂਕਤ ਕਰਨਾ ਇਸ ਲਿਖਤ ਦੀ ਵਿਲੱਖਣਤਾ ਹੈ। ਜਿਸ ਨੂੰ ਲੇਖਕ 'ਅੰਦਰਲੀ ਸ਼ਕਤੀ' ਕਹਿੰਦਾ ਹੈ। ਇਸ ਤਰ੍ਹਾਂ ਉਸਦੀ ਵਾਰਤਕ ਵਿਲੱਖਣਤਾ ਅਤੇ ਵੱਖਰਤਾ ਦੀ ਉੱਤਮ ਉਦਾਹਰਨ ਹੈ ਜਿਸ ਦਾ ਸੰਬੰਧ ਇੱਕੋ ਵੇਲੇ ਦੋ ਅਹਿਮ ਵਿਸ਼ਿਆਂ ਦਰਸ਼ਨ ਅਤੇ ਮਨੋਵਿਗਿਆਨ ਨਾਲ ਨਿਰੰਤਰ ਬਣਿਆ ਰਹਿੰਦਾ ਹੈ। ਇਹਨਾਂ ਵਿਸ਼ਿਆਂ ਦਾ ਸੰਯੁਕਤ ਪ੍ਰਭਾਵ ਵਿਚ ਹੀ ਬੌਧਿਕ ਮੁਹਾਵਰੇ ਵਾਲੀ ਅਤੇ ਅਵਚੇਤਨ ਦਾ ਨਿਰਮਾਣ ਕਰਨ ਵਾਲੀ ਉਹਨਾਂ ਦੀ ਵੱਖਰੀ ਵਾਰਤਕ ਸ਼ੈਲੀ ਦਾ ਰਹੱਸ ਛੁਪਿਆ ਹੋਇਆ ਹੈ। ਉਸ ਇਸ ਵਾਰਤਕ ਸ਼ੈਲੀ ਨੂੰ ਚੇਤਨ ਤੌਰ 'ਤੇ ਅਪਣਾਉਂਦੇ ਹਨ। ਉਦਾਹਰਨ ਵਜੋਂ ਆਪਣੇ ਬਚਪਨ ਵਿਚ ਖ਼ਾਲਸਾ ਸਕੂਲ ਵਿਚ ਅਧਿਆਪਕਾਂ ਵੱਲੋਂ ਮਾਰੇ ਜਾਂਦੇ ਡੰਡਿਆਂ ਦੇ ਦ੍ਰਿਸ਼ ਨੂੰ ਉਹ ਅਰਦਾਸ ਦੇ ਹਵਾਲੇ ਨਾਲ ਤੁਲਨਾਤਮਿਕ ਪਰਿਪੇਖ ਵਿਚ ਸਿਰਜਦੇ ਹਨ। 'ਉਹਨਾਂ ਦੀ ਇਸ ਸਜ਼ਾ ਕਾਰਨ ਸਾਨੂੰ ਸਿੱਖ ਅਰਦਾਸ ਦੇ ਚਰੱਖੜੀਆਂ 'ਤੇ ਚੜ੍ਹਨ, ਪੁੱਠੀਆਂ ਖੱਲਾਂ ਲੁਹਾਉਣ ਵਾਲੇ ਵਾਕ ਪੂਰੇ ਸਮਝ ਆਉਂਦੇ ਸਨ।...ਅਸੀਂ ਜ਼ੁਲਮ ਸਹੇ, ਤਸੀਹੇ ਝੱਲੇ ਪਰ ਸਿਦਕ ਨਹੀਂ ਹਾਰਿਆ ਅਤੇ ਅਸੀਂ ਸ਼ਰਧਾਵਾਨਾਂ ਵਾਂਗ, ਦੋ ਸਾਲ ਜ਼ੁਲਮਾਂ ਦਾ ਸਾਹਮਣਾ ਕੀਤਾ। ਇਸ ਤਰ੍ਹਾਂ ਉਹ ਕਿਸੇ ਸ਼ਬਦ ਜਾਂ ਘਟਨਾ ਜਾਂ ਵਾਕ ਨੂੰ ਨਵੇਂ ਪ੍ਰਸੰਗ ਤੇ ਪਰਿਪੇਖ ਵਿਚ ਵਰਤ ਕੇ ਉਹਨਾਂ ਦੇ ਨਵੇਂ ਮਾਅਨੇ ਅਗਰਭੂਮਿਤ ਕਰਦੇ ਹਨ, ਨਵੇਂ ਦ੍ਰਿਸ਼ਾਂ ਤੇ ਦ੍ਰਿਸ਼ਟਾਂਤਾਂ ਕਾਰਨ ਤੇ ਨਵੇਂ ਸੰਦਰਭਾਂ ਤੇ ਸਥਿਤੀਆਂ ਵਿਚ ਵਰਤੇ ਹੋਣ ਕਾਰਨ ਇਹ ਪਾਠਕਾਂ ਦੇ ਦਿਲ-ਦਿਮਾਗ਼ ਨੂੰ ਪ੍ਰਭਾਵਿਤ ਕਰਨ ਦੀ ਅਥਾਹ ਸ਼ਕਤੀ ਤੇ ਸਮਰੱਥਾ ਰੱਖਦੇ ਹਨ ਅਤੇ ਸਮਾਂ ਪਾ ਕੇ ਉਕਤੀ ਤੇ ਉਤਕਥਨ ਦਾ ਰੂਪ ਧਾਰਨ ਕਰਨ ਦੇ ਸਮਰੱਥ ਹੋ ਜਾਂਦੇ ਹਨ।

ਲੇਖਕ ਦਾ ਪੱਕਾ ਤੇ ਪੁਖ਼ਤਾ ਵਿਸ਼ਵਾਸ ਹੈ ਕਿ ਉੱਦਮ ਅਤੇ ਨਿਰੰਤਰ ਮਿਹਨਤ ਨਾਲ ਕੋਈ ਵੀ ਵਿਅਕਤੀ ਆਪਣੇ ਜੀਵਨ ਵਿਚ ਸੁਧਾਰ ਲਿਆ ਸਕਦਾ ਹੈ। ਡਾ. ਕਪੂਰ ਦਾ ਦਾਅਵਾ ਹੈ ਕਿ ਉਹ ਇਕ ਔਸਤ ਸਧਾਰਨ ਵਿਅਕਤੀ ਹੈ ਅਤੇ ਇਸੇ ਦ੍ਰਿਸ਼ਟੀ ਤੋਂ ਹੀ ਉਹ ਆਪਣੀ ਸਵੈ-ਜੀਵਨੀ ਲਿਖ ਰਿਹਾ ਹੈ ਅਤੇ ਇਸ ਸਵੈ-ਜੀਵਨੀ ਰਾਹੀਂ ਉਸ ਨੇ ਆਪਣੇ ਆਪ ਦਾ ਵਿਸ਼ਲੇਸ਼ਣ ਹੀ ਕੀਤਾ ਹੈ। ਇਸ ਤਰ੍ਹਾਂ ਇਸ ਸਵੈ-ਜੀਵਨੀ ਦਾ ਪਹਿਲਾ ਮਨੋਰਥ ਜੀਵਨ ਬਿਰਤਾਂਤ ਦੀ ਵਿਆਖਿਆ ਨਹੀਂ ਸਗੋਂ ਵਿਸ਼ਲੇਸ਼ਣ ਹੈ। ਇਸ ਵਿਸ਼ਲੇਸ਼ਣ ਰਾਹੀਂ ਹੀ ਉਹ ਪਰਿਵਾਰਕ, ਸਮਾਜਕ, ਆਰਥਕ, ਧਾਰਮਿਕ ਅਤੇ ਰਾਜਨੀਤਿਕ ਪ੍ਰਭਾਵਾਂ ਤੇ ਪ੍ਰੇਰਨਾਵਾਂ ਨੂੰ ਦਰਜ ਕਰਦੇ ਹਨ। ਭਾਵੇਂ ਉਹਨਾਂ ਦੀ ਰੁਚੀ ਧਾਰਮਿਕ ਅਤੇ ਰਾਜਨੀਤਿਕ ਵਿਸ਼ਿਆਂ ਨੂੰ ਪ੍ਰਗਟਾਉਣ ਵਿਚ ਨਹੀਂ ਹੈ ਪਰ ਉਹਨਾਂ ਦੇ ਜੀਵਨ ਵਿਚ ਇਹਨਾਂ ਦਾ ਪ੍ਰਭਾਵ ਅਤੇ ਪ੍ਰੇਰਨਾ ਨਿਰੰਤਰ ਬਣੀ ਰਹੀ ਹੈ। ਸਵੈ-ਜੀਵਨੀ ਵਿਚ ਅਨੇਕਾਂ ਘਟਨਾਵਾਂ ਅਜਿਹੀਆਂ ਹਨ ਜਿਹਨਾਂ ਦਾ ਸੰਬੰਧ ਇਹਨਾਂ ਵਿਸ਼ਿਆਂ ਨਾਲ ਜੁੜਿਆ ਹੋਇਆ ਹੈ। ਉਦਾਹਰਨ ਦੇ ਤੌਰ 'ਤੇ ਦੇਸ਼ ਦੀ ਵੰਡ ਉਪਰੰਤ ਉਸ ਦੇ ਪਰਿਵਾਰ ਦਾ ਸ਼ਰਨਾਰਥੀਆਂ ਵਜੋਂ ਉੱਜੜ ਕੇ ਆਉਣਾ ਪ੍ਰਮੁੱਖ ਰਾਜਨੀਤਿਕ ਘਟਨਾ ਨਾਲ ਸੰਬੰਧਿਤ ਵੇਰਵਾ ਹੈ ਜਿਹੜਾ ਉਹਨਾਂ ਦੇ ਸਮੁੱਚੇ ਪਰਿਵਾਰ ਦੇ ਤੰਗੀਆਂ ਤੁਰਸ਼ੀਆਂ ਵਾਲੇ ਜੀਵਨ ਦਾ ਕਾਰਨ ਬਣਦਾ ਹੈ। ਇਸੇ ਤਰ੍ਹਾਂ ਹੀ ਉਹਨਾਂ ਦੀ ਸ਼ਖ਼ਸੀਅਤ ਤੇ ਧਰਮ ਦਾ ਅਚੇਤ ਪ੍ਰਭਾਵ ਵੀ ਨਿਰੰਤਰ ਬਣਿਆ ਰਹਿੰਦਾ ਹੈ ਭਾਵੇਂ ਲੇਖਕ ਕਿਸੇ ਵਿਸ਼ੇਸ਼ ਧਰਮ ਨੂੰ ਗਲੋਰੀਫਾਈ ਨਹੀਂ ਕਰਦਾ ਪਰ ਉਹ ਅਕਸਰ ਸਿੱਖ ਧਰਮ ਦੇ ਇਤਿਹਾਸਕ ਵਿਅਕਤੀਆਂ ਦੀਆਂ ਕੁਰਬਾਨੀਆਂ ਤੇ ਸ਼ਹਾਦਤਾਂ ਨੂੰ ਉਦਾਹਰਨ ਦੇ ਤੌਰ 'ਤੇ ਵਰਤ ਕੇ ਆਪਣੇ ਪਾਠਕਾਂ ਦੀ ਅਗਵਾਈ ਜ਼ਰੂਰ ਕਰਦਾ ਹੈ।


ਡਾ. ਨਰਿੰਦਰ ਸਿੰਘ ਕਪੂਰ ਨੂੰ ਆਪਣੀ ਲਿਖੀ ਪੁਸਤਕ 'ਡੂੰਘੀਆਂ ਸਿਖ਼ਰਾਂ' (2011) ਆਪਣੀਆਂ ਹੋਰ ਰਚਨਾਵਾਂ ਦੇ ਮੁਕਾਬਲੇ ਅਤਿ ਮੁਲਵਾਨ ਤੇ ਮਹੱਤਵ ਵਾਲੀ ਲੱਗਦੀ ਹੈ ਜਿਸ ਨੂੰ ਉਹ ਆਪਣੀ 'ਲਾਡਲੀ ਰਚਨਾ' ਕਹਿੰਦੇ ਹਨ ਜਿਸ ਦੇ ਬਹੁਤੇ ਲੇਖ ਉਹ ਚੜ੍ਹਦੀ ਕਲਾ ਦੀ ਭਾਵਨਾ ਵਿਚੋਂ ਉਪਜੇ ਮੰਨਦੇ ਹਨ ਅਤੇ ਕਮਾਲ ਦੀ ਗੱਲ ਇਹ ਹੈ ਇਸ ਪੁਸਤਕ ਦਾ ਖ਼ੁਦ ਸਿਰਜਕ ਹੋਣ ਉਪਰੰਤ ਵੀ ਉਹ ਇਸ ਰਚਨਾ ਨੂੰ ਜਦੋਂ ਪਾਠਕ ਦੇ ਤੌਰ 'ਤੇ ਪੜ੍ਹਦੇ ਹਨ ਤਾਂ ਇਹ ਰਚਨਾ ਉਹਨਾਂ ਨੂੰ 'ਹੁਲਾਰਾ' ਦਿੰਦੀ ਮਹਿਸੂਸ ਹੁੰਦੀ ਹੈ। ਕਿਹਾ ਜਾ ਸਕਦਾ ਹੈ ਪੁਸਤਕ ਲਿਖਣ ਸਮੇਂ ਸਿਰਜਕ ਦਾ ਚੇਤਨ-ਅਵਚੇਤਨ ਇਸ ਕਦਰ ਹਰਕਤਸ਼ੀਲ ਅਤੇ ਸਿਰਜਣਾਤਮਕ ਸੀ ਕਿ ਲੇਖਕ ਖ਼ੁਦ ਇਕ ਪਾਠਕ ਦੇ ਤੌਰ 'ਤੇ ਉਸ ਪੁਸਤਕ ਤੋਂ ਪ੍ਰਭਾਵ ਕਬੂਲ

ਕਰਦਾ ਹੈ। ਇਹੀ ਉਹਨਾਂ ਦੀ ਵਾਰਤਕ ਦੀ ਖ਼ੂਬੀ ਹੈ ਜਿਹੜੀ ਉਹਨਾਂ ਨੂੰ ਖ਼ੁਦ ਨੂੰ ਕੀਲਣ ਦੀ ਵੀ ਸਮਰੱਥਾ ਰੱਖਦੀ ਹੈ।

ਅੰਗਰੇਜ਼ੀ ਭਾਸ਼ਾ ਤੱਕ ਡਾ. ਕਪੂਰ ਦੀ ਰਸਾਈ ਹੋਣ ਕਾਰਨ ਉਹਨਾਂ ਨੂੰ ਵਿਦੇਸ਼ੀ ਭਾਸ਼ਾਵਾਂ ਦੇ ਲੇਖਕਾਂ ਨੂੰ ਪੜ੍ਹਨਾ ਤੇ ਘੋਖਣਾ ਚੰਗਾ ਲੱਗਦਾ ਹੈ। ਸੋਚ ਪੱਖੋਂ ਉਹ ਆਪਣੇ ਆਪ ਨੂੰ ਵਿਸ਼ਵ ਨਾਗਰਿਕ ਸਮਝਦੇ ਹਨ ਅਤੇ ਅੰਗਰੇਜ਼ੀ ਦੇ ਅਨੇਕਾਂ ਲੇਖਕਾਂ ਤੋਂ ਪ੍ਰਭਾਵਿਤ ਵੀ ਹਨ ਪਰ ਆਪਣੀਆਂ ਰਚਨਾਵਾਂ ਵਿਚ ਪੰਜਾਬੀ ਜੀਵਨ-ਜਾਚ ਦੇ ਉਹ ਸੂਤਰ ਪੇਸ਼ ਕਰਦਾ ਹੈ ਜਿਹਨਾਂ ਦਾ ਸੰਬੰਧ ਆਮ ਲੋਕਾਂ ਨਾਲ ਹੁੰਦਾ ਹੈ। ਇਸ ਤਰ੍ਹਾਂ ਉਹ ਵਿਸ਼ਵ ਦੇ ਗਿਆਨ ਨੂੰ ਸੌਖੀ ਤੇ ਸਰਲ ਭਾਸ਼ਾ ਵਿਚ ਪੇਸ਼ ਕਰਦੇ ਹਨ। ਹਥਲੀ ਸਵੈ-ਜੀਵਨੀ ਵਿਚ ਵੀ ਡਾ. ਕਪੂਰ ਸਰਲ ਤੇ ਸੁਗਮ ਭਾਸ਼ਾ ਰਾਹੀਂ ਆਪਣਾ ਜੀਵਨ ਬਿਰਤਾਂਤ ਪਾਠਕਾਂ ਨਾਲ ਸਾਂਝਾ ਕਰਦੇ ਹਨ ਇਸ ਤਰ੍ਹਾਂ ਉਹਨਾਂ ਦੀ ਭਾਸ਼ਾ ਬੋਝਲ ਤੇ ਅਕਾਊ ਨਹੀਂ ਸਗੋਂ ਰੋਚਕ ਵਾਰਤਕ ਦਾ ਉੱਤਮ ਨਮੂਨਾ ਹੈ।

ਉਹਨਾਂ ਦੀ ਵਾਰਤਕ ਸ਼ੈਲੀ ਵਾਰਿਸ ਦੀ ਹੀਰ ਦੀ ਹੇਕ ਵਰਗੀ ਹੈ ਜਿਹੜੀ ਉਹਨਾਂ ਨੇ ਖ਼ੁਦ ਆਪਣੇ ਉੱਦਮ ਨਾਲ ਪੈਦਾ ਕੀਤੀ ਹੈ। ਪੰਜਾਬੀ ਵਿਚ ਜੇਕਰ ਕੋਈ ਉਹਨਾਂ ਵਰਗੀ ਵਾਰਤਕ ਲਿਖਣਾ ਚਾਹੇ ਤਾਂ ਉਹ ਫੱਟ ਫੜਿਆ ਜਾਵੇਗਾ ਕਿ ਲੇਖਕ ਡਾ. ਨਰਿੰਦਰ ਸਿੰਘ ਕਪੂਰ ਤੋਂ ਬੇਹੱਦ ਪ੍ਰਭਾਵਿਤ ਹੈ। ਇਹ ਉਹਨਾਂ ਦੀ ਪ੍ਰਾਪਤੀ ਹੈ ਕਿ ਅਨੇਕਾਂ ਲੇਖਕਾਂ ਨੇ ਉਹਨਾਂ ਵਰਗੀ ਵਾਰਤਕ ਰਚਣ ਦਾ ਯਤਨ ਵੀ ਕੀਤਾ ਹੈ ਪਰ ਜਿਹੜੀ ਸਫਲਤਾ ਅਤੇ ਸੁਭਾਗ ਪੰਜਾਬੀ ਸਾਹਿਤ ਵਿਚ ਉਹਨਾਂ ਨੂੰ ਪ੍ਰਾਪਤ ਹੋਇਆ ਹੈ ਉਹ ਕਿਸੇ ਦੇ ਹਿੱਸੇ ਨਹੀਂ ਆਇਆ। ਅਸੀਂ ਯਕੀਨ ਨਾਲ ਕਹਿ ਸਕਦੇ ਹਾਂ ਕਿ ਪੰਜਾਬੀ ਪਾਠਕਾਂ ਨੂੰ ਇਸ ਸਵੈ-ਜੀਵਨੀ ਨੂੰ ਪੜ੍ਹਨ ਉਪਰੰਤ ਮਨੁੱਖੀ ਵਿਹਾਰ ਬਾਰੇ ਬੜਾ ਕੁਝ ਨਵਾਂ ਸਿੱਖਣ ਨੂੰ ਮਿਲੇਗਾ। ਇਹ ਸਵੈ-ਜੀਵਨੀ ਹਾਰਿਆਂ, ਹੰਭਿਆਂ ਲੋਕਾਂ ਨੂੰ ਹੌਂਸਲਾ ਦਿੰਦੀ ਹੋਈ ਉਹਨਾਂ ਨੂੰ ਕੁਝ ਉਸਾਰੂ ਕਰਨ ਲਈ ਨਿਰੰਤਰ ਉਤਸ਼ਾਹਿਤ ਕਰਦੀ ਹੈ ਅਤੇ ਕਰਦੀ ਰਹੇਗੀ। ਇਸੇ ਲਈ ਅਸੀਂ ਇਸ ਸਵੈ-ਜੀਵਨੀ ਨੂੰ ਉੱਦਮ ਅਤੇ ਉਤਸ਼ਾਹ ਦਾ ਭਵਿੱਖਾਰਥੀ ਪ੍ਰਵਚਨ ਕਿਹਾ ਹੈ।

123/6 ਐਡਵੋਕੇਟ ਕਲੋਨੀ, ਚੀਕਾ,
ਜ਼ਿਲ੍ਹਾ-ਕੈਥਲ, (ਹਰਿਆਣਾ)-136034
94676-54643



## ਅਸੀਂ ਦੋਵੇਂ ਰੋਈਏ

ਪ੍ਰਿੰਸੀਪਲ ਬ੍ਰਿਜ ਭੂਸ਼ਣ ਸ਼ਰਮਾ

ਆ ਰੱਬਾ ਅਸੀਂ ਦੋਵੇਂ ਰੋਈਏ,
ਦਿਲ ਦੇ ਦਰਦ ਲੁਕੋਈਏ।
ਤੂੰ ਬੱਦਲਾਂ ਨੂੰ,
ਤੇ ਮੈਂ ਅੱਖੀਆਂ ਨੂੰ
ਹੰਝੂਆਂ ਨਾਲ ਭਿਓਂਈਏ।
ਇਕ ਇਕ ਮੋਤੀ 'ਕੱਠੇ ਕਰਕੇ
ਧਾਗਾ ਦਰਦ ਪਿਰੋਈਏ।
ਦਿਲ ਦੇ ਅੰਦਰਲੇ
ਦਰਦ ਦਬਾ ਕੇ।
ਹੱਸ ਕੇ ਖੜ੍ਹੇ ਖਲੋਈਏ
ਆ ਰੱਬਾ ਅਸੀਂ ਦੋਵੇਂ ਰੋਈਏ
ਦਿਲ ਦੇ ਦਰਦ ਲੁਕੋਈਏ
ਦਰਦ ਨੇ ਕੰਬਲੀ ਕਾਲੀ ਕੀਤੀ
ਹੁਣ ਕੀ ਘੋਲ ਘਲੋਈਏ
ਗਿਲੇ ਸ਼ਿਕਵੇ ਨੂੰ 'ਭੂਸ਼ਨ' ਯਾਰਾ
ਸਾਗਰ ਵਿੱਚ ਡੁਬੋਈਏ
ਆ ਰੱਬਾ ਅਸੀਂ ਰੱਜ ਕੇ ਰੋਈਏ
ਦਿਲ ਦੇ ਦਰਦ ਲਕੋਈਏ
ਆ ਰੱਬਾ ਅਸੀਂ ਦੋਵੇਂ ਰੋਈਏ।

ਪ੍ਰਧਾਨ, ਪੰਜਾਬੀ ਰਾਈਟਰਸ ਕਲੱਬ
ਪਿੰਜੌਰ। (ਹਰਿਆਣਾ)
92546-26299

# ਸ਼ੀਲਾ ਭਾਟੀਆ ਤੇ ਪੰਜਾਬੀ ਉਪੇਰਾ: ਇਕ ਸਫ਼ਰ

ਰਵੀ ਤਨੇਜਾ



ਕਿਹਾ ਜਾਂਦਾ ਹੈ ਕਿ ਨਾਟਕਾਂ ਦਾ ਜਨਮ ਨ੍ਰਿਤ ਤੋਂ ਹੋਇਆ, ਨ੍ਰਿਤ ਨੇ ਫਿਰ ਨ੍ਰਿਤ-ਨਾਟਿਕਾ ਦਾ ਰੂਪ ਅਖ਼ਤਿਆਰ ਕਰ ਲਿਆ। ਜੇਕਰ ਇਹ ਸਹੀ ਹੈ ਤਾਂ ਰੰਗਮੰਚ ਦੀ ਵਿਕਾਸ ਯਾਤਰਾ ਵਿਚ ਉਪੇਰਾ ਸ਼ੈਲੀ ਦਾ ਸਥਾਨ ਨਾਟਕਾਂ ਤੋਂ ਉੱਤੇ ਹੋਣਾ ਚਾਹੀਦਾ ਹੈ। ਨ੍ਰਿਤ, ਸੰਗੀਤ, ਕਵਿਤਾ, ਗਾਣੇ ਅਦਿ ਦੇ ਮਿਸ਼ਰਨ ਕਾਰਨ ਹੀ ਅਸੀਂ ਉਪੇਰਾ ਨੂੰ ਸਭ ਤੋਂ ਮੁਸ਼ਕਿਲ ਵਿਧਾ ਮੰਨਦੇ ਹਾਂ। ਪਰ ਇਸ ਦੀਆਂ ਇਹਨਾਂ ਮੁਸ਼ਕਿਲਾਂ ਪਿੱਛੇ ਇਕ ਆਕਰਸ਼ਣ ਵੀ ਲੁਕਿਆ ਹੋਇਆ ਹੈ।

ਹਿੰਦੁਸਤਾਨ ਦਾ ਪਹਿਲਾ ਉਪੇਰਾ ਜੋ ਹਿੰਦੁਸਤਾਨੀ ਭਾਸ਼ਾ ਦੇ ਵਿਚ ਲਿਖਿਆ ਗਿਆ, ਉਹ ਸੀ ਇੰਦਰਸਭਾ। ਉਪੇਰਾ ਸ਼ੈਲੀ ਵਿਚ ਸੰਗੀਤ, ਕਹਾਣੀ ਨੂੰ ਅੱਗੇ ਵਧਾਉਂਦਾ ਹੈ। ਇੰਦਰਸਭਾ ਸੰਗੀਤ ਨਾਟਕ ਦਾ ਅਜਿਹਾ ਕਲਾਤਮਕ ਰੂਪ ਹੈ ਜਿਸ ਵਿਚ ਸੱਯਦ ਆਗ਼ਾ ਹਸਨ ਅਮਾਨਤ ਨੇ ਹਿੰਦੁਸਤਾਨ ਵਿਚ ਪ੍ਰਚਲਿਤ ਨਾਟ ਰੂਪਾਂ ਜਿਵੇਂ: ਰਾਮਲੀਲਾ, ਰਾਸਲੀਲਾ, ਭਗਤਬਾਜ਼ੀ, ਦਾਸਤਾਨਗੋਈ ਦੀ ਬੈਠਕ ਤੇ ਮੁਜਰਿਆਂ ਦੇ ਤੱਤ ਵੀ ਸ਼ਾਮਿਲ ਕੀਤੇ। ਰੰਗ ਚਿੰਤਕ ਸ੍ਰੀ ਮਹੇਸ਼ ਆਨੰਦ ਅਨੁਸਾਰ, 'ਮਸਨਵੀ ਸ਼ੈਲੀ ਦੇ ਇਸ ਗੀਤੀ-ਕਾਵਿ ਵਿਚ ਰਾਸਲੀਲਾ ਦੇ ਅਨੇਕ ਰਚਨਾਤਮਕ ਪਹਿਲੂ ਇੰਝ ਰਲ-ਮਿਲ ਗਏ ਕਿ 'ਇੰਦਰਸਭਾ' ਇਕ ਵਿਸ਼ਿਸ਼ਟ ਨਾਟ-ਰੂਪ ਦੇ ਅਰਥਾਂ ਵਿਚ ਸਵੀਕਾਰਿਆ ਗਿਆ ਤੇ ਇਸ ਦਾ ਇਹ ਰੂਪ ਉਪੇਰਾ ਸ਼ੈਲੀ ਨਾਲ ਰਲ-ਮਿਲ ਜਾਂਦਾ ਹੈ।'

ਪੰਜਾਬੀ ਉਪੇਰਾ ਦੀ ਗੱਲ ਕਰਦਿਆਂ ਪ੍ਰਸ਼ਨ ਇਹ ਉੱਠਦੇ ਹਨ ਕਿ, ਕੀ ਪੰਜਾਬੀ ਸਾਹਿਤ ਤੇ ਕਲਾ ਵਿਚ ਕੋਈ ਅਜਿਹੀ ਖ਼ਾਸ ਵਿਸ਼ੇਸ਼ਤਾ ਹੈ ਜਿਸ ਕਾਰਨ ਇਹ ਸੰਭਵ ਹੋਇਆ? ਪੰਜਾਬੀ ਵਿਚ ਉਪੇਰਾ ਨਾਲ ਸੰਬੰਧਿਤ ਅਜਿਹੀ ਦੂਜੀ ਕੋਈ ਪਰੰਪਰਾਗਤ ਸਾਹਿਤ ਵਿਧਾ ਹੈ? ਕੀ ਇਹ ਵਿਧਾ ਅਚਾਨਕ ਸਾਹਮਣੇ ਆਈ ਹੈ? ਪੰਜਾਬੀ ਰੰਗਮੰਚ ਵਿਚ ਉਪੇਰਾ ਸ਼ੈਲੀ ਦਾ ਸਫ਼ਰ ਕਿਵੇਂ ਸ਼ੁਰੂ ਹੋਇਆ?

ਇਹਨਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਲੱਭਣ ਦੇ ਨਾਲ-ਨਾਲ ਪੰਜਾਬੀ ਉਪੇਰਾ ਦੇ ਵਿਕਾਸ ਦੀ ਖੋਜ ਵੀ ਨਾਲ ਹੀ ਕਰਨੀ ਬਣਦੀ ਹੈ। ਇਸ ਦੇ ਲਈ ਜ਼ਰੂਰੀ ਹੈ ਕਿ ਅਸੀਂ ਸ਼ੀਲਾ ਭਾਟੀਆ ਦੀ ਰੰਗਮੰਚੀ ਯਾਤਰਾ ਦੇ ਨਾਲ ਚੱਲੀਏ।

ਸ਼ੀਲਾ ਭਾਟੀਆ ਨੇ ਆਪਣੀ ਸਕੂਲੀ ਸਿੱਖਿਆ ਸਿਆਲਕੋਟ (ਹੁਣ ਪਾਕਿਸਤਾਨ) ਤੋਂ ਪੂਰੀ ਕੀਤੀ ਮਗਰੋਂ ਕਾਲਜ ਦੀ ਪੜ੍ਹਾਈ ਲਈ ਲਾਹੌਰ ਆ ਗਈ। ਇੱਥੇ ਹੀ ਨਾਟਕਾਂ ਪ੍ਰਤੀ ਇਹਨਾਂ ਦਾ ਰੁਝਾਨ ਹੋਇਆ। ਅਜ਼ਾਦੀ ਦੀ ਸੰਘਰਸ਼ ਜ਼ੋਰਾਂ 'ਤੇ ਸੀ। ਪੰਜਾਬ ਵਿਚ ਇਸ ਦਾ ਕੇਂਦਰ ਲਾਹੌਰ ਸੀ। ਕਾਲਜ ਦੇ ਵਿਦਿਆਰਥੀ ਇਸ ਸੰਘਰਸ਼ ਵਿਚ ਵੱਧ ਚੜ੍ਹ ਕੇ ਹਿੱਸਾ ਲੈ ਰਹੇ ਸਨ, ਜਿਹਨਾਂ ਵਿਚ ਸ਼ੀਲਾ ਭਾਟੀਆ ਵੀ ਇਕ ਸੀ। ਇਪਟਾ ਨਾਲ ਮਿਲ ਕੇ ਸ਼ੀਲਾ ਭਾਟੀਆ ਰਾਸ਼ਨ ਦੀਆਂ ਦੁਕਾਨਾਂ ਸਾਹਮਣੇ, ਜਲਸਿਆਂ, ਬਜ਼ਾਰਾਂ, ਗਲੀ-ਕੂਚਿਆਂ 'ਤੇ ਨੁੱਕੜ ਨਾਟਕ ਕਰਨ ਲੱਗੀ। ਸਰ ਗੰਗਾਰਾਮ ਸਕੂਲ ਦੀ ਪ੍ਰਿੰਸੀਪਲ ਮ੍ਰਿਣਾਲਿਨੀ ਚਟੋਪਾਧਿਆਇ ਨਾਲ ਹੋਈ ਮੁਲਾਕਾਤ ਸ਼ੀਲਾ ਦੀ ਜ਼ਿੰਦਗੀ ਵਿਚ ਅਹਿਮ ਮੋੜ ਸਾਬਿਤ ਹੋਈ। ਪ੍ਰਿ. ਮ੍ਰਿਣਾਲਿਨੀ ਰਿਸ਼ਤੇ ਵਿਚ ਸਰੋਜਿਨੀ ਨਾਇਡੂ ਦੀ ਭੈਣ ਲੱਗਦੀ ਸੀ। ਇਹ ਉਹ ਦੌਰ ਸੀ ਜਦੋਂ ਸ਼ੀਲਾ ਕਮਿਊਨਿਸਟ ਪਾਰਟੀ ਦੀ ਸਭਿਆਚਾਰਕ ਵਿੰਗ ਇਪਟਾ ਨਾਲ ਜੁੜੀ। ਇਧਰੋਂ ਹੀ ਸ਼ੀਲਾ ਨੇ ਨਾਟਕਾਂ ਵਿਚ ਹਿੱਸਾ ਲੈਣਾ ਸ਼ੁਰੂ ਕੀਤਾ। ਇਹਨਾਂ ਨਾਟਕਾਂ ਲਈ ਉਹ ਦੇਸ਼ਭਗਤੀ ਦੀ ਭਾਵਨਾ ਨਾਲ ਭਰੇ ਗੀਤ ਵੀ ਲਿਖਦੀ ਸੀ ਜਿਵੇ:

ਉਠ ਕੁੜੀਏ ਮੁਟਿਆਰੇ ਨੀ, ਤੇਰਾ ਦੇਸ ਤੈਨੂੰ ਲਲਕਾਰੇ ਨੀ,
ਤੂੰ ਆਪੇ ਭੁੱਖ ਮਿਟਾਣੀ ਏ, ਤੂੰ ਆਪੇ ਨੰਗ ਮਿਟਾਣੀ ਏ
ਇੱਜ਼ਤ ਤੂੰ ਆਪ ਬਚਾਣੀ ਏ, ਸਾਡੇ ਲੀਡਰ ਸੁਣਨੋਂ ਹਾਰੇ ਨੀ
ਉੱਠ ਕੁੜੀਏ ਮੁਟਿਆਰੇ ਨੀ......

ਮੁਲਕ ਦੇ ਬਟਵਾਰੇ ਵੇਲੇ ਸ਼ੀਲਾ ਪੰਜਾਬੀ ਕਿੱਸੇ ਕਹਾਣੀਆਂ ਤੇ ਲੋਕ-ਗੀਤਾਂ ਦੀ ਗਠੜੀ ਬੰਨ੍ਹ ਕਸ਼ਮੀਰ ਦੇ ਰਸਤਿਓਂ ਦਿੱਲੀ ਆ ਗਈ। ਕੁਝ ਚਿਰ ਮਗਰੋਂ ਉਸਨੇ ਆਪਣਾ ਧਿਆਨ ਮੁੜ ਨਾਟਕਾਂ ਵਲ ਲਾਇਆ। ਲਾਹੌਰ ਦੇ ਆਪਣੇ ਪੁਰਾਣੇ ਸਾਥੀ ਇਕੱਠੇ ਕੀਤੇ। ਹਾਲੀ ਸਾਹਿਬ, ਸ਼ੰਨੋ ਖੁਰਾਨਾ, ਊਸ਼ਾ ਭਗਤ, ਸਨੇਹਲਤਾ, ਰਮੇਸ਼ਚੰਦ, ਸੁਤੰਤਰਾ ਪ੍ਰਕਾਸ਼ ਨਾਲ ਮਿਲ ਕੇ ਇਕ ਨਾਟ-ਟੋਲੀ ਬਣਾਈ ਤੇ ਨਾਂ ਰੱਖਿਆ 'ਦਿੱਲੀ ਆਰਟ ਥੀਏਟਰ'। ਸ਼ੀਲਾ ਨੇ 'ਵਾਦੀ ਦੀ ਗੂੰਜ' ਨਾਲ ਆਪਣੇ ਨਾਟਕੀ ਸਫ਼ਰ ਦੀ ਸ਼ੁਰੂਆਤ ਕੀਤੀ। ਇਸ ਨਾਟਕ ਨੂੰ ਪੰਜਾਬੀ ਦਾ ਪਹਿਲਾਂ ਓਪੇਰਾ ਮੰਨਿਆ ਜਾਂਦਾ ਹੈ। ਇਸ ਤੋਂ ਪਹਿਲਾਂ ਬ੍ਰਿਜ ਲਾਲ ਸ਼ਾਸਤਰੀ ਅਤੇ ਪ੍ਰੋ. ਮੋਹਨ ਸਿੰਘ ਨੇ ਕਾਵਿ-ਨਾਟਕ ਜ਼ਰੂਰ ਲਿਖੇ ਪਰ ਓਪੇਰਾ ਵਰਗੀ ਕੋਈ ਰਚਨਾ ਪੰਜਾਬੀ ਸਾਹਿਤ ਜਗਤ ਵਿਚ ਉਦੋਂ ਨਹੀਂ ਮਿਲਦੀ ਸੀ। 'ਵਾਦੀ ਦੀ ਗੂੰਜ' ਤੋਂ ਸ਼ੀਲਾ ਦਾ ਸਫ਼ਰ ਦਿੱਲੀ ਦੇ ਪੰਜਾਬੀ ਰੰਗਮੰਚ ਨਾਲ ਸ਼ੁਰੂ ਹੁੰਦਿਆਂ ਹੀ ਦਿੱਲੀ ਪੰਜਾਬੀ ਰੰਗਮੰਚ ਦਾ ਨਵਾਂ ਇਤਿਹਾਸ ਸਿਰਜਿਆ ਜਾਣਾ ਵੀ ਸ਼ੁਰੂ ਹੋ ਗਿਆ। ਇਹ ਨਾਟਕ ਦਿੱਲੀ ਦੇ ਵਾਈ. ਐਮ. ਸੀ. ਏ (YMCA) ਦੇ ਹਾਲ ਵਿਚ ਖੇਡਿਆ ਗਿਆ। ਦਰਸ਼ਕਾਂ ਮੁਤਾਬਿਕ, "ਇਹ ਇਕ ਸਫਲ ਨਾਟਕ ਸੀ ਤੇ ਹਾਲ ਦਰਸ਼ਕਾਂ ਨਾਲ ਭਰਿਆ ਹੋਇਆ ਸੀ।" ਰੰਗ ਆਲੋਚਕ ਰਮੇਸ਼ ਚੰਦ ਨੇ ਦੂਜੇ ਦਿਨ ਇਸ ਨਾਟਕ ਦੀ ਸਮੀਖਿਆ ਕਰਦਿਆਂ ਉਸ ਨੂੰ 'ਸ਼ਾਬਾਸ਼ ਸ਼ੀਲਾ' ਦਾ ਸਿਰਲੇਖ ਦਿੱਤਾ। ਖ਼ੈਰ ਹੁਣ ਸ਼ੀਲਾ ਦੁਆਰਾ ਖੇਡੇ ਨਾਟਕਾਂ ਦੇ ਮੰਚਨ ਬਾਰੇ ਗੱਲ ਕਰਨੀ ਬਣਦੀ ਹੈ। ਧਿਆਨ ਨਾਲ ਵੇਖਿਆ ਜਾਵੇ ਤਾਂ 'ਵਾਦੀ ਦੀ ਗੂੰਜ' ਓਪੇਰਾ ਨਹੀਂ ਸੀ ਪਰ ਗੀਤਾਂ ਨਾਲ ਭਰਪੂਰ ਹੋਣ ਕਾਰਨ ਇਸ ਨੂੰ ਓਪੇਰਾ ਦਾ ਨਾਂ ਦਿੱਤਾ ਗਿਆ। ਇਸ ਪੇਸ਼ਕਾਰੀ ਵਿਚ ਦਿੱਲੀ ਦੇ ਰੰਗਮੰਚ 'ਤੇ ਸ਼ੀਲਾ ਨੇ ਪਹਿਲੀ ਵਾਰ ਪੰਜਾਬੀ ਲੋਕ-ਗੀਤਾਂ ਨੂੰ ਕ੍ਰਮਵਾਰ ਤੇ ਕਥਾਬੱਧ ਤਰੀਕੇ ਨਾਲ ਦੇਣ ਦੀ ਕੋਸ਼ਿਸ਼ ਕੀਤੀ ਸੀ ਜਿਸ ਅੰਦਰ 1947 ਵਿਚ ਕਸ਼ਮੀਰ ਉੱਤੇ ਪਾਕਿਸਤਾਨ ਦੇ ਹਮਲਿਆਂ ਨੂੰ ਅਤੇ ਕਸ਼ਮੀਰੀ ਆਵਾਮ ਦੇ ਸਾਹਸੀ ਸੰਘਰਸ਼ ਨੂੰ ਦਿਖਾਇਆ ਗਿਆ। ਦੇਸ਼ ਨਵਾਂ-ਨਵਾਂ ਅਜ਼ਾਦ ਹੋਇਆ ਸੀ। ਦੇਸ਼-ਭਗਤੀ ਨਾਲ ਭਰਿਆ ਮਾਹੌਲ ਸੀ। ਉਸ ਵੇਲੇ ਦੇ ਮਾਹੌਲ ਮੁਤਾਬਕ ਕਥਾਨਕ ਹੋਣ ਕਰਕੇ ਲੋਕਾਂ ਨੇ ਇਸ ਨੂੰ ਨਾ ਕੇਵਲ ਸਮਝਿਆ ਸਗੋਂ ਪਸੰਦ ਵੀ ਕੀਤਾ। ਕਿਹਾ ਜਾਂਦਾ ਹੈ ਕਿ ਇਸ ਦਾ ਇਕ ਗੀਤ ਉਸ ਵੇਲੇ ਲੋਕਾਂ ਨੇ ਬਹੁਤ ਪਸੰਦ ਕੀਤਾ;

**ਬਣਜਾਰਾ ਮੈਂ ਪਰਦੇਸੀ, ਹਾਂ ਆਸ਼ਿਕ ਹਿੰਦੁਸਤਾਨ ਦਾ...**

ਜੇਕਰ ਉਸ ਵੇਲੇ ਦੇ ਨਾਟਕ ਜਗਤ ਦੇ ਸਿਆਣਿਆਂ/ਦਿੱਗਜਾਂ ਦੀ ਮੰਨੀਏ ਤਾਂ 'ਵਾਦੀ ਦੀ ਗੂੰਜ' ਦੀ ਪ੍ਰਸਤੁਤੀ ਕਲਾਤਮਕ ਹੋਣ ਦੀ ਬਜਾਏ ਭਾਵਨਾਤਮਕ ਵਧੇਰੇ ਸੀ ਤੇ ਮੰਚ ਦੀ ਦ੍ਰਿਸ਼ਟੀ ਤੋਂ ਕਮਜ਼ੋਰ ਸੀ। ਅਜਿਹਾ ਪ੍ਰਤੀਤ ਹੁੰਦਾ ਸੀ ਕਿ ਗੀਤਾਂ ਦੇ ਭਾਰੀ-ਭਾਰੀ ਮਣਕਿਆਂ ਲਈ ਕਮਜ਼ੋਰ ਤੇ ਬਰੀਕ ਧਾਗੇ ਦਾ ਸਹਾਰਾ ਲਿਆ ਗਿਆ ਸੀ ਜੋ ਕਈ ਵਾਰੀ ਵਿਚਕਾਰੋਂ ਟੁੱਟਵਾਂ ਜਿਹਾ ਜਾਪਦਾ ਸੀ ਪਰ ਦਰਸ਼ਕਾਂ ਨੇ ਇਸ ਨੂੰ ਹੱਥੋਂ-ਹੱਥ ਲਿਆ। ਇਸ ਦੀ ਪ੍ਰਸਿੱਧੀ ਕਾਰਨ ਹੀ ਪੰਜਾਬੀ ਰੰਗਮੰਚ ਵਿਚ ਪਹਿਲੀ ਵਾਰ ਓਪੇਰਾ ਸ਼ੈਲੀ ਵਿਚ ਖੇਡੇ ਨਾਟਕ ਦਾ ਜਨਮ ਸਥਾਨ ਦਿੱਲੀ ਮੰਨਿਆ ਗਿਆ। ਸੰਨ 1951 ਦੀ ਇਹ ਪੇਸ਼ਕਾਰੀ, ਪਾਕਿਸਤਾਨ ਤੋਂ ਉੱਜੜ ਕੇ ਦਿੱਲੀ ਵਸੇ ਪੰਜਾਬੀਆਂ ਲਈ ਮਲ੍ਹਮ ਸੀ। ਆਪਣੀਆਂ ਜੜ੍ਹਾਂ ਦੀ ਤਲਾਸ਼ ਕਰਨ ਵਰਗੀ ਸੀ, ਜੋ ਸਹੀ ਅਰਥਾਂ ਵਿਚ ਸ਼ੀਲਾ ਅਤੇ ਦਰਸ਼ਕਾਂ ਦੋਹਾਂ ਲਈ ਭਾਵਨਾਤਮਕ ਜ਼ਿਆਦਾ ਸੀ।

ਦਰਸ਼ਕਾਂ ਤੋਂ ਮਿਲੀ ਇਸ ਹੱਲਾਸ਼ੇਰੀ ਸਦਕਾ ਸ਼ੀਲਾ ਨੇ 'ਰੁੱਖੇ ਖੇਤ' ਨਾਂ ਹੇਠ ਨਵਾਂ ਓਪੇਰਾ ਲਿਖਿਆ ਜੋ ਦਿੱਲੀ ਅੰਦਰ 1953 ਵਿਚ ਖੇਡਿਆ ਗਿਆ। 'ਰੁੱਖੇ ਖੇਤ' ਅਕਾਲ ਪੈਣ 'ਤੇ ਕਿਸਾਨਾਂ ਦੀ ਦੀਨ ਦਸ਼ਾ ਦਾ ਤ੍ਰਾਸਦਿਕ ਚਿਤਰਨ ਸੀ। ਮੰਨਿਆ ਜਾਂਦਾ ਹੈ ਕਿ ਇਸ ਓਪੇਰਾ ਵਿਚ ਉਦੇਸ਼ ਤੇ ਪ੍ਰਚਾਰ ਦੇ ਵਾਧੂ ਹੋਣ ਕਾਰਨ ਪੂਰੀ ਪੇਸ਼ਕਾਰੀ ਉਸ ਦੇ ਹੇਠਾਂ ਦੱਬ ਕੇ ਰਹਿ ਗਈ। 'ਰੁੱਖੇ ਖੇਤ' ਦੀ ਪੇਸ਼ਕਾਰੀ ਕਿਸਾਨਾਂ ਦੇ ਹਾਲਾਤਾਂ ਦਾ ਸਹੀ ਚਿਤਰਨ ਕਰਨ ਵਿਚ ਪੂਰੀ ਤਰ੍ਹਾਂ ਅਸਫ਼ਲ ਰਹੀ। ਇਸ ਅਸਫ਼ਲਤਾ ਨੇ ਸ਼ੀਲਾ ਨੂੰ ਮਜਬੂਰ ਕੀਤਾ ਕਿ ਉਹ ਓਪੇਰਾ ਸ਼ੈਲੀ ਦੇ ਗੁਣ-ਦੋਸ਼ਾਂ ਅਤੇ ਪ੍ਰਸਤੁਤੀਕਰਨ ਬਾਰੇ ਮੁੜ ਵਿਚਾਰ ਕਰੇ। ਸ਼ੀਲਾ ਇਕ

ਸੁਆਲ ਦੇ ਜੁਆਬ ਵਜੋਂ ਕਹਿੰਦੀ ਹੈ, "ਇਸ ਸ਼ੈਲੀ ਨੂੰ ਸਮਝਣ ਲਈ ਸ਼ਾਇਦ ਗ਼ਲਤੀਆਂ ਤੋਂ ਸਿੱਖਣ ਦਾ ਇਹ ਮੇਰਾ ਪੜਾਅ ਸੀ।" ਰੰਗਮੰਚ ਜੜ੍ਹ ਨਹੀਂ ਹੋਣਾ ਚਾਹੀਦਾ ਸਗੋਂ ਇਸ ਅੰਦਰ ਰਵਾਨਗੀ ਲਾਜ਼ਮੀ ਹੈ, ਵਗਦੇ ਦਰਿਆ ਵਾਂਗ। ਪਰਿਵਰਤਨ, ਅੱਗੇ ਵੱਧਣ ਦਾ ਨਾਂ ਹੈ ਤੇ ਠਹਿਰਾਓ ਸੜ੍ਹਾਂਦ ਪੈਦਾ ਕਰਦਾ ਹੈ।

ਨਾਟਕ-ਕਲਾ ਇਕ ਸ਼ਕਤੀਸ਼ਾਲੀ ਤੇ ਜ਼ਿੰਦਗੀ ਨਾਲ ਭਰਪੂਰ ਕਲਾ ਹੈ। ਕਿਸੇ ਵੀ ਰਚਨਾ ਦੀ ਮਜ਼ਬੂਤੀ ਲਈ ਉਸਦੀ ਰੀੜ੍ਹ ਦੀ ਹੱਡੀ ਦਾ ਹੋਣਾ ਜ਼ਰੂਰੀ ਹੈ ਜਿਸਦੇ ਸਹਾਰੇ ਕੋਈ ਕਥਾ ਤੇ ਪਾਤਰ ਖੜ੍ਹਾ ਹੋ ਸਕੇ। ਨਾਟਕ, ਇਕ ਮੁੱਖ ਸਮੱਸਿਆ ਉੱਪਰ ਹੀ ਫੋਕਸ ਹੋਣਾ ਚਾਹੀਦਾ ਹੈ। ਸਮੱਸਿਆਵਾਂ ਦੀ ਵੱਡੀ ਗਿਣਤੀ ਨਾਟਕ ਦੇ ਢਾਂਚੇ ਨੂੰ ਮਜ਼ਬੂਤੀ ਨਹੀਂ ਦਿੰਦੀ ਸਗੋਂ ਨਾਟਕ ਬਿਖਰ ਜਾਂਦਾ ਹੈ। ਸਮੱਸਿਆ ਨੂੰ ਹੱਲ ਕਰਨ ਲਈ ਨਾਇਕ, ਖਲਨਾਇਕ ਵਿਚ ਦਵੰਦ ਲਾਜ਼ਮੀ ਹੈ। ਸਮੱਸਿਆ ਦਾ ਮਨ-ਮਾਨਸ ਨਾਲ ਜੁੜੇ ਹੋਣਾ ਵੀ ਜ਼ਰੂਰੀ ਹੈ। ਭਾਵੇਂ ਨਾਇਕ ਦੀ ਅੰਤ ਵਿਚ ਮੌਤ ਹੀ ਕਿਉਂ ਨਾ ਹੋ ਜਾਵੇ ਪਰ ਉਸਦੇ ਬਦਲੇ ਵਿਚ ਸਮੱਸਿਆ ਦਾ ਖ਼ਤਮ ਹੋਣਾ ਤੇ ਸਮਾਜਿਕ ਕਾਰਜ ਦਾ ਪੂਰਾ ਹੋਣਾ ਜਾਂ ਪੂਰੇ ਹੋਣ ਦੀ ਦਿਸ਼ਾ ਵੱਲ ਵਧਣਾ ਹੋਵੇ। ਅਨੇਕ ਮੁੱਦੇ, ਬੇਮਤਲਬ ਦੇ ਗੀਤ, ਜੋ ਥੀਮ ਨਾਲ ਸੰਬੰਧਿਤ ਨਾ ਹੋਣ, ਇਹ ਸਭ ਵੀ ਪੇਸ਼ਕਾਰੀ ਵਿਚ ਖੜ੍ਹੋਤ ਪੈਦਾ ਕਰਦੇ ਹਨ। ਕਲਾਕਾਰਾਂ ਤੇ ਦਰਸ਼ਕਾਂ ਵਿਚਾਲੇ ਸੰਬੰਧਾਂ ਦੀ ਗੰਢ ਢਿੱਲੀ ਨਹੀਂ ਪੈਣੀ ਚਾਹੀਦੀ।

ਓਪੇਰਾ ਨਾਟ-ਸ਼ੈਲੀ ਦਾ ਜਨਮ ਸਥਾਨ ਇਟਲੀ ਨੂੰ ਮੰਨਿਆ ਜਾਂਦਾ ਹੈ। ਇੱਥੇ ਸ਼ਾਇਦ 16 ਵੀਂ ਸਦੀ ਵਿਚ ਓਪੇਰਾ ਦਾ ਮੰਚਨ ਪਹਿਲੀ ਵਾਰ ਹੋਇਆ। ਵਿਦਵਾਨਾਂ ਅਨੁਸਾਰ ਓਪੇਰਾ ਸ਼ਬਦ ਦਾ ਆਪਣਾ ਕੋਈ ਵਿਸ਼ੇਸ਼ ਅਰਥ ਨਹੀਂ। ਇਸਦਾ ਅਰਥ ਕੇਵਲ 'ਕਾਰਜ' ਹੁੰਦਾ ਹੈ ਜਿਸ ਵਿਚ ਸੰਗੀਤ ਦਾ ਮੁੱਖ ਰੂਪ ਵਿਚ ਸ਼ਾਮਿਲ ਹੋਣਾ ਜ਼ਰੂਰੀ ਹੈ। ਸ਼ੀਲਾ ਭਾਟੀਆ ਇਸ ਬਾਰੇ ਕਹਿੰਦੀ ਹੈ ਕਿ ਇਹ ਬੈਲੇ (ਨਾਟ-ਨ੍ਰਿਤ) ਵਰਗੇ ਉੱਚੇ ਦਰਜੇ ਦਾ ਅਜਿਹਾ ਮਾਧਿਅਮ ਹੈ ਜੋ ਗੀਤ ਅਤੇ ਸ਼ਬਦਾਂ ਦਾ ਕੋਮਲ ਤੇ ਸਿਰਜਣਾਤਮਕ ਸੰਗਠਨ ਹੈ। ਇਸ ਵਿਚ ਹਰ ਚੀਜ਼ ਗਾ ਕੇ ਪੇਸ਼ ਕੀਤੀ ਜਾਂਦੀ ਹੈ। ਅਭਿਨੈ, ਹਾਵ-ਭਾਵ, ਨ੍ਰਿਤ, ਸੰਗੀਤ ਦਾ ਸੰਗਮ ਹੀ ਓਪੇਰਾ ਨਾਟ-ਸ਼ੈਲੀ ਹੈ।18ਵੀਂ ਸਦੀ ਵਿਚ ਇਕ ਪ੍ਰਸਿੱਧ ਓਪੇਰਾ ਮਾਹਿਰ, **(ਬਿੱਲੀ ਬਾਲਡਵਾਨ ਗਲੂਕ)** ਨੇ ਓਪੇਰਾ ਦੇ ਮੂਲ ਤੱਤ ਬਾਰੇ ਇਸ ਗੱਲ 'ਤੇ ਜ਼ੋਰ ਦਿੱਤਾ ਸੀ ਕਿ, ਓਪੇਰਾ ਦੇ ਨਾਟਕੀ ਤੱਤ ਨੂੰ ਸੰਗੀਤ ਤੱਤ ਤੋਂ ਵੱਧ ਤਰਜ਼ੀਹ ਮਿਲਣੀ ਚਾਹੀਦੀ ਹੈ।'

ਸ਼ੀਲਾ ਭਾਟੀਆ ਨੇ ਗਲੂਕ ਦੀ ਇਸ ਗੱਲ ਤੋਂ ਪ੍ਰੇਰਣਾ ਲੈ, ਆਪਣੀਆਂ ਕਮੀਆਂ ਬਾਰੇ ਸੋਚਿਆ, ਸਮਝਿਆ ਤੇ ਆਪਣੀਆਂ ਅਗਲੀਆਂ ਪੇਸ਼ਕਾਰੀਆਂ ਅੰਦਰ ਸਕਾਰਾਤਮਕ ਪਰਿਵਰਤਨ ਕਰਨ ਦਾ ਨਿਰਣਾ ਕੀਤਾ। ਉਹ ਪੰਜਾਬੀ ਓਪੇਰਾ ਨੂੰ ਨਵਾਂ ਮੁਕਾਮ ਦੇਣ ਖ਼ਾਤਰ ਇਕ ਵਧੀਆ ਕਥਾਨਕ ਸਮੇਤ ਮੰਚ ਉੱਪਰ ਆਉਣ ਦੀਆਂ ਤਿਆਰੀਆਂ ਵਿਚ ਜੁੱਟ ਗਈ।

'ਹੀਰ-ਰਾਂਝਾ' ਪੰਜਾਬੀ ਦਾ ਕਲਾਸਿਕ ਮਹਾਂਕਾਵਿ ਹੈ। ਪ੍ਰੇਮ ਨਾਲ ਭਰੇ ਪ੍ਰੇਮੀਆਂ ਦੀ ਤ੍ਰਾਸਦਿਕ ਗਾਥਾ ਜਿਸਨੂੰ ਲਗਭਗ 250 ਸਾਲ ਪਹਿਲਾਂ ਵਾਰਿਸ ਸ਼ਾਹ ਨੇ ਰਚਿਆ ਸੀ। 'ਹੀਰ' ਪੰਜਾਬ ਦੇ ਲਗਭਗ ਹਰ ਪਿੰਡ, ਕਸਬਿਆਂ ਤੇ ਮੇਲਿਆਂ ਵਿਚ ਗਾਈ ਜਾਂਦੀ ਹੈ। ਇਸ ਦੀਆਂ ਧੁਨਾਂ ਹਰ ਪੰਜਾਬੀ ਮਨ-ਮਾਨਸਿਕਤਾ ਵਿਚ ਵਸੀ ਹੋਈ ਹੈ। ਸੰਘਰਸ਼ਮਈ ਨਾਟਕੀ ਪਹਿਲੂਆਂ ਨਾਲ ਸੰਬੰਧਿਤ ਹੋਣ ਦੇ ਨਾਲ-ਨਾਲ 'ਹੀਰ' ਵਿਚ ਉਹ ਸਾਰੇ ਗੁਣ ਸਨ ਜੋ ਕਿਸੇ ਓਪੇਰਾ ਦੀ ਸਫਲਤਾ ਲਈ ਜ਼ਰੂਰੀ ਹੁੰਦੇ ਹਨ।

ਦੁਨੀਆਂ ਦੀਆਂ ਬਾਕੀ ਪ੍ਰੀਤ ਕਹਾਣੀਆਂ ਦੇ ਮੁਕਾਬਲੇ 'ਹੀਰ-ਰਾਂਝਾ' ਦਾ ਕਿੱਸਾ ਸਰਲ ਹੋਣ ਦੇ ਨਾਲ-ਨਾਲ ਪਿਆਰ, ਵਿਛੋੜੇ ਤੇ ਸੰਘਰਸ਼ ਨਾਲ ਭਰਿਆ ਹੋਇਆ ਹੈ। ਇਸ ਕਹਾਣੀ ਵਿਚ ਖਲਨਾਇਕ ਵੀ ਹੈ ਤੇ ਫ਼ਕੀਰੀ ਵੀ। ਕਹਾਣੀ ਮੁਤਾਬਿਕ ਹੀਰ ਦਾ ਵਿਆਹ ਰਾਂਝੇ ਦੀ ਬਜਾਏ ਕਿਸੇ ਹੋਰ ਨਾਲ ਹੁੰਦਾ ਹੈ। ਹੀਰ ਨੂੰ ਲੱਭਦਾ ਰਾਂਝਾ ਜੋਗੀ ਬਣ, ਉਸ ਦੇ ਸਹੁਰੇ ਘਰ ਵੀ ਪਹੁੰਚ ਜਾਂਦਾ ਹੈ। ਮੌਕਾ ਮਿਲਦਿਆਂ ਹੀ ਦੋਵੇਂ ਘਰੋਂ ਨੱਸ ਜਾਂਦੇ ਹਨ ਤੇ ਫੜੇ ਵੀ ਜਾਂਦੇ ਹਨ। ਰਾਂਝਾ ਮਾਰਿਆ ਜਾਂਦਾ ਹੈ ਤੇ ਇੱਥੇ ਵਾਰਿਸ ਦੀ

ਕਹਾਣੀ ਵਿਚ ਸ਼ੀਲਾ ਅਖੀਰ ਦੀ ਇਸ ਘਟਨਾ ਨੂੰ ਬਦਲ ਦਿੰਦੀ ਹੈ। ਚਾਚੇ ਦੀ ਬਜਾਏ ਹੀਰ ਦੀ ਮਾਂ ਆਪਣੀ ਧੀ ਨੂੰ ਹੀ ਚਰਿੱਤਰਹੀਣ ਕਹਿ, ਜ਼ਹਿਰ ਦੇ ਦਿੰਦੀ ਹੈ। ਇਸ ਕਿਸਮ ਦੇ ਅੰਤ ਬਾਰੇ ਸ਼ੀਲਾ ਆਖਦੀ ਹੈ, ਇਹ ਔਰਤ ਦੀ ਤ੍ਰਾਸਦੀ ਹੈ। ਸਹੁਰਾ ਘਰ ਹੋਵੇ ਜਾਂ ਬਾਬਲ ਦਾ ਘਰ, ਔਰਤ ਮਰਦਾਂ ਦੀ ਮਰਜ਼ੀ ਬਗ਼ੈਰ ਕੁਝ ਨਹੀਂ ਕਰ ਸਕਦੀ। ਔਰਤ ਸਮਾਜਿਕ ਦਬਾਅ ਤੋਂ ਡਰਦੀ ਹੈ। ਉਹ ਜਾਣਦੀ ਹੈ ਕਿ ਪਿੱਤਰਸਤਾਤਮਕ ਬੇਦਰਦ ਸਮਾਜ ਹੀਰ ਦੇ ਟੋਟੇ-ਟੋਟੇ ਕਰ ਉਸ ਨੂੰ ਮਾਰ ਸੁੱਟੇਗਾ। ਉਸ ਦਾ ਮੰਨਣਾ ਹੈ ਕਿ ਜਦੋਂ ਮਰਦ ਅਜਿਹੇ ਕਾਰੇ ਨੂੰ ਅੰਜਾਮ ਦਿੰਦਾ ਹੈ ਤਾਂ ਉਹ ਪਿਓ, ਭਰਾ, ਤਾਇਆ, ਚਾਚਾ ਨਹੀਂ ਸਗੋਂ ਇਕ ਜੱਲਾਦ ਹੁੰਦਾ ਹੈ। ਮਾਂ ਆਪਣੀ ਧੀ ਨੂੰ ਇਹਨਾਂ ਜੱਲਾਦਾਂ ਸਪੁਰਦ ਕਰਨ ਦੀ ਬਜਾਏ ਆਪ ਹੀ ਜ਼ਹਿਰ ਦੇਣਾ ਉਚਿੱਤ ਸਮਝਦੀ ਹੈ।

ਸੰਗੀਤ, ਅਭਿਨੈ ਤੇ ਮੰਚੀ ਪੱਖ ਤੋਂ ਸ਼ੀਲਾ ਦੀ ਇਹ ਪੇਸ਼ਕਾਰੀ ਪੰਜਾਬੀ ਓਪੇਰਾ ਦੀ ਸਭ ਤੋਂ ਵਧੀਆ ਪੇਸ਼ਕਾਰੀ ਮੰਨੀ ਗਈ। ਇਸ ਤੋਂ ਪਹਿਲਾਂ ਖੇਡੇ ਓਪੇਰਾ ਦੀ ਤਕਨੀਕੀ ਕਮੀਆਂ ਤੋਂ ਸ਼ੀਲਾ ਨੇ ਬਹੁਤ ਕੁਝ ਸਿੱਖਿਆ। ਸੰਗੀਤ ਤੇ ਗੀਤ ਨੂੰ ਘੱਟ ਕਰਕੇ ਸੰਵਾਦਾਂ ਵਾਲੇ ਹਿੱਸੇ ਨਾਲ ਪੂਰਾ ਨਿਆਂ ਕੀਤਾ। 'ਤਲਖ਼ ਤਜ਼ਰਬੇ ਸੇ ਗੁਜ਼ਰ ਕਰ ਹੀ ਸੀਖਤਾ ਹੈ ਇਨਸਾਨ।' ਸ਼ੀਲਾ ਭਾਟੀਆ ਦੀ ਨਾਟਕੀ ਸੂਝ-ਬੂਝ, ਸ਼ੰਨੋ ਖੁਰਾਨਾ ਦਾ ਸੰਗੀਤ, ਸਨੇਹਲਤਾ ਸੰਨਿਆਲ ਦਾ ਅਭਿਨੈ, ਇਹਨਾਂ ਤਿੰਨਾਂ ਦੇ ਯੋਗ ਨਾਲ ਓਪੇਰਾ ਪੇਸ਼ਕਾਰੀ ਦਮਦਾਰ ਰਹੀ। ਹੀਰ-ਰਾਂਝਾ ਦਾ ਕਥਾਨਕ ਕੱਸਿਆ ਹੋਇਆ ਸੀ, ਹੋਰ ਨਾਟਕੀ ਤੱਤਾਂ ਨੇ ਦਰਸ਼ਕਾਂ ਨੂੰ ਬੰਨ੍ਹ ਕੇ ਰੱਖਿਆ। ਡੋਲੀ ਚੜ੍ਹਦਿਆਂ ਮਾਰੀਆਂ ਹੀਰ ਚੀਕਾਂ... ਸਤਰਾਂ ਸੁਣਦਿਆਂ ਹੀ ਦਰਸ਼ਕਾਂ ਦੇ ਹੰਝੂ ਆਪ-ਮੁਹਾਰੇ ਹੀ ਅੱਖਾਂ ਤੋਂ ਵਹਿ ਤੁਰਦੇ। ਇਸ ਪੇਸ਼ਕਾਰੀ ਨਾਲ ਦੋ ਗੱਲਾਂ ਸਾਬਿਤ ਹੋਈਆਂ:

- ਨਾਟਕ ਕਲਾ ਦੀ ਪੇਸ਼ਕਾਰੀ ਦਿਮਾਗ਼ ਦੀ ਬਜਾਏ ਦਿਲ ਦਾ ਖੇਡ ਹੈ।
- ਹੁਣ ਪੰਜਾਬੀ ਓਪੇਰਾ ਚੜ੍ਹਦੀਆਂ ਕਲਾਂ ਵਿਚ ਰਹੇਗਾ, ਆਪਣਾ ਰਾਹ ਉਸ ਆਪ ਬਣਾ ਲਿਆ ਹੈ।

ਸ਼ੀਲਾ ਨੇ ਹੀਰ-ਰਾਂਝਾ ਤੋਂ ਬਾਅਦ ਹਰ ਸਾਲ ਨਵੀਆਂ ਪੇਸ਼ਕਾਰੀਆਂ ਦਿੱਤੀਆਂ ਜਿਵੇਂ; 'ਪ੍ਰਿਥਵੀਰਾਜ ਚੌਹਾਨ', 'ਚੰਨ ਬਦਲਾਂ ਦਾ', 'ਜੁਗਨੀ', 'ਸੁਲਗਦੇ ਦਰਿਆ', 'ਤੇਰੇ ਮੇਰੇ ਲੇਖ' ਆਦਿ। 'ਚੰਨ ਬਦਲਾਂ ਦਾ' ਵਿਚ ਸ਼ੀਲਾ ਨੇ ਪੰਜਾਬ ਦੇ ਰੀਤੀ-ਰਿਵਾਜ਼ਾਂ ਤੇ ਜੀਵਨ-ਚੱਕਰ ਨੂੰ ਬਾਖ਼ੂਬੀ ਪੇਸ਼ ਕੀਤਾ। ਨਾਟਕ ਵਿਚਲਾ ਇਹ ਗੀਤ ਉਸ ਵੇਲੇ ਬੜਾ ਕਾਮਯਾਬ ਹੋਇਆ;

ਚੰਨ੍ਹਾ ਵੇ ਤੇਰਾ ਚਾਨਣਾ ਵੇ ਹੋ ਚੰਨ੍ਹ ਬਦਲਾਂ ਦਾ
ਘੱਟ ਕਾਲੀ ਬੁੱਟ ਛਾਈ ਵਿਛੋੜਾ ਸੱਜਣਾਂ ਦਾ,
ਵੇ ਚੰਨ ਬਦਲਾਂ ਦਾ...

ਸ਼ੀਲਾ ਦੀ ਹਰ ਨਵੀਂ ਪੇਸ਼ਕਾਰੀ ਨਾਲ ਪੰਜਾਬੀ ਓਪੇਰਾ ਵੀ ਆਪਣੇ ਵਿਕਾਸ ਦੇ ਨਵੇਂ ਪੜਾਅ ਪਾਰ ਕਰਦਾ ਰਿਹਾ। ਸ਼ੀਲਾ ਤੋਂ ਵੱਖ ਹੋ ਕੇ ਸ਼ੰਨੋ ਖੁਰਾਨਾ ਨੇ ਵੀ 'ਸੁੰਦਰੀ', 'ਸੋਹਣੀ-ਮਹੀਂਵਾਲ', 'ਸੱਸੀ ਪੁੰਨੂ' ਕਈ ਓਪੇਰਾ ਖੇਡੇ। ਸੱਸੀ ਪੁੰਨੂ ਓਪੇਰਾ ਸਪਰੂ ਹਾਊਸ ਦੇ ਨਾਟਕਕਾਰ ਪ੍ਰੇਮ ਜਲੰਧਰੀ ਨੇ ਲਿਖਿਆ ਤੇ ਇਸ ਦਾ ਨਿਰਦੇਸ਼ਨ ਪ੍ਰਸਿੱਧ ਰੰਗਕਰਮੀ ਤੇ ਨਿਰਦੇਸ਼ਕ ਆਰ.ਜੀ.ਅਨੰਦ ਨੇ ਕੀਤਾ। ਪ੍ਰੇਮ ਜਲੰਧਰੀ ਨੇ ਭਾਈ ਵੀਰ ਸਿੰਘ ਦੀਆਂ ਕਵਿਤਾਵਾਂ ਨੂੰ ਆਧਾਰ ਬਣਾ ਕੇ ਵੀ ਇਕ ਓਪੇਰਾ ਤਿਆਰ ਕੀਤਾ।

ਹੀਰ-ਰਾਂਝਾ ਦੀ ਸਫਲ ਪੇਸ਼ਕਾਰੀ ਨੇ ਪੰਜਾਬੀ ਓਪੇਰਾ ਨੂੰ ਪੇਸ਼ੇਵਰ ਰੂਪ ਪ੍ਰਦਾਨ ਕਰਨ ਵਿਚ ਅਹਿਮ ਭੂਮਿਕਾ ਨਿਭਾਈ। ਹੁਣ ਇਸ ਸ਼ੈਲੀ ਦੇ ਸ਼ੋਅ, ਦਰਸ਼ਕ ਟਿਕਟਾਂ ਲੈ ਕੇ ਦੇਖਦੇ। ਪੰਜਾਬੀ ਸਭਿਆਚਾਰ ਦੀ ਸਹੀ ਸਮਝ ਰੱਖਣ ਵਾਲੀ ਸ਼ੀਲਾ ਨੇ ਲੋਕ-ਕਥਾਵਾਂ ਅਤੇ ਲੋਕ-ਗੀਤਾਂ ਨੂੰ ਸਮਕਾਲ ਨਾਲ ਜੋੜ ਕੇ ਪੇਸ਼ ਕੀਤਾ। ਉਸਦੀ ਮੌਲਿਕਤਾ ਤੇ ਪ੍ਰਤਿਭਾ ਦਾ ਪ੍ਰਮਾਣ, ਓਪੇਰਾ ਸ਼ੈਲੀ ਨੂੰ ਲੋਕ-ਸ਼ੈਲੀ ਅੰਦਰ ਢਾਲ ਕੇ ਉਸ ਵਿਚ ਨਵੀਂ ਰੰਗ ਕਲਪਨਾ ਦੇਣ ਵਿਚ ਸੀ। ਪੰਜਾਬੀ ਲੋਕ-ਗੀਤ, ਸੰਗੀਤ ਤੇ ਭਾਸ਼ਾ ਦੇ ਖੁੱਲ੍ਹੇਪਣ ਨੂੰ ਉਸ ਨੇ ਆਪਣੇ ਹਰ ਓਪੇਰਾ ਦਾ ਹਿੱਸਾ ਬਣਾਇਆ। 'ਸੁਲਗਦੇ ਦਰਿਆ' ਦੀ ਪੇਸ਼ਕਾਰੀ ਨਾ ਭੁੱਲਣ ਵਾਲੀ ਰਹੀ। ਇਹ ਓਪੇਰਾ ਭਾਰਤੀ ਸਮਾਜ ਵਿਚ ਔਰਤ ਦੀ ਤ੍ਰਾਸਦਿਕ ਸਥਿਤੀ ਨੂੰ ਦਰਸਾਉਂਦਾ ਸੀ। ਇਸ ਵਿਚ ਦਰਿਆ ਨੂੰ ਔਰਤ ਦੇ ਚਿਹਨ ਵਜੋਂ ਵਰਤਿਆ ਗਿਆ ਜੋ ਕਹਿਣ ਨੂੰ ਦੇਵੀ ਹੈ

ਪਰ ਉਸਦੀ ਹਾਲਤ ਦਾਸੀ ਤੋਂ ਵੀ ਬੱਦਤਰ ਹੈ। ਉਹ ਹਮੇਸ਼ਾ ਸੁਲਗਦੀ ਰਹਿੰਦੀ ਹੈ। 'ਸੁਲਗਦੇ ਦਰਿਆ' ਵਿਚ ਬੁੱਲ੍ਹੇਸ਼ਾਹ ਦਾ ਵਿਜ਼ਡਮ, ਬੋਲਡਨੈਸ ਤੇ ਪੰਜਾਬੀ ਜ਼ੁਬਾਨ ਦਾ ਜਾਦੂ ਦਰਸ਼ਕਾਂ ਦੇ ਮਨਾਂ ਵਿਚ ਤੀਰ ਵਾਂਗ ਵੱਜਿਆ।

1951 ਤੋਂ ਸ਼ੁਰੂ ਹੋਇਆ ਓਪੇਰਾ ਦਾ ਇਹ ਸਫ਼ਰ 1999 ਤਕ ਰਿਹਾ। ਹਰ ਓਪੇਰਾ ਦੇ ਸੈਂਕੜੇ ਸ਼ੋਅ ਹੋਏ। 1951 ਵਿਚ ਜਦੋਂ ਸ਼ੀਲਾ ਨੇ ਓਪੇਰਾ ਸ਼ੈਲੀ ਨੂੰ ਪਹਿਲੀ ਵਾਰੀ ਅਪਣਾਇਆ, ਉਸ ਵੇਲੇ ਹਿੰਦੁਸਤਾਨ ਅੰਦਰ ਪਰੰਪਰਾਗਤ ਥੀਏਟਰ ਤੇ ਪੱਛਮੀ ਥੀਏਟਰ ਉੱਤੇ ਬਹਿਸ ਛਿੜੀ ਹੋਈ ਸੀ। ਸੈਮੀਨਾਰ ਤੇ ਗੋਸ਼ਟੀਆਂ ਹੋ ਰਹੀਆਂ ਸਨ। ਬਾਰ-ਬਾਰ ਇਹ ਪ੍ਰਸ਼ਨ ਉੱਠ ਰਿਹਾ ਸੀ ਕਿ ਹਿੰਦੁਸਤਾਨੀ ਨਾਟਕ-ਕਲਾ ਨੂੰ ਪਰੰਪਰਾਗਤ ਸ਼ੈਲੀ ਅਤੇ ਆਧੁਨਿਕ ਪੱਛਮੀ ਸ਼ੈਲੀ ਵਿਚੋਂ ਕਿਹੜੇ ਰਾਹ ਤੁਰਨਾ ਚਾਹੀਦਾ ਹੈ? ਅਜਿਹੇ ਸਮੇਂ ਸ਼ੀਲਾ ਦੇ ਓਪੇਰਾ ਦਾ ਰਾਹ ਵੱਖਰਾ ਸੀ। ਉਸਨੇ ਪੰਜਾਬੀ ਲੋਕ-ਕਹਾਣੀਆਂ ਤੇ ਗੀਤਾਂ ਨੂੰ ਇਟਲੀ ਦੇ ਓਪੇਰਾ ਦਾ ਜਾਮਾ ਪੁਆ ਕੇ ਪੇਸ਼ਕਾਰੀਆਂ ਦਿੱਤੀਆਂ। ਕਈ ਰੰਗ ਆਲੋਚਕਾਂ ਨੇ ਇਹਨਾਂ ਪੇਸ਼ਕਾਰੀਆਂ ਨੂੰ ਨਾਟਕ ਮੰਨਣ ਤੋਂ ਹੀ ਇਨਕਾਰ ਕਰ ਦਿੱਤਾ। ਉਦੋਂ ਸ਼ੀਲਾ ਦਾ ਜੁਆਬ ਸੀ, 'ਤੁਸੀਂ ਇਸ ਸ਼ੈਲੀ ਨੂੰ ਮੰਨੋ ਭਾਵੇਂ ਨਾ ਮੰਨੋ ਪਰ ਇਤਿਹਾਸ ਇਸੇ ਸ਼ੈਲੀ ਨੂੰ ਅਪਣਾਉਣ ਖ਼ਾਤਰ ਮੈਨੂੰ ਯਾਦ ਰੱਖੇਗਾ। ਅੱਜ 70 ਸਾਲਾਂ ਬਾਅਦ ਸ਼ੀਲਾ ਦੇ ਇਸੇ ਓਪੇਰਾ ਸ਼ੈਲੀ ਬਾਰੇ ਆਲੋਚਕ ਕਹਿੰਦੇ ਹਨ ਕਿ ਇਹ ਭਾਰਤੀ ਰੰਗਮੰਚ ਲਈ ਸ਼ੀਲਾ ਦੀ ਨਵੀਂ ਖੋਜ ਸੀ। ਅੱਜ ਅਜਿਹਾ ਕੋਈ ਰੰਗਮੰਚ ਨਹੀਂ ਜਿਸ ਅੰਦਰ ਸੰਗੀਤ ਨਾ ਹੋਵੇ।'

ਜੀ-21/19-20, ਸੈਕਟਰ-7
ਰੋਹਿਣੀ (ਦਿੱਲੀ)-110085
97112-11096

**ਵਰਤਮਾਨ ਵਲੋਂ ਮੂੰਹ ਮੋੜ ਕੇ ਮਨੁੱਖ ਸਭ ਕੁਝ ਗੁਆ ਲੈਂਦਾ ਹੈ।**
**(ਸਿਸਰੋ)**



## ਭਗਤ ਸਿੰਘ ਸ਼ਹੀਦ

ਹਰਿੰਦਰਪਾਲ ਸਿੰਘ

ਸਰਦਾਰ ਭਗਤ ਸਿੰਘ, ਸੀ ਦੇਸ਼ ਭਗਤ।
ਏਸ ਗਲ ਨੂੰ ਜਾਣਦਾ ਏ, ਸਾਰਾ ਜਗਤ।

ਨੌਜਵਾਨਾਂ ਧਾਰ ਲਿਆ, ਲੈਣੀ ਅਜ਼ਾਦੀ।
ਗੋਰਿਆਂ ਦੀ ਨਜ਼ਰੀਂ, ਆਤੰਕੀ ਫ਼ਸਾਦੀ।

ਕੈਦੀ ਪੰਛੀ, ਨਹੀਂ ਸ਼ਾਂਤੀ ਨਾਲ ਬਹਿੰਦਾ।
ਆਪਣੇ 'ਤੇ ਹੁੰਦੀ, ਵਧੀਕੀ ਨਾ ਸਹਿੰਦਾ।

ਜ਼ੰਜੀਰੀ ਜਕੜੀ ਮਾਂ, ਵੇਖਦਾ ਸੀ ਪੁੱਤਰ।
ਕਿਤਾਬਾਂ ਪੜ੍ਹਿਆਂ, ਭਾਲਦਾ ਸੀ ਉੱਤਰ।

ਅਜ਼ਾਦੀ ਨਾ ਮਿਲੀ, ਦੁਨੀਆਂ ਕੀ ਕਹੇਗੀ।
ਅਜ਼ਾਦ ਫਿਜ਼ਾਈਂ, ਕਿੱਦਾਂ ਸਾਹ ਲਏਗੀ।

ਧਰਤੀ ਮਾਂ ਸ਼ਹੀਦੀ, ਕੁਰਬਾਨੀ ਮੰਗਦੀ।
ਭਾਰਤੀ ਜਵਾਨੀ, ਫਾਂਸੀ ਝੂਲਦੀ ਟੰਗਦੀ।

ਜਿਊਂਦੇ ਜੀ ਹੱਸ, ਹਰ ਤਸੀਹਾ ਸਹਿਣਾ।
ਜਗ ਫ਼ਾਨੀ ਸਦੀਵੀ ਜ਼ਿੰਦਾ ਨਾ ਰਹਿਣਾ।

ਧਰਤ ਮਾਂ ਦਾ, ਕਦੇ ਨ ਉਤਰਦਾ ਕਰਜ਼।
ਪੰਜਾਬੀ ਪੁੱਤ, ਨਿਭਾ ਗਿਆ ਸੀ ਫ਼ਰਜ਼।

ਜ਼ੁਲਮੀ ਇੰਤਹਾ ਤਾਂ ਮੁੱਛੀਂ ਤਾਅ ਵਟਿਆ।
ਖਟਕੜ ਕਲਾਂ ਰੰਗਲਾ ਪੰਜਾਬ ਖੱਟਿਆ।

ਦੇਸ਼ ਵਾਸੀ, ਜਨਮ ਦਿਹਾੜੇ ਮਨਾਉਂਦੇ।
'ਹਰਿੰਦਰ' ਹੱਥੀਂ, ਤਿਰੰਗੇ ਲਹਿਰਾਉਂਦੇ।

ਫ਼ੇਜ 2, ਮੋਹਾਲੀ-ਪੰਜਾਬ
97806-44040

# ਪਰਿਕਰਮਾ ਨਾਵਲ ਦੇ ਮੂਲ ਸਰੋਕਾਰ

ਡਾ. ਤਿਲਕ ਰਾਜ



ਪਰਿਕਰਮਾ ਨਾਵਲ ਅਮਰੀਕਾ ਵੱਸਦੇ ਪ੍ਰਵਾਸੀ ਪੰਜਾਬੀ ਸਾਹਿਤਕਾਰ ਬਲਦੇਵ ਸਿੰਘ ਗਰੇਵਾਲ ਦਾ ਅਜਿਹਾ ਨਾਵਲ ਹੈ ਜੋ ਬਹੁਤੇ ਵੱਡੇ ਆਕਾਰ ਦਾ ਨਾ ਹੋ ਕੇ ਵੀ ਬਹੁਤ ਵੱਡੇ ਵਿਚਾਰ ਅਤੇ ਵਿਸ਼ੇ ਨੂੰ ਆਪਣੇ ਬਿਰਤਾਂਤ ਵਿੱਚ ਲੈਂਦਾ ਹੈ। ਸਮਾਜਿਕ ਰਿਸ਼ਤਿਆਂ ਦੇ ਤਾਣੇ ਬਾਣੇ ਵਿੱਚ ਉਲਝੇ ਮਨੁੱਖ ਦੀ ਮਾਨਸਿਕ ਸਥਿਤੀ ਵਿੱਚੋਂ ਇਹ ਨਾਵਲ ਆਪਣਾ ਆਕਾਰ ਘੜਦਾ ਹੈ।

ਨਾਵਲ ਵਿੱਚ ਨਾਵਲ ਦਾ ਮੁੱਖ ਪਾਤਰ ਮਿਸਟਰ ਬੈਂਸ ਤੀਹ ਵਰ੍ਹੇ ਬਾਅਦ ਆਪਣੇ ਪਿੰਡ ਆਪਣੇ ਉਸ ਘਰ ਨੂੰ ਵੇਖਣ ਲਈ ਪਹੁੰਚਦਾ ਹੈ ਜਿਸ ਘਰ ਵਿੱਚੋਂ ਉਸ ਨੂੰ ਉਸ ਦੇ ਬਾਪ ਨੇ ਤੀਹ ਸਾਲ ਪਹਿਲਾਂ ਇਹ ਕਹਿ ਕੇ ਕੱਢ ਦਿੱਤਾ ਸੀ ਕਿ ਅਗਰ ਉਹ ਆਪਣੇ ਬਾਪ ਦੀ ਅਸਲੀ ਅੰਸ਼ ਹੈ ਤਾਂ ਇਸ ਪਿੰਡ ਦੀ ਜੂਹ ਵਿੱਚ ਕਦੇ ਸਾਡੇ ਜਿਊਂਦੇ ਜੀਅ ਵਾਪਸ ਪੈਰ ਨਾ ਪਾਵੇ। ਆਪਣੇ ਬਾਪ ਦੇ ਇਸ ਬੋਲ ਨੂੰ ਪੁਗਾਉਂਦਿਆਂ ਹੋਇਆ ਉਹ ਉਨ੍ਹਾਂ ਦੇ ਜਿਊਂਦੇ ਜੀਅ ਪਿੰਡ ਨਹੀਂ ਪਰਤਦਾ। ਸ਼ਹਿਰ ਦੇ ਕਾਲਜ ਵਿੱਚ ਪ੍ਰੋਫ਼ੈਸਰ ਲੱਗਾ ਮਿਸਟਰ ਬੈਂਸ ਪਿੰਡ ਨਹੀਂ ਪਰਤਦਾ ਬਲਕਿ ਉਸ ਤੋਂ ਵੀ ਅਗਾਂਹ ਅਮਰੀਕਾ ਪਰਵਾਸ ਕਰ ਜਾਂਦਾ ਹੈ। ਆਪਣੀ ਮਿਹਨਤ ਅਤੇ ਲਗਨ ਸਦਕਾ ਚੰਗਾ ਕਾਰੋਬਾਰ ਸੈੱਟ ਕਰਕੇ ਪੈਸਾ ਵੀ ਕਮਾ ਲੈਂਦਾ ਹੈ। ਅੱਜ ਜਦੋਂ ਪਰਵਾਸੀ ਭਾਰਤੀ ਸੰਮੇਲਨ ਵਿੱਚ ਭਾਰਤ ਸਰਕਾਰ ਦੇ ਬੁਲਾਵੇ ਉੱਤੇ ਉਹ ਆਪਣੇ ਮੁਲਕ ਆਉਂਦਾ ਹੈ ਤਾਂ ਉਸ ਦਾ ਆਪਣੇ ਪਿੰਡ ਆਉਣ ਦਾ ਇਰਾਦਾ ਵੀ ਬਣ ਜਾਂਦਾ ਹੈ। ਉਹ ਪਿੰਡ ਵਿੱਚ ਆਪਣੇ ਢਹਿ ਢੇਰੀ ਹੋ ਚੁੱਕੇ ਘਰ ਅੱਗੇ ਖੜ੍ਹਾ ਆਪਣੇ ਅਤੀਤ ਦੀਆਂ ਉਨ੍ਹਾਂ ਸਭ ਯਾਦਾਂ ਦੀ ਪਰਿਕਰਮਾ ਕਰਦਾ ਹੈ ਜੋ ਉਸ ਦੇ ਬਚਪਨ ਅਤੇ ਜਵਾਨੀ ਨਾਲ ਜੁੜੀਆਂ ਹਨ। ਇਨ੍ਹਾਂ ਯਾਦਾਂ ਵਿੱਚ ਉਸ ਦੀ ਪਿਆਰ ਕਰਨ ਵਾਲੀ ਮਾਂ, ਉਸ ਦਾ ਗੁਸੈਲ ਪਿਤਾ, ਉਸ ਦਾ ਦੋਸਤ ਓਂਕਾਰ, ਜਰਨੈਲ ਅਤੇ ਉਸ ਦੀ ਪ੍ਰੇਮਿਕਾ ਕਮਲ ਸ਼ਾਮਲ ਹਨ। ਉਸ ਦੀ ਇਹਨਾਂ ਮਿੱਠੀਆਂ ਤੇ ਕੌੜੀਆਂ ਯਾਦਾਂ ਦੀ ਮਾਨਸਿਕ ਪਰਿਕਰਮਾ ਇਸ ਨਾਵਲ ਦਾ ਆਧਾਰ ਸਿਰਜਦੀ ਹੈ। ਕਮਲ ਉਸ ਦੀ ਜ਼ਿੰਦਗੀ ਵਿੱਚ ਆਈ ਉਸ ਦੀ ਪ੍ਰੇਮਿਕਾ ਹੈ ਜਿਸ ਨਾਲ ਉਹ ਬਚਪਨ ਵਿੱਚ ਖੇਡਦਾ ਰਿਹਾ ਹੈ। ਜਵਾਨ ਹੋਈ ਕਮਲ ਨੂੰ ਉਹ ਦਿਲ ਦੀਆਂ ਗਹਿਰਾਈਆਂ ਤੋਂ ਪਿਆਰ ਕਰਦਾ ਸੀ ਪਰ ਕਮਲ ਦੇ ਪਿਤਾ ਅਤੇ ਮਿਸਟਰ ਬੈਂਸ ਦੇ ਪਿਤਾ ਨੇ ਉਸ ਦਾ ਵਿਆਹ ਮੁੱਖ ਪਾਤਰ ਦੀ ਭੂਆ ਦੇ ਪੁੱਤ ਹਰਵਿੰਦਰ ਨਾਲ ਕਰਵਾ ਦਿੱਤਾ ਜੋ ਕਿ ਨਾਮਰਦ ਹੁੰਦਾ ਹੈ ਅਤੇ ਆਪਣੀ ਇਸ ਕਮਜ਼ੋਰੀ ਨੂੰ ਛੁਪਾਉਣ ਲਈ ਉਹ ਕਮਲ ਉੱਤੇ ਅੱਤਿਆਚਾਰ ਕਰਦਾ ਹੈ।

ਕਮਲ ਇੱਕ ਦਿਨ ਸ਼ਹਿਰ ਆ ਕੇ ਇਹ ਸਭ ਆਪਣੇ ਪ੍ਰੇਮੀ ਮਿਸਟਰ ਬੈਂਸ ਨੂੰ ਦੱਸਦੀ ਹੈ ਅਤੇ ਆਪਣੇ ਆਪ ਨੂੰ ਉਸ ਅੱਗੇ ਸਮਰਪਿਤ ਕਰ ਦਿੰਦੀ ਹੈ। ਉਹ ਦੋਵੇਂ ਪ੍ਰੋਫ਼ੈਸਰ ਬਤਰਾ ਦੇ ਘਰ ਮਿਲਦੇ ਹਨ ਅਤੇ ਸਰੀਰਕ ਸੰਬੰਧ ਵੀ ਬਣਾ ਲੈਂਦੇ ਹਨ ਪਰ ਕਮਲ ਦਾ ਪਿਤਾ ਇਹ ਨਹੀਂ ਚਾਹੁੰਦਾ ਕਿ ਮਿਸਟਰ ਬੈਂਸ ਕਮਲ ਨੂੰ ਮਿਲੇ। ਉਹ ਸਾਰੀ ਗੱਲ ਮੁੱਖ ਪਾਤਰ ਦੇ ਪਿਤਾ ਨੂੰ ਦੱਸਦਾ ਹੈ। ਦੋਵੇਂ ਸਾਜ਼ਿਸ਼ ਤਹਿਤ ਮਿਸਟਰ ਬੈਂਸ ਨੂੰ ਪੁਲਿਸ ਕੋਲ ਫਸਾਉਂਦੇ ਹਨ। ਮੁੱਖ ਪਾਤਰ ਦਾ ਪਿਤਾ ਅਤੇ ਕਮਲ ਦਾ ਪਿਤਾ ਨਾਲ ਦੋਵੇਂ ਪੁਲਿਸ ਨਾਲ ਰਲ ਕੇ ਉਸ ਉੱਤੇ ਨਕਸਲੀ ਹੋਣ ਦਾ ਝੂਠਾ ਇਲਜ਼ਾਮ ਲਵਾ ਕੇ ਉਸ ਨੂੰ ਥਾਣੇ ਫੜਵਾ ਦਿੰਦੇ ਹਨ। ਜਿੱਥੇ ਉਸ ਉੱਪਰ ਪੁਲਿਸ ਦੁਆਰਾ ਸਰੀਰਕ ਤਸ਼ੱਦਦ ਕੀਤਾ ਜਾਂਦਾ ਹੈ। ਮੁੱਖ ਪਾਤਰ ਨੂੰ ਇਸ ਸਾਜ਼ਿਸ਼ ਦਾ ਪਤਾ ਪ੍ਰੋਫ਼ੈਸਰ ਬਤਰਾ ਅਤੇ ਜਰਨੈਲ ਤੋਂ ਲੱਗਦਾ ਹੈ। ਉੱਧਰ ਕਮਲ ਦਾ ਪਤੀ ਹਰਵਿੰਦਰ ਆਪਣੀ ਨਿਪੁੰਸਕਤਾ ਦੀ ਕਮਜ਼ੋਰੀ ਕਾਰਨ ਹੀਣ ਭਾਵਨਾ ਕਰਕੇ ਆਤਮ ਹੱਤਿਆ ਕਰ ਲੈਂਦਾ ਹੈ। ਉਸ ਦੇ ਸਸਕਾਰ ਤੋਂ ਬਾਅਦ ਜਦੋਂ ਮੁੱਖ ਪਾਤਰ ਦੇ ਗੁਸੈਲ ਪਿਤਾ ਨੂੰ ਇਸ ਗੱਲ ਦਾ ਪਤਾ ਲੱਗਦਾ ਹੈ ਕਿ ਉਸ ਦਾ ਪੁੱਤਰ ਕਮਲ ਦੇ ਸਹੁਰੇ ਪਿੰਡ ਉਸ ਦੇ ਘਰ ਆਪਣੀ ਭੂਆ ਕੋਲ ਕਮਲ ਦਾ ਪਤਾ ਕਰਨ

ਗਿਆ ਸੀ ਤਾਂ ਉਹ ਘਰ ਆ ਕੇ ਉਸ ਨੂੰ ਗਾਲ੍ਹਾਂ ਕੱਢਦਾ ਹੋਇਆ ਘਰੋਂ ਕੱਢ ਦਿੰਦਾ ਹੈ ਅਤੇ ਨਾਲ ਹੀ ਉਨ੍ਹਾਂ ਦੇ ਜਿਊਂਦੇ ਜੀਅ ਕਦੇ ਪਿੰਡ ਵਿੱਚ ਪੈਰ ਵੀ ਨਾ ਧਰਨ ਦਾ ਫੁਰਮਾਨ ਵੀ ਸੁਣਾ ਦਿੰਦਾ ਹੈ। ਉਹ ਮੁੱਖ ਪਾਤਰ ਨੂੰ ਹਰਵਿੰਦਰ ਦੀ ਆਤਮ-ਹੱਤਿਆ ਲਈ ਜ਼ਿੰਮੇਵਾਰ ਮੰਨਦਾ ਹੈ। ਤੀਹ ਸਾਲਾਂ ਬਾਅਦ ਪਿੰਡ ਪਰਤਿਆ ਮੁੱਖ ਪਾਤਰ ਇਨ੍ਹਾਂ ਸਾਰੀਆਂ ਸਿਮਰਤੀਆਂ ਵਿੱਚੋਂ ਗੁਜ਼ਰਦਾ ਹੈ। ਉਸ ਦੀ ਮਾਂ ਮਰ ਚੁੱਕੀ ਹੈ, ਬਾਪ ਵੀ ਮਰ ਚੁੱਕਾ ਹੈ, ਘਰ ਢਹਿ ਢੇਰੀ ਹੋਇਆ ਪਿਆ ਹੈ। ਦੋਸਤ ਉਂਕਾਰ ਅਤੇ ਕਈ ਹਾਣੀ ਵਿਦਾ ਹੋ ਚੁੱਕੇ ਹਨ। ਪਿੰਡ ਬਦਲ ਚੁੱਕਾ ਹੈ। ਲੋਕ ਬਦਲ ਚੁੱਕੇ ਹਨ। ਜਵਾਨ ਬਜ਼ੁਰਗ ਹੋ ਚੁੱਕੇ ਹਨ। ਉਸ ਨੂੰ ਕੋਈ ਵੀ ਨਹੀਂ ਪਛਾਣਦਾ। ਉਸ ਦੇ ਦੋਸਤ ਦੀ ਮਾਂ ਜੀਜੋ ਵੀ ਪਹਿਲਾਂ ਉਸ ਨੂੰ ਨਹੀਂ ਪਛਾਣਦੀ। ਮੁੱਖ ਪਾਤਰ ਆਪਣੇ ਪਿੰਡ, ਘਰ ਅਤੇ ਮਾਂ ਨਾਲ ਜੁੜੀਆਂ ਸਭ ਸਿਮਰਤੀਆਂ ਵਿੱਚੋਂ ਲੰਘਦਾ ਹੈ।

ਮੁੱਖ ਪਾਤਰ ਮਿਸਟਰ ਬੈਂਸ ਪਿੰਡ ਵਿੱਚ ਪਹੁੰਚ ਕੇ ਆਪਣੇ ਧੁਰ ਅੰਦਰ ਪਈਆਂ ਸਿਮਰਤੀਆਂ ਦੀ ਜਦੋਂ ਮਾਨਸਿਕ ਅਤੇ ਅੰਤਰੀਵੀ ਪਰਿਕਰਮਾ ਕਰਦਾ ਹੈ ਤਾਂ ਨਾਵਲ ਦਾ ਕਥਾਨਕ ਹੋਰ ਵੀ ਵਿਸਥਾਰ ਗ੍ਰਹਿਣ ਕਰਦਾ ਹੈ। ਪੰਜਾਬ ਦੇ ਇਤਿਹਾਸ ਦੇ ਪੰਨਿਆਂ ਦੀਆਂ ਉਹ ਪਰਤਾਂ ਵੀ ਖੁੱਲ੍ਹਦੀਆਂ ਹਨ ਜਦੋਂ ਗ਼ਦਰ ਲਹਿਰ ਅਤੇ ਨਕਸਲੀ ਲਹਿਰ ਵਰਗੀਆਂ ਸਥਿਤੀਆਂ ਦਾ ਸਾਹਮਣਾ ਕਰਦਿਆਂ ਹੋਇਆਂ ਕਈ ਨਿਰਦੋਸ਼ ਜਾਨਾਂ ਪੁਲਿਸ ਤਸ਼ੱਦਦ ਦਾ ਸ਼ਿਕਾਰ ਹੋਈਆਂ। ਨਾਵਲ ਵਿੱਚ ਮੁੱਖ ਪਾਤਰ ਦੇ ਘਰ ਲੱਗਾ ਅੰਬ ਦਾ ਬੂਟਾ ਉਸ ਦੀਆਂ ਸਿਮਰਤੀਆਂ ਦਾ ਸਾਥੀ ਹੈ, ਜਿਸ ਦਾ ਬਿੰਬ ਸਿਰਜ ਕੇ ਨਾਵਲਕਾਰ ਨੇ ਮੁੱਖ ਪਾਤਰ ਨਾਲ ਸਾਂਝ ਰੱਖਣ ਵਾਲੇ ਇਸ ਦਰੱਖਤ ਦਰਵੇਸ਼ ਦੁਆਰਾ ਉਸ ਦੀਆਂ ਸਿਮਰਤੀਆਂ ਦੀਆਂ ਅੰਤਰੀਵੀ ਤੈਹਾਂ ਫਰੋਲਣ ਦਾ ਯਤਨ ਕੀਤਾ ਹੈ। ਜਦੋਂ ਅੰਤ ਵਿੱਚ ਮੁੱਖ ਪਾਤਰ ਨੂੰ ਜਰਨੈਲ ਤੋਂ ਪਤਾ ਲੱਗਦਾ ਹੈ ਕਿ ਕਮਲ ਅੱਜ ਵੀ ਆਪਣੇ ਸਹੁਰੇ ਘਰ ਹੈ ਅਤੇ ਇਲਾਕੇ ਵਿੱਚ ਉੱਚੀ ਸੁੱਚੀ ਸ਼ਖ਼ਸੀਅਤ ਕਰਕੇ ਸਾਰੇ ਉਸ ਦਾ ਸਤਿਕਾਰ ਕਰਦੇ ਹਨ। ਉਸ ਦਾ ਇਕ ਪੁੱਤਰ ਵੀ ਹੈ ਜੋ ਆਈ.ਏ.ਐੱਸ. ਅਫ਼ਸਰ ਬਣ ਚੁੱਕਾ ਹੈ। ਪੁੱਤਰ ਦੇ ਜ਼ਿਕਰ ਨਾਲ ਮੁੱਖ ਪਾਤਰ ਨੂੰ ਯਾਦ ਆਉਂਦਾ ਹੈ ਕਿ ਉਸ ਦਾ ਪਤੀ ਹਰਵਿੰਦਰ ਤਾਂ ਨਾਮਰਦ ਸੀ। ਉਸ ਨੂੰ ਪ੍ਰੋਫੈਸਰ ਬਤਰਾ ਦੇ ਘਰ ਕਮਲ ਨਾਲ ਬਣਾਏ ਸਰੀਰਕ ਸਬੰਧਾਂ ਬਾਰੇ ਯਾਦ ਆਉਂਦਾ ਹੈ ਤਾਂ ਉਹ ਸਮਝ ਜਾਂਦਾ ਹੈ ਕਿ ਕਮਲ ਦਾ ਪੁੱਤਰ ਅਸਲ ਵਿੱਚ ਉਸ ਦਾ ਆਪਣਾ ਹੀ ਖ਼ੂਨ ਹੈ। ਇਹ ਸੁਣ ਕੇ ਉਹ ਕਮਲ ਨੂੰ ਮਿਲਣ ਦਾ ਇਰਾਦਾ ਕਰਕੇ ਗੱਡੀ ਵਿੱਚ ਬੈਠ ਕੇ ਚੱਲ ਪੈਂਦਾ ਹੈ।

ਨਾਵਲਕਾਰ ਨੇ ਮੂਲ ਰੂਪ ਵਿੱਚ ਨਾਵਲ ਦੇ ਵਿਸ਼ੇ ਦੀਆਂ ਵਿਭਿੰਨ ਪਰਤਾਂ ਦੁਆਰਾ ਇਹ ਪੱਖ ਉਜਾਗਰ ਕੀਤਾ ਹੈ ਕਿ ਕਈ ਵਾਰੀ ਜ਼ਿੰਦਗੀ ਵਿੱਚ ਪਰਿਵਾਰ ਵਿੱਚੋਂ ਕਿਸੇ ਮਨੁੱਖ ਦੁਆਰਾ ਲਿਆ ਗਿਆ ਇੱਕ ਗ਼ਲਤ ਫ਼ੈਸਲਾ ਪੂਰੇ ਜੀਵਨ ਨੂੰ ਪ੍ਰਭਾਵਿਤ ਕਰ ਦਿੰਦਾ ਹੈ। ਇੱਕ ਗ਼ਲਤ ਫ਼ੈਸਲੇ ਦੀ ਕੀਮਤ ਕਈ ਰਿਸ਼ਤਿਆਂ ਨੂੰ ਮਾਰ ਦਿੰਦੀ ਹੈ। ਚੰਗੀ ਭਲੀ ਚੱਲਦੀ ਜ਼ਿੰਦਗੀ ਇੱਕ ਯਾਦ ਬਣ ਕੇ ਰਹਿ ਜਾਂਦੀ ਹੈ।

ਮੁੱਖ ਪਾਤਰ ਮਿਸਟਰ ਬੈਂਸ ਦੇ ਬਾਪ ਵੱਲੋਂ ਕਮਲ ਦਾ ਵਿਆਹ ਉਸ ਨਾਲ ਨਾ ਕਰਵਾ ਕੇ ਆਪਣੀ ਭੈਣ ਦੇ ਨਾਮਰਦ ਪੁੱਤਰ ਹਰਵਿੰਦਰ ਨਾਲ ਕਰਵਾਉਣ ਦਾ ਫ਼ੈਸਲਾ ਕਈ ਜ਼ਿੰਦਗੀਆਂ ਤੇ ਰਿਸ਼ਤਿਆਂ ਲਈ ਸਰਾਪ ਬਣ ਜਾਂਦਾ ਹੈ ਇਸ ਦੇ ਨਾਲ-ਨਾਲ ਇੱਕ ਹੋਰ ਵਿਸ਼ਾ ਇਸ ਕਥਾਨਕ ਵਿੱਚ ਪਿਆ ਹੈ ਕਿ ਸੱਤ ਸਮੁੰਦਰ ਪਾਰ ਜਾ ਕੇ ਵੀ ਮਨੁੱਖ ਆਪਣੀ ਜੰਮਣ ਭੋਂਅ ਨੂੰ ਚਾਹ ਕੇ ਵੀ ਭੁੱਲ ਨਹੀਂ ਸਕਦਾ, ਉਸ ਨਾਲੋਂ ਟੁੱਟ ਨਹੀਂ ਸਕਦਾ ਗ਼ੈਰ ਮੁਲਕਾਂ ਵਿੱਚ ਵੱਸਦੇ ਪਰਵਾਸੀ ਮਨੁੱਖ ਦਾ ਵੀ ਇਹੋ ਸੰਤਾਪ ਹੈ ਕਿ ਉਹ ਭੂ-ਹੇਰਵੇ ਦਾ ਦੁੱਖ ਹੰਢਾਉਂਦਾ ਹੋਇਆ ਆਪਣੇ ਮੂਲ ਮੁਲਕ ਅਤੇ ਪਿੰਡ ਨਾਲ ਭਾਵੁਕ ਪੱਧਰ ਉੱਪਰ ਜੁੜਿਆ ਹੋਇਆ ਹੈ। ਨਾਵਲ ਦਾ ਮੁੱਖ ਪਾਤਰ ਤੀਹ ਵਰ੍ਹੇ ਤੋਂ ਪਰਵਾਸੀ ਹੋਣ ਦੇ ਬਾਅਦ ਵੀ ਆਪਣੇ ਘਰ ਦੀ ਮਿੱਟੀ ਵਿੱਚੋਂ ਆਪਣੇ ਬਚਪਨ ਦੀਆਂ ਸਿਮਰਤੀਆਂ ਦੇ ਮੋਤੀ ਚੁਣ ਕੇ ਭਾਵੁਕ ਹੋ ਜਾਂਦਾ ਹੈ।

ਨਾਵਲ ਵਿੱਚ ਮੁੱਖ ਪਾਤਰ ਮਿਸਟਰ ਬੈਂਸ ਨਾਲ ਪੁਲਿਸ ਤਸ਼ੱਦਦ ਦੀ ਹੋਈ ਘਟਨਾ ਸਾਡੇ ਸਰਕਾਰੀ ਤੰਤਰ ਅਤੇ ਵਿਵਸਥਾ ਦੀ ਪੋਲ ਖੋਲ੍ਹਦੀ ਹੈ ਅਤੇ ਪੰਜਾਬ ਵਿੱਚ ਚੱਲੀ ਨਕਸਲੀ ਲਹਿਰ ਦੀ ਯਾਦ ਕਰਾਉਂਦੀ ਹੈ। ਮੁੱਖ ਪਾਤਰ ਆਪਣੇ ਬਾਪ ਦੇ ਬੋਲ ਕਰ ਕੇ ਪਿੰਡ ਦੀ ਜੂਹ ਵਿੱਚ ਨਹੀਂ ਵੜਦਾ ਪਰ ਦੇਸ਼ ਤੋਂ ਬਾਹਰ ਉਹ ਸਮਾਜਿਕ,

ਰਾਜਨੀਤਕ ਅਤੇ ਸਭਿਆਚਾਰਕ ਵਿਵਸਥਾ ਦੀ ਖੋਖਲੀ ਸਥਿਤੀ ਤੋਂ ਪਾਰ ਪਾਉਣ ਇੱਕ ਚੰਗੀ ਵਿਵਸਥਾ ਦੀ ਖਿੱਚ ਕਾਰਨ ਅਮਰੀਕਾ ਜਾਂਦਾ ਹੈ ਇਸ ਪ੍ਰਕਾਰ ਨਾਵਲ ਵਿੱਚ ਗੌਣ ਰੂਪ ਵਿੱਚ ਹੀ  ਵਿਵਸਥਾ ਉੱਤੇ ਕਰਾਰੀ ਚੋਟ ਕੀਤੀ ਗਈ ਹੈ

ਇਸ ਦੇ ਨਾਲ ਹੀ ਮਰਦ ਪ੍ਰਧਾਨ ਸਮਾਜ ਵਿੱਚ ਨਾਰੀ ਦੀ ਸਥਿਤੀ ਦਾ ਵੀ ਬਿਰਤਾਂਤਕ ਅਵਲੋਕਨ ਇਸ ਨਾਵਲ ਦਾ ਇੱਕ ਅਜਿਹਾ ਪੱਖ ਹੈ ਜੋ ਮਰਦ ਅਤੇ ਔਰਤ ਦੀ ਮਾਨਸਿਕਤਾ ਵਿਚਲਾ ਅੰਤਰ ਵੀ ਸਥਿਤੀਆਂ ਦੇ ਸੰਦਰਭ ਵਿਚ ਚਿਤਰਦਾ ਹੈ ਜਗੀਰੂ ਰੁਚੀਆਂ ਪ੍ਰਧਾਨ ਸਮਾਜ ਵਿੱਚ ਮਰਦ ਦੀ ਸੋਚ ਔਰਤ ਦੇ ਪ੍ਰਤੀ ਕੇਵਲ ਤੇ ਕੇਵਲ ਇੱਕ ਭੋਗ ਦੀ ਵਸਤੂ ਪ੍ਰਾਪਤੀ ਵਾਲੀ ਹੈ। ਮੁੱਖ ਪਾਤਰ ਦੀ ਮਾਂ ਉਸ ਦੇ ਪਿਤਾ ਭਾਵ ਆਪਣੇ ਪਤੀ ਦੀ ਮਰਦਾਨਾ ਹੈਂਕੜ ਭਰੀ ਸੋਚ ਦਾ ਸ਼ਿਕਾਰ ਹੋਈ ਜੀਵਨ ਬਤੀਤ ਕਰਦੀ ਹੈ ਤਾਨ੍ਹੇ ਮਿਹਣੇ ਸਹਿੰਦੀ ਹੈ, ਇੱਥੋਂ ਤੱਕ ਕਿ ਔਲਾਦ ਤੋਂ ਵੀ ਦੂਰ ਹੋ ਜਾਂਦੀ ਹੈ, ਪਰ ਆਪ ਉਹ ਸਾਰਾ ਜੀਵਨ ਕਿਸੇ ਵੀ ਸਥਿਤੀ ਵਿੱਚ ਪਤੀ ਦੇ ਘਰ ਹੀ ਗੁਜ਼ਾਰਨਾ ਚਾਹੁੰਦੀ ਹੈ ਅਤੇ ਉੱਥੇ ਹੀ ਜਿਊਣਾ ਮਰਨਾ ਚਾਹੁੰਦੀ ਹੈ। ਇਹ ਸੋਚ ਹੀ ਜਗੀਰੂ ਵਿਵਸਥਾ ਵਿੱਚ ਔਰਤ ਅਤੇ ਮਰਦ ਵਿਚਲਾ ਸੋਚ ਦਾ ਫ਼ਰਕ ਵੀ ਸਪਸ਼ਟ ਕਰਦੀ ਹੈ। ਦੂਜੇ ਪਾਸੇ ਹਰਵਿੰਦਰ ਵੀ ਆਪਣੀ ਨਿਪੁੰਸਕਤਾ ਨੂੰ ਲੁਕਾਉਣ ਲਈ ਆਪਣੀ ਪਤਨੀ ਉੱਪਰ ਹੀ ਜ਼ੁਲਮ ਕਰਦਾ ਹੈ। ਇੱਥੇ ਇਹ ਗੱਲ ਵੀ ਸਪਸ਼ਟ ਹੋ ਜਾਂਦੀ ਹੈ ਕਿ ਮਰਦ ਪ੍ਰਧਾਨ ਸਮਾਜ ਵਿੱਚ ਅਗਰ ਔਰਤ ਆਪਣੀ ਸਥਿਤੀ ਸੁਧਾਰਨ ਲਈ ਆਪ ਹੰਭਲਾ ਮਾਰੇ ਤਾਂ ਹੀ ਸੁਧਾਰ ਸੰਭਵ ਹੈ ਪਰ ਕਮਲ ਇਸ ਵੱਲ ਕੱਲ੍ਹ ਕਦਮ ਵਧਾ ਕੇ ਵੀ ਫਿਰ ਮਾਂ-ਬਾਪ ਦੀ ਮਰਜ਼ੀ ਅੱਗੇ ਸਿਰ ਝੁਕਾ ਦਿੰਦੀ ਹੈ ਭਾਵੇਂ ਉਹ ਹਰਵਿੰਦਰ ਦੀ ਆਕੜ ਅਤੇ ਅਣਖ ਨੂੰ ਵੰਗਾਰਦੀ ਹੋਈ ਆਪਣੇ ਪ੍ਰੇਮੀ ਨਾਵਲ ਦੇ ਮੁੱਖ ਪਾਤਰ ਨਾਲ ਸਰੀਰਕ ਸੰਬੰਧ ਵੀ ਸਥਾਪਿਤ ਕਰ ਲੈਂਦੀ ਹੈ ਪਰ ਇਸ ਤੋਂ ਅਗਾਂਹ ਉਹ ਆਪਣੀ ਸਥਿਤੀ ਸੁਖਾਵੀਂ ਬਣਾਉਣ ਲਈ ਹੋਰ ਇੱਕ ਕਦਮ ਵੀ ਨਹੀਂ ਪੁੱਟਦੀ। ਮਾਂ ਬਾਪ ਦੀ ਲੱਜ ਖ਼ਾਤਰ ਕਿਤੇ ਨਾ ਕਿਤੇ ਸਮਝੌਤਾ ਕਰਨ ਲਈ ਹਰ ਔਰਤ ਵਾਂਗ ਉਹ ਵੀ ਮਜਬੂਰ ਹੈ। ਜਗੀਰੂ ਰੁਚੀਆਂ ਵਿਚਲੇ ਸਮਾਜ ਵਿੱਚ ਔਰਤ ਅਤੇ ਮਰਦ ਦੀ ਮਾਨਸਿਕਤਾ ਵਿਚਲਾ ਇਹ ਸੋਚ ਦਾ ਫ਼ਰਕ ਹੀ ਔਰਤ ਦੀ ਤ੍ਰਾਸਦਿਕ ਸਥਿਤੀ ਦਾ ਸਿਰਜਕ ਹੈ। ਨਾਵਲ ਆਪਣੇ ਮੂਲ ਵਿਸ਼ੇ ਨੂੰ ਬੜੀ ਕਲਾਤਮਿਕਤਾ ਨਾਲ ਪੇਸ਼ ਕਰਦਾ ਹੈ। ਨਾਵਲ ਵਿੱਚ ਜਿੱਥੇ ਜਗੀਰੂ ਵਿਵਸਥਾ ਵਿੱਚ ਮਨੁੱਖੀ ਮਾਨਸਿਕਤਾ ਦੀ ਤਸਵੀਰ ਪੇਸ਼ ਕੀਤੀ ਗਈ ਹੈ। ਉੱਥੇ ਨਾਲ ਹੀ ਇਸ ਵਿਵਸਥਾ ਵਿੱਚ ਔਰਤ ਦਾ ਸਥਿਤੀ ਚਿਤਰਣ ਹੋਇਆ ਵੀ ਮਿਲਦਾ ਹੈ। ਬੀਤੇ ਦੀਆਂ ਸਮ੍ਰਿਤੀਆਂ ਦੀ ਪਰਿਕਰਮਾ ਕਰਦਾ ਹੋਇਆ ਮੁੱਖ ਪਾਤਰ ਜਗੀਰੂ ਵਿਵਸਥਾ ਵਿਚਲੀ ਸਮਾਜਿਕ ਅਤੇ ਸਭਿਆਚਾਰਕ ਤਸਵੀਰ ਦੀ ਪੇਸ਼ਕਾਰੀ ਵੀ ਕਰਦਾ ਹੈ। ਰਾਜਨੀਤਕ ਅਤੇ ਪੁਲਿਸ ਵਿਵਸਥਾ ਵਿਚਲੇ ਭ੍ਰਿਸ਼ਟਾਚਾਰ ਨੂੰ ਵੀ ਉਜਾਗਰ ਕੀਤਾ ਗਿਆ ਹੈ ਮਨੋਵਿਗਿਆਨਕ ਪੱਧਰ ਉੱਤੇ ਨਾਵਲ ਦੇ ਪਾਤਰਾਂ ਦਾ ਚਿੱਤਰਣ ਕਰਦੇ ਹੋਏ ਨਾਵਲਕਾਰ ਨੇ ਇੱਕ ਸੰਗਠਿਤ ਪਲਾਟ ਦੁਆਰਾ ਨਾਵਲ ਦੇ ਵਿਸ਼ੇ ਨੂੰ ਬੜੀ ਸਰਲ ਭਾਸ਼ਾ ਦੁਆਰਾ ਕਲਾਤਮਕ ਰੂਪ ਵਿੱਚ ਪੇਸ਼ ਕੀਤਾ ਹੈ

ਇਸ ਪ੍ਰਕਾਰ ਅਸੀਂ ਕਹਿ ਸਕਦੇ ਹਾਂ ਕਿ ਨਾਵਲ 'ਪਰਿਕਰਮਾ' ਇੱਕ ਅਜਿਹਾ ਨਾਵਲ ਹੈ ਜੋ ਸਮਾਜਿਕ ਰਿਸ਼ਤਿਆਂ ਨੂੰ ਮਨੋਵਿਗਿਆਨਕ ਪੱਧਰ ਉੱਪਰ ਸਮਝਣ ਲਈ ਆਪਣੇ ਪਾਠਕਾਂ ਨਾਲ ਅਜਿਹੇ ਮੁੱਖ ਪਾਤਰ ਦੀ ਸਾਂਝ ਪਵਾਉਂਦਾ ਹੈ ਜੋ ਆਪਣੀ ਮਾਨਸਿਕਤਾ ਵਿੱਚ ਆਪਣੇ ਅਤੀਤ ਦੀਆਂ ਸਿਮਰਤੀਆਂ ਦੁਆਰਾ ਇਤਿਹਾਸ ਹੋ ਚੁੱਕੇ ਮਨੁੱਖੀ ਰਿਸ਼ਤਿਆਂ ਵਿੱਚੋਂ ਆਪਣਾ ਅਸਤਿਤਵ ਲੱਭ ਰਿਹਾ ਹੈ। ਨਾਵਲ ਦਾ ਕਥਾਨਕ ਅਤੇ ਵਿਸ਼ਾ ਸਮਾਜਿਕ ਤਾਣੇ ਬਾਣੇ ਵਿਚੋਂ ਆਪਣਾ ਆਕਾਰ ਘੜਦਾ ਪ੍ਰਤੀਤ ਹੁੰਦਾ ਹੈ।


ਗੁਰੂ ਨਾਨਕ ਖ਼ਾਲਸਾ ਕਾਲਜ
ਯਮੁਨਾਨਗਰ।
98960-46088

**ਤੁਹਾਡੇ ਵਲੋਂ ਕੀਤੀ ਹਰ ਨਵੀਂ ਸ਼ੁਰੂਆਤ ਨੂੰ ਤਿੰਨ ਪੜਾਵਾਂ 'ਚੋਂ ਲੰਘਣਾ ਪੈਂਦਾ ਹੈ - ਪਹਿਲਾਂ ਲੋਕ ਮਜ਼ਾਕ ਉਡਾਉਂਦੇ ਹਨ, ਫਿਰ ਵਿਰੋਧ ਕਰਦੇ ਹਨ ਅਤੇ ਫਿਰ ਮੰਨਣ ਲੱਗ ਪੈਂਦੇ ਹਨ।**

**(ਸੁਆਮੀ ਵਿਵੇਕਾ ਨੰਦ)**

# ਗੁਰੂ ਨਾਨਕ ਦੇਵ ਜੀ ਦੀ ਬਾਣੀ ਦੇ ਸੰਦਰਭ ਵਿਚ ਮਾਨਸਿਕ ਸਿਹਤ ਦਾ ਸੰਕਲਪ

ਡਾ. ਆਗਿਆ ਜੀਤ ਸਿੰਘ



**ਕਲਿ ਤਾਰਣ ਗੁਰੂ ਨਾਨਕ ਆਇਆ**

ਗੁਰੂ ਜੀ ਦੇ ਬਾਰੇ ਇਸ ਸ਼ਬਦ ਦੀ ਇਹ ਸਤਰ ਅਜੋਕੇ ਸਮੇਂ ਵਿਚ ਬੜੀ ਢੁਕਦੀ ਹੈ, ਕਿਉਂਕਿ ਅੱਜ ਦੀ ਜ਼ਿੰਦਗੀ ਬੜੀ ਹੀ ਪਚੀਦਾ ਬਣ ਗਈ ਹੈ। ਅੱਜ ਦੇ ਦੌੜ-ਭੱਜ ਦੇ ਸਮੇਂ ਵਿਚ ਮਾਨਸਿਕ ਸਿਹਤ ਦੀ ਸਮੱਸਿਆ ਬਹੁਤ ਹੀ ਗੰਭੀਰ ਹੋ ਗਈ ਹੈ। ਅੱਜ ਦੇ ਪਦਾਰਥ ਯੁੱਗ ਵਿਚ ਹਰ ਦਸਵਾਂ ਵਿਅਕਤੀ ਮਾਨਸਿਕ ਰੋਗਾਂ ਦਾ ਸ਼ਿਕਾਰ ਬਣ ਰਿਹਾ ਹੈ। ਭਾਵੇਂ ਇਸ ਸਦੀ ਵਿਚ ਵਿਗਿਆਨ ਅਤੇ ਤਕਨਾਲੋਜੀ ਨੇ ਬਹੁਤ ਤਰੱਕੀ ਕੀਤੀ ਹੈ ਅਤੇ ਇਨਸਾਨ ਦੀ ਜ਼ਿੰਦਗੀ ਨੂੰ ਬੜਾ ਹੀ ਆਰਾਮਦਾਇਕ ਬਣਾ ਦਿੱਤਾ ਹੈ; ਪਰੰਤੂ ਉਹ ਇਸ ਆਰਾਮਦਾਇਕ ਜ਼ਿੰਦਗੀ ਵਿਚ ਆਪਣਾ ਮਾਨਸਿਕ ਸੰਤੁਲਨ ਖੋਹਦਾ ਜਾ ਰਿਹਾ ਹੈ। ਅੱਜ ਹਰ ਵਿਅਕਤੀ ਭਾਵੇਂ ਉਹ ਬੱਚਾ ਹੈ; ਜਾਂ ਬੁੱਢਾ; ਭਾਵੇਂ ਉਹ ਮਰਦ ਹੈ ਜਾਂ ਤੀਵੀਂ; ਭਾਵੇਂ ਉਹ ਦਫ਼ਤਰ ਵਿਚ ਕੰਮ ਕਰਦਾ ਹੈ ਜਾਂ ਖੇਤਾਂ ਅਤੇ ਕਾਰਖ਼ਾਨਿਆਂ ਵਿਚ ਮਜ਼ਦੂਰੀ ਕਰ ਰਿਹਾ ਹੈ ਉਹ ਮਾਨਸਿਕ ਦਬਾਅ ਅਤੇ ਤਣਾਉ ਦੀ ਸਮੱਸਿਆ ਨਾਲ ਉਲਝ ਰਿਹਾ ਹੈ।

ਹਰ ਵਿਅਕਤੀ ਜੀਵ ਦੀਆਂ ਕੁਝ ਸਰੀਰਕ ਅਤੇ ਮਨੋਵਿਗਿਆਨਕ ਲੋੜਾਂ ਹੁੰਦੀਆਂ ਹਨ। ਜਦੋਂ ਉਸ ਦੀਆਂ ਲੋੜਾਂ ਪੂਰੀਆਂ ਨਹੀਂ ਹੁੰਦੀਆਂ ਤਾਂ ਉਸ ਦੀ ਜ਼ਿੰਦਗੀ ਵਿਚ ਕਈ ਸਮੱਸਿਆ ਦਾ ਜਨਮ ਹੁੰਦਾ ਹੈ ਜਿਹੜੀਆਂ ਸਮਾਧਾਨ ਮੰਗਦੀਆਂ ਹਨ। ਜਦੋਂ ਇਨ੍ਹਾਂ ਸਮੱਸਿਆਵਾਂ ਦਾ ਸਮਾਧਾਨ ਨਹੀਂ ਹੁੰਦਾ, ਤਾਂ ਮਨ 'ਤੇ ਬੋਝ ਪੈਦਾ ਹੋ ਜਾਂਦਾ ਹੈ, ਜਿਹੜਾ ਮਾਨਸਿਕ ਦਬਾਉ ਤੇ ਤਣਾਉ ਪੈਦਾ ਕਰਨ ਲਈ ਜ਼ਿੰਮੇਵਾਰ ਹੁੰਦਾ ਹੈ। ਇਸ ਤਣਾਉ ਭਰੀ ਜ਼ਿੰਦਗੀ ਤੋਂ ਹੀ ਚਿੰਤਾ, ਦੁਬਿਧਾ ਮਾਨਸਿਕ ਸ਼ੰਘਰਸ਼, ਵਿਸ਼ਾਦ, ਗ਼ਮਗੀਨੀ ਤੇ ਡਿਪਰੈਸ਼ਨ ਆਦਿ ਦੀਆਂ ਅਲਾਮਤਾਂ ਪੈਦਾ ਹੁੰਦੀਆਂ ਹਨ। ਇਸ ਦਾ ਇਲਾਜ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਇੰਝ ਲਿਖਿਆ ਹੈ:

ਧੁਰ ਕੀ ਬਾਣੀ ਆਈ ॥
ਤਿਨਿ ਸਗਲੀ ਚਿੰਤ ਮਿਟਾਈ ॥

(ਅੰਗ-628)

ਜੇ ਇਨ੍ਹਾਂ ਮਾਨਸਿਕ ਵਿਕਾਰਾਂ ਦਾ ਇਲਾਜ ਨ ਹੋ ਸਕੇ, ਤਾਂ ਇਹ ਬਹੁਤ ਹੀ ਦੁਖਦਾਈ ਹੋ ਜਾਂਦੀਆਂ ਹਨ ਅਤੇ ਜ਼ਿੰਦਗੀ ਨੂੰ ਦੁੱਭਰ ਬਣਾ ਦੇਂਦੀਆਂ ਹਨ। ਇਸ ਨਾਲ ਜ਼ਿੰਦਗੀ ਵਿਚ ਨਿਰਾਸ਼ਤਾ, ਵਿਸ਼ਾਦੀ ਭਾਵਨਾਵਾਂ ਤੇ ਅਪਸਮਾਯੋਜਤਾ ਪੈਦਾ ਹੋ ਜਾਂਦੀ ਹੈ ਅਤੇ ਫਿਰ ਸਾਨੂੰ ਇਲਾਜ ਕਰਾਉਣ ਲਈ ਕਿਸੇ ਉੱਘੇ ਮਨੋਚਕਿਤਸਕ ਕੋਲ ਜਾਣ ਦੀ ਲੋੜ ਪੈਂਦੀ ਹੈ। ਉਹ ਕੁਝ ਦਵਾਈਆਂ ਦੇ ਕੇ ਮਰੀਜ਼ ਨੂੰ ਸਮਝਾਉਣ ਦਾ ਯਤਨ ਕਰਦੇ ਹਨ; ਤਾਂ ਜੋ ਰੋਗੀ ਮਨ ਅੰਦਰ ਪੈਦਾ ਹੋਣ ਵਾਲੀਆਂ ਸਮੱਸਿਆਵਾਂ ਨੂੰ ਯਾਦ ਹੀ ਨ ਕਰਨ। ਪਰ ਇਸ ਨਾਲ ਪੂਰਾ ਆਰਾਮ ਨਹੀਂ ਆਉਂਦਾਂ ਜਦੋਂ ਵੀ ਰੋਗੀ ਸਦਮੇ ਵਾਲੀ ਸਥਿਤੀ ਵਿਚ ਆਉਂਦਾ ਹੈ ਤਾਂ ਫਿਰ ਉਹ ਕਿਸੇ ਮਾਨਸਿਕ ਵਿਕਾਰ ਦਾ ਸ਼ਿਕਾਰ ਹੋ ਜਾਂਦਾ ਹੈ। ਦਰਅਸਲ ਮਾਨਸਿਕ ਬਿਮਾਰੀਆਂ ਲਈ ਅਜੇ ਤੱਕ ਕੋਈ ਉਚਿੱਤ ਦਵਾਈਆਂ ਦਾ ਪ੍ਰਬੰਧ ਨਹੀਂ ਹੋਇਆ, ਇਸ ਦਾ ਤਾਂ ਕੇਵਲ ਮਨੋ-ਵਿਸ਼ਲੇਸ਼ਣ ਜਾਂ ਮਨੋਚਕਿਤਾਸਕ ਤਕਨੀਕਾਂ ਹੀ ਮਦਦ ਕਰ ਸਕਦੀਆਂ ਹਨ। ਇਸ ਲਈ ਚਕਿਤਾਸਕ ਮਨੋਵਿਗਿਆਨੀ ਕੌਂਸਲਿੰਗ ਰਾਹੀਂ ਹੀ ਮਰੀਜ਼ ਨੂੰ ਠੀਕ ਕਰਨ ਦਾ ਯਤਨ ਕਰਦੇ ਹਨ।

ਸਭ ਤੋਂ ਜ਼ਿਆਦਾ ਜ਼ਰੂਰੀ ਤਾਂ ਇਹ ਹੈ ਕਿ ਮਾਨਸਿਕ ਵਿਕਾਰਾਂ ਲਈ ਸਵੈ-ਕੌਂਸਲਿੰਗ ਕੀਤੀ ਜਾਵੇ, ਜਿਸ ਲਈ ਮਰੀਜ਼ ਨੂੰ ਸਿੱਖਿਅਤ ਕਰਨਾ ਚਾਹੀਦਾ ਹੈ। ਇਨ੍ਹਾਂ ਸਾਰੀਆਂ ਮਾਨਸਿਕ ਬਿਮਾਰੀਆਂ ਦਾ ਇਲਾਜ ਤਾਂ ਗੁਰੂ ਨਾਨਕ ਸਾਹਿਬ ਜੀ ਦੀ ਬਾਣੀ ਵਿਸ਼ੇਸ਼ ਤੌਰ 'ਤੇ ਜਪੁਜੀ ਸਾਹਿਬ ਵਿਚ ਜ਼ਿਕਰ ਕੀਤਾ ਗਿਆ ਹੈ। ਦਰਅਸਲ ਗੁਰੂ ਨਾਨਕ ਦੇਵ ਜੀ ਪੰਦਰਵੀਂ ਸਦੀ ਦੇ ਮਨੋ-ਚਕਿਤਸਕ ਸਨ; ਜਿਨ੍ਹਾਂ ਦੀ ਬਾਣੀ ਦੀ ਅੱਜ ਦੀ ਸਦੀ ਵਿਚ ਬਹੁਤ ਲੋੜ ਹੈ।

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣ ਹੋਆ।
ਜਿਉ ਕਰਿ ਸੂਰਜੁ ਨਿਕਲਿਆ ਤਾਰੇ ਛਪਿ ਅੰਧੇਰੁ ਪਲੋਆ।

(ਭਾਈ ਗੁਰਦਾਸ ਜੀ ਵਾਰ1 ਪੌੜੀ 27)

ਜੇ ਅਸੀਂ ਗੁਰੂ ਨਾਨਕ ਸਾਹਿਬ ਜੀ ਦੀ ਬਾਣੀ ਦਾ ਨਾ ਕੇਵਲ ਉਚਾਰਨ ਹੀ ਕਰੀਏ, ਪਰੰਤੂ ਇਸ ਨੂੰ ਆਪਣੀ ਜ਼ਿੰਦਗੀ ਵਿਚ ਅਪਣਾਈਏ ਤਾਂ ਜ਼ਿੰਦਗੀ ਵਿਚ ਆਉਣ ਵਾਲੇ ਤਣਾਉ ਤੇ ਦਬਾਓ ਨੂੰ ਜ਼ਰੂਰ ਹੀ ਘਟਾਇਆ ਜਾ ਸਕਦਾ ਹੈ; ਜਿਵੇਂ ਗੁਰੂ ਸਾਹਿਬ ਨੇ ਲਿਖਿਆ ਹੈ:

ਦੁਖੁ ਦਾਰੂ ਸੁਖੁ ਰੋਗੁ ਭਇਆ ਜਾ ਸੁਖੁ ਤਾਮਿ ਨ ਹੋਈ ॥
ਤੂੰ ਕਰਤਾ ਕਰਣਾ ਮੈ ਨਾਹੀ ਜਾ ਹਉ ਕਰੀ ਨ ਹੋਈ ॥੧॥

(ਅੰਗ 469)

ਭਾਵ ਇਹ ਹੈ ਕਿ ਸਾਰੀਆਂ ਬਿਮਾਰੀਆਂ ਦਾ ਇਲਾਜ ਬਾਣੀ ਹੀ ਹੈ। ਅੱਜ ਦੇ ਮਨੋਵਿਗਿਆਨੀ ਜ਼ਿੰਦਗੀ ਨੂੰ ਪ੍ਰਭਾਵਸ਼ਾਲੀ ਤੇ ਚੰਗੇਰਾ ਬਣਾਉਣ ਲਈ ਭਾਵਨਾਤਮਕ ਬੁੱਧੀ ਦੇ ਸਿਧਾਂਤ ਤੇ ਜ਼ੋਰ ਪਾਉਂਦੇ ਹਨ ਅਤੇ ਸਾਨੂੰ ਸਵੈ-ਵਿਸ਼ਲੇਸ਼ਣ ਕਰਨ ਲਈ ਪ੍ਰੇਰਦੇ ਹਨ। ਉਨ੍ਹਾਂ ਲਈ ਵਿਅਕਤੀ ਵਿਚ ਸਵੈ-ਚੇਤਨਾ ਅਤੇ ਸਵੈ-ਪਹਿਚਾਣ ਹੋਣਾ ਬਹੁਤ ਜ਼ਰੂਰੀ ਹੈ। ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿਚ ਕਿਹਾ ਸੀ:

ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥
ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ ॥

(ਅੰਗ 441)

ਇਹ ਗੁਰਬਾਣੀ ਦੀ ਤੁਕ ਸਾਨੂੰ ਗੁਰੂ ਜੀ ਦੇ ਦੱਸੇ ਰਾਹ ਅਤੇ ਉਨ੍ਹਾਂ ਵੱਲੋਂ ਦਰਸਾਏ ਗਏ ਸਿਧਾਂਤਾਂ ਨਾਲ ਜੋੜਦੀ ਹੈ।

ਮਨੋਵਿਗਿਆਨੀ ਮਨ ਵਿਚ ਆਏ ਵਿਸ਼ਾਦੀ ਵਿਚਾਰਾਂ ਨੂੰ ਕਾਬੂ ਕਰਨ ਦੇ ਲਈ ਇਲਾਹੀ ਆਸਰੇ ਦੀ ਮਦਦ ਲੈਣ ਲਈ ਸਲਾਹ ਦੇਂਦੇ ਹਨ ਅਤੇ ਇਹ ਤਦ ਹੀ ਸੰਭਵ ਹੋ ਸਕਦਾ ਹੈ ਜੇ ਅਸੀਂ ਆਪਣੇ ਮਨ ਵਿਚ ਕਿਸੇ ਆਸਰੇ ਨੂੰ ਕਾਬੂਲ ਕਰਕੇ ਆਪਣਾ ਵਿਸ਼ਵਾਸ ਉਸ ਵਿਚ ਪਾ ਲਈਏ ਅਤੇ ਇਹ ਆਸਰਾ ਅਸੀਂ ਗੁਰੂ ਜੀ ਦੀ ਬਾਣੀ ਵਿਚੋਂ ਹੀ ਪਾ ਸਕਦੇ ਹਾਂ।

ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿਚ ਇਲਾਹੀ ਹੁਕਮ 'ਤੇ ਜ਼ੋਰ ਦਿੱਤਾ ਹੈ ਜਿਸ ਨਾਲ ਅਸੀਂ ਆਪਣੇ ਮਨ ਨੂੰ ਕਾਬੂ ਕਰਨ ਦੇ ਯੋਗ ਹੋ ਸਕਦੇ ਹਾਂ:

ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ॥
ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ॥੨॥

(ਅੰਗ 1)

ਹੁਕਮ ਦੀ ਸ੍ਵੀਕਿਰਤੀ ਹੀ ਸਾਨੂੰ ਮਨ ਦੀ ਸ਼ਾਂਤੀ ਪ੍ਰਦਾਨ ਕਰਦੀ ਹੈ ਅਤੇ ਦਿਲ ਤੇ ਦਿਮਾਗ ਨੂੰ ਹੌਂਸਲਾ ਦੇਂਦੀ ਹੈ ਅਤੇ ਪ੍ਰੇਰਤ ਕਰਦੀ ਹੈ। ਅਰਦਾਸ ਵਿਚ ਬੜੀ ਸ਼ਕਤੀ ਹੈ।

ਤੂ ਠਾਕੁਰੁ ਤੁਮ ਪਹਿ ਅਰਦਾਸਿ॥
ਜੀਉ ਪਿੰਡੁ ਸਭੁ ਤੇਰੀ ਰਾਸਿ॥
ਤੁਮ ਮਾਤ ਪਿਤਾ ਹਮ ਬਾਰਿਕ ਤੇਰੇ॥
ਤੁਮਰੀ ਕ੍ਰਿਪਾ ਮਹਿ ਸੂਖ ਘਨੇਰੇ॥

(ਅੰਗ 268)

ਅਸੀਂ ਪ੍ਰਮਾਤਮਾ ਤੋਂ ਮਨ ਦੀ ਸ਼ਾਂਤੀ ਲਈ ਅਰਦਾਸ ਕਰਦੇ ਹਾਂ। ਅਸੀਂ ਹੁਕਮ ਲੈਂਦੇ ਹਾਂ ਅਤੇ ਫਿਰ ਇਲਾਹੀ ਹੁਕਮ ਤੇ ਵਿਚਾਰ ਕਰਦੇ ਹਾਂ, ਜਿਸ ਨਾਲ ਸਾਡੇ ਮਨ ਨੂੰ ਸਕੂਨ ਮਿਲਦਾ ਹੈ। ਜਪੁਜੀ ਸਾਹਿਬ ਵਿਚ ਲਿਖਿਆ ਹੈ:

ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥੧॥

(ਅੰਗ 1)

ਮਨ ਦੀ ਸ਼ਾਂਤੀ ਨੂੰ ਪ੍ਰਾਪਤ ਕਰਨ ਲਈ ਉਹ ਉਪਦੇਸ਼ ਦੇਂਦੇ ਹਨ:

ਮੰਨੇ ਕੀ ਗਤਿ ਕਹੀ ਨ ਜਾਇ॥
ਜੇ ਕੋ ਕਹੈ ਪਿਛੈ ਪਛੁਤਾਇ॥
ਕਾਗਦਿ ਕਲਮ ਨ ਲਿਖਣਹਾਰੁ॥
ਮੰਨੇ ਕਾ ਬਹਿ ਕਰਨਿ ਵੀਚਾਰੁ॥
ਐਸਾ ਨਾਮੁ ਨਿਰੰਜਨੁ ਹੋਇ॥
ਜੇ ਕੋ ਮੰਨਿ ਜਾਣੈ ਮਨਿ ਕੋਇ॥੧੨॥

(ਅੰਗ 3)

ਉਹ ਅੱਗੇ ਲਿਖਦੇ ਹਨ:

ਨਾਨਕ ਭਗਤਾ ਸਦਾ ਵਿਗਾਸੁ ॥
ਸੁਣਿਐ ਦੂਖ ਪਾਪ ਕਾ ਨਾਸੁ ॥੮॥

(ਅੰਗ 2)

ਗੁਰੂ ਨਾਨਕ ਦੇਵ ਜੀ ਦੀ ਬਾਣੀ ਦੱਸਦੀ ਹੈ ਕਿ ਇਸ ਸੰਸਾਰ ਵਿਚ ਜੋ ਹੋ ਰਿਹਾ ਹੈ, ਉਹ ਉਸ ਦੇ ਹੁਕਮ ਅਨੁਸਾਰ ਹੀ ਹੋ ਰਿਹਾ ਹੈ, ਜਿਸ ਤੇ ਸਾਡਾ ਕੋਈ ਨਿਯੰਤਰਨ ਨਹੀਂ ਹੈ। ਇਸ ਲਈ ਸਾਨੂੰ ਇਲਾਹੀ ਹੁਕਮ ਤੇ ਆਪਣੇ ਆਪ ਨੂੰ ਮੁਕੰਮਲ ਤੌਰ ਤੇ ਸਮਰਪਿਤ ਕਰ ਦੇਣਾ ਚਾਹੀਦਾ ਹੈ।

ਜਿਉ ਜਿਉ ਤੇਰਾ ਹੁਕਮੁ ਤਿਵੈ ਤਿਉ ਹੋਵਣਾ॥
ਜਹ ਜਹ ਰਖਹਿ ਆਪਿ ਤਹ ਜਾਇ ਖੜੋਵਣਾ॥

(ਅੰਗ 523)

ਭਾਵ ਇਹ ਹੈ ਕਿ ਹੇ ਪ੍ਰਭੂ ਜਗਤ ਵਿਚ ਉਸ ਤਰ੍ਹਾਂ ਵਰਤਾਰਾ ਵਰਤਦਾ ਹੈ, ਜਿਵੇਂ ਤੇਰਾ ਹੁਕਮ ਹੁੰਦਾ ਹੈ। ਜਿੱਥੇ ਜਿੱਥੇ ਤੂੰ ਆਪ ਜੀਵਾਂ ਨੂੰ ਰੱਖਦਾ ਹੈ, ਉੱਥੇ ਹੀ ਜੀਵ ਜਾ ਖਲੋਂਦਾ ਹੈ।

ਸਭੁ ਹੁਕਮੋ ਵਰਤੈ ਹੁਕਮਿ ਸਮਾਇ॥
ਦੂਖ ਸੂਖ ਸਭ ਤਿਸੁ ਰਜਾਇ॥੭॥

(ਅੰਗ 1188)

ਗੁਰੂ ਨਾਨਕ ਦੇਵ ਜੀ ਅੱਗੇ ਦੱਸਦੇ ਹਨ ਕਿ ਸਾਡੀ ਕੋਈ ਸਿਆਣਪ ਕੰਮ ਨਹੀਂ ਆਉਂਦੀ। ਅਸੀਂ ਕਿੰਨੇ ਹੀ ਸੂਝਵਾਨ ਹੋਈਏ ਹੋਣਾ ਉਹੀ ਹੈ; ਜੋ ਉਸ ਦੀ ਰਜਾ ਵਿਚ ਲਿਖਿਆ ਹੈ:

ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥
ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥੧॥

(ਅੰਗ 1)

ਸਾਰੇ ਜੀਵ ਆਪੋ ਆਪਣਾ ਜ਼ੋਰ ਲਗਾਉਂਦੇ ਹਨ; ਪਰ ਹੁੰਦਾ ਉਹੀ ਹੈ ਜੋ ਕਰਤਾ ਕਰਦਾ ਹੈ।

ਸਭਨੀ ਛਾਲਾ ਮਾਰੀਆ ਕਰਤਾ ਕਰੇ ਸੁ ਹੋਇ॥

(ਅੰਗ 469)

ਗੁਰੂ ਨਾਨਕ ਦੇਵ ਜੀ ਦੀ ਅਗਲੀ ਫ਼ਿਲਾਸਫ਼ੀ ਇਹ ਹੈ ਕਿ ਸਾਡੀ ਜੱਦੋ-ਜਹਿਦ ਸਾਡੇ ਮਨ ਨਾਲ ਹੀ ਹੈ। ਇਸ ਲਈ ਸਾਨੂੰ ਆਪਣੇ ਮਨ ਨੂੰ ਨਿਯੰਤਰਨ ਵਿਚ ਰੱਖਣਾ ਚਾਹੀਦਾ ਹੈ। ਸਾਡੀਆਂ ਬਹੁਤ ਸਾਰੀਆਂ ਅੰਦਰਲੀਆਂ ਅਤੇ ਬਾਹਰਲੀਆਂ ਸਮੱਸਿਆਵਾਂ ਦਾ ਕਾਰਨ ਹੀ ਇਹ ਹੈ ਕਿ ਅਸੀਂ ਮਨ ਨੂੰ ਕਾਬੂ ਨਹੀਂ ਕਰ ਸਕਦੇ ਅਤੇ ਅਨੁਸ਼ਾਸਨ ਵਿਚ ਨਹੀਂ ਰਹਿੰਦੇ। ਜੇ ਅਸੀਂ ਆਪਣੇ ਮਨ ਨੂੰ ਅਨੁਸ਼ਾਸਨ ਵਿਚ ਲੈ ਆਈਏ; ਤਾਂ ਸਾਨੂੰ ਅੰਦਰਲੀ ਤੇ ਬਾਹਰਲੀ ਸ਼ਾਂਤੀ ਮਿਲ ਸਕਦੀ ਹੈ।

....... ਮਨਿ ਜੀਤੈ ਜਗੁ ਜੀਤੁ ॥

ਗੁਰੂ ਨਾਨਕ ਦੇਵ ਜੀ ਨੇ ਸਿੱਖਿਆ ਦਿੱਤੀ ਹੈ ਕਿ ਨੇਕੀ, ਭਲਾਈ ਅਤੇ ਸਦਾਚਾਰਤਾ ਦੇ ਹੀਰਿਆਂ ਨੂੰ ਪਹਿਚਾਣਿਆ ਜਾਵੇ ਅਤੇ ਆਪਣੇ ਅੰਦਰ ਬੁਰਾਈਆਂ ਤੇ ਵਿਕਾਰਾਂ ਦਾ ਡਟ ਕੇ ਮੁਕਾਬਲਾ ਕੀਤਾ ਜਾਵੇ ਅਤੇ ਉਨ੍ਹਾਂ ਨੂੰ ਦੂਰ ਕਰਨ ਦਾ ਯਤਨ ਕੀਤਾ ਜਾਵੇ। ਜੇ ਅਸੀਂ ਸਦਾਚਾਰੀ ਵਿਅਕਤੀ ਬਣ ਜਾਈਏ, ਤਾਂ ਅਸੀਂ ਸ਼ਾਂਤੀਪੂਰਨ ਜੀਵਨ ਬਤੀਤ ਕਰ ਸਕਦੇ ਹਾਂ।

ਮੰਨੈ ਪਾਵਹਿ ਮੋਖੁ ਦੁਆਰੁ ॥
ਮੰਨੈ ਪਰਵਾਰੈ ਸਾਧਾਰੁ ॥
ਮੰਨੈ ਤਰੈ ਤਾਰੇ ਗੁਰੁ ਸਿਖ ॥
ਮੰਨੈ ਨਾਨਕ ਭਵਹਿ ਨ ਭਿਖ ॥
ਐਸਾ ਨਾਮੁ ਨਿਰੰਜਨੁ ਹੋਇ ॥
ਜੇ ਕੋ ਮੰਨਿ ਜਾਣੈ ਮਨਿ ਕੋਇ ॥੧੫॥

(ਅੰਗ 3)

ਉਹ ਅੱਗੇ ਦਸਦੇ ਹਨ:

ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ ॥

(ਅੰਗ 470)

ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਸਭ ਤੋਂ ਵੱਡੀ ਸਿੱਖਿਆ ਇਹ ਦਿੱਤੀ ਗਈ ਹੈ ਕਿ ਇਕ ਇਨਸਾਨ ਵਿਚ ਹਉਮੈਂ ਜਾਂ ਈਗੋ ਨੂੰ ਘਟਾ ਕੇ ਹੀ ਉਹ ਚੰਗੀ ਜ਼ਿੰਦਗੀ ਬਤੀਤ ਕਰ ਸਕਦਾ ਹੈ, ਜਿਵੇਂ ਕਿ ਉਨ੍ਹਾਂ ਲਿਖਿਆ ਹੈ:

ਧਰਿ ਤਾਰਾਜੂ ਤੋਲੀਐ ਨਿਵੈ ਸੁ ਗਉਰਾ ਹੋਇ ॥

(ਅੰਗ 470)

ਉਨ੍ਹਾਂ ਨੇ ਅੱਗੇ ਲਿਖਿਆ ਹੈ:

ਸਾਡੇ ਸਾਰੇ ਦੁੱਖਾਂ ਦਾ ਮੂਲ ਕਾਰਨ ਸਾਡੀ ਹਉਮੈਂ ਹੀ ਹੈ। ਹਉਮੈਂ ਦੇ ਚੱਕਰ ਨੇ ਸਾਡੀ ਸ਼ਾਂਤੀ ਖੋਹ ਲਈ ਹੈ।

ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ ॥
ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ ॥
ਨਾਨਕੁ ਕਹੈ ਸੁਣਹੁ ਜਨਹੁ ਇਤੁ ਸੰਜਮਿ ਦੁਖ ਜਾਹਿ ॥੨॥

(ਅੰਗ 466)

ਗੁਰੂ ਨਾਨਕ ਦੇਵ ਜੀ ਨੇ ਸੱਚੀ ਤੇ ਸੁੱਚੀ ਕਮਾਈ ਕਰਨ ਦਾ ਸੁਨੇਹਾ ਦਿੱਤਾ ਹੈ। ਸੁੱਚੀ ਕਮਾਈ ਵਿਚ ਹੀ ਬਰਕਤ ਹੁੰਦੀ ਹੈ। ਦਰਅਸਲ ਉਨ੍ਹਾਂ ਨੇ ਕਿਰਤ ਕਮਾਈ 'ਤੇ ਹੀ ਜ਼ੋਰ ਪਾਇਆ ਹੈ।

ਨਾਮ ਜਪੋ, ਵੰਡ ਛਕੋ ਤੇ ਕਿਰਤ ਕਰੋ।

ਅੱਗੇ ਦਸਦੇ ਹਨ:

ਘਾਲਿ ਖਾਇ ਕਿਛੁ ਹਥਹੁ ਦੇਇ ॥
ਨਾਨਕ ਰਾਹੁ ਪਛਾਣਹਿ ਸੇਇ ॥੧॥

(ਅੰਗ 1245)

ਗੁਰੂ ਨਾਨਕ ਦੇਵ ਜੀ ਦਾ ਸਭ ਤੋਂ ਵੱਡਾ ਸੰਦੇਸ਼ ਜਿਹੜਾ ਅੱਜ ਦੇ ਸਮੇਂ ਵਿਚ ਬਹੁਤ ਹੀ ਲੋੜੀਂਦਾ ਹੈ; ਉਹ ਹੈ ਭਰਾਤਰੀ ਭਾਵ ਦੁਨਿਆਵੀ ਭਾਈਚਾਰਾ।

ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥੧॥

(ਅੰਗ 1349)

ਅੱਗੇ ਦਸਦੇ ਹਨ:

ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ ॥

(ਅੰਗ 611)

ਉਨ੍ਹਾਂ ਨੇ ਕਿਸੇ ਧਰਮ, ਕੌਮ, ਕਬੀਲੇ ਜਾਂ ਸਭਿਆਚਾਰਕ ਵਿਲੱਖਣਤਾ ਨਹੀਂ ਕੀਤੀ ਅਤੇ ਕਿਸੇ ਤਰ੍ਹਾਂ ਦਾ ਕੋਈ ਭੇਦ-ਭਾਵ ਨਹੀਂ ਕੀਤਾ।

ਇਕ ਹੋਰ ਸੁਨੇਹਾ ਜਿਹੜਾ ਉਨ੍ਹਾਂ ਨੇ ਆਪਣੀ ਬਾਣੀ ਵਿਚ ਦਿੱਤਾ ਹੈ ਅਤੇ ਜਿਹੜਾ ਪੰਜਾਬੀ ਯੂਨੀਵਰਸਿਟੀ ਦੀ ਧੁਨੀ ਦਾ ਧੁਰਾ ਹੈ:

ਵਿੱਦਿਆ ਵੀਚਾਰੀ ਤਾਂ ਪਰਉਪਕਾਰੀ ॥

ਉਨ੍ਹਾਂ ਨੇ ਪੰਜ ਵਿਕਾਰਾਂ ਨੂੰ ਕਾਬੂ ਕਰਨ ਲਈ ਕਿਹਾ ਹੈ:

ਪੰਚ ਰਾਸੀ ਤਾਂ ਤੀਰਥ ਵਾਸੀ ॥੧॥

(ਅੰਗ 356)

ਉਹ ਪੰਜ ਤੱਤ ਹਨ- ਕਾਮ, ਕ੍ਰੋਧ, ਮੋਹ, ਲੋਭ, ਹੰਕਾਰ

ਉਨ੍ਹਾਂ ਨੇ ਮੂਲ ਮੰਤਰ ਦੇ ਪਾਠ ’ਤੇ ਵੀ ਜ਼ੋਰ ਦਿੱਤਾ ਹੈ:

ਗਾਵੀਐ ਸੁਣੀਐ ਮਨਿ ਰਖੀਐ ਭਾਉ ॥
ਦੁਖੁ ਪਰਹਰਿ ਸੁਖੁ ਘਰਿ ਲੈ ਜਾਇ ॥

(ਅੰਗ 2)

ਜਦੋਂ ਵੀ ਕੋਈ ਵਿਅਕਤੀ ਕਿਸੇ ਮਾਨਸਿਕ, ਤਣਾਉ ਵਿਚ ਹੁੰਦਾ ਹੈ; ਤਾਂ ਉਸ ਸਮੇਂ ਮੂਲ ਮੰਤਰ ਦਾ ਪਾਠ ਕਰਕੇ ਸਕੂਨ ਪਾ ਸਕਦਾ ਹੈ ਅਤੇ ਤਾਂ ਤਣਾਉ ਮੁਕਤੀ ਹੋ ਜਾਂਦੀ ਹੈ।

ਦੁਖ ਭੰਜਨੁ ਤੇਰਾ ਨਾਮੁ ਜੀ ਦੁਖ ਭੰਜਨੁ ਤੇਰਾ ਨਾਮੁ ॥
ਹੇ ਪ੍ਰਭੂ! ਤੇਰਾ ਨਾਮ ਦੁੱਖਾਂ ਦਾ ਨਾਸ ਕਰਨ ਵਾਲਾ ਹੈ।

(ਅੰਗ 218)

ਗੁਰੂ ਨਾਨਕ ਦੇਵ ਜੀ ਦੀ ਬਾਣੀ ਨਾਲ ਜੁੜੇ ਹੋਏ ਨਾਨਕ ਨਾਮ ਲੇਵਾ ਵਿਅਕਤੀ ਹਮੇਸ਼ਾ ਹੀ ਚੰਗੀ ਮਾਨਸਿਕ ਸਿਹਤ ਦੇ ਮਾਲਿਕ ਬਣ ਸਕਦੇ ਹਨ; ਕਿਉਂਕਿ ਉਹ ਹਮੇਸ਼ਾਂ ਹੀ ਉਚਾਰਦੇ ਹਨ:

ਨਾਨਕ ਭਗਤਾ ਸਦਾ ਵਿਗਾਸੁ ॥
ਸੁਣਿਐ ਦੂਖ ਪਾਪ ਕਾ ਨਾਸੁ ॥੮॥

(ਅੰਗ 2)

ਭਰੀਐ ਮਤਿ ਪਾਪਾ ਕੈ ਸੰਗਿ ॥
ਓਹੁ ਧੋਪੈ ਨਾਵੈ ਕੈ ਰੰਗਿ ॥

(ਅੰਗ 4)

ਨਾਨਕ ਨਾਮ ਚੜ੍ਹਦੀ ਕਲਾ
ਤੇਰੇ ਭਾਣੇ ਸਰਬਤ ਦਾ ਭਲਾ।

ਸਾਬਕਾ ਮੁਖੀ, ਮਨੋਵਿਗਿਆਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ।
94781-69464



## ਵਿੱਦਿਆ ਦੀ ਜੈਕਾਰ

ਪ੍ਰੋ. ਨਵਸੰਗੀਤ ਸਿੰਘ

ਕਰੀਏ ਵਿੱਦਿਆ ਦੀ ਵੀਚਾਰ, ਜਿਸ ਦੇ ਬੇਸ਼ੁਮਾਰ ਉਪਕਾਰ।
ਅਨਪੜ੍ਹ ਸਦਾ ਹੀ ਫਾਡੀ ਰਹਿੰਦਾ, ਪੱਲੇ ਪੈਂਦੀ ਹਾਰ।

ਵਿੱਦਿਆ ਧਨ ਹੈ ਐਸਾ, ਜਿਸ ਨੂੰ ਚੋਰ ਚੁਰਾ ਨਹੀਂ ਸਕਦਾ
ਅੱਗ ਵੀ ਸਾੜ ਨਾ ਸਕਦੀ ਜੀਹਨੂੰ, ਪਾਣੀ ਸਕੇ ਨਾ ਠਾਰ।

ਬਿਨ ਵਿੱਦਿਆ ਦੇ ਕੁਝ ਨਾ ਦਿੱਸੇ, ਜਾਪੇ ਘੁੱਪ ਹਨੇਰਾ
ਇਹਦੀ ਇੱਕ ਚਿਣਗ ਨਾਲ ਹੋ 'ਜੇ, ਰੌਸ਼ਨ ਕੁੱਲ ਸੰਸਾਰ।

ਪੜ੍ਹ ਕੇ ਵਿੱਦਿਆ ਸੇਵਾ ਕਰੀਏ, ਮਾਣ ਨਾ ਕਰੀਏ ਖ਼ੁਦ 'ਤੇ
ਏਹੋ ਉੱਚੀ ਭਗਤੀ, ਏਹੋ ਗੁਰੂ ਗ੍ਰੰਥ ਦਾ ਸਾਰ।

ਕੁੜੀਆਂ ਨੂੰ ਵੀ ਵਿਦਿਆ ਵੰਡੀਏ, ਦੱਸੀਏ ਇਹਦੀ ਸ਼ਕਤੀ
ਨਿਰ-ਅੱਖਰਾਂ ਨੂੰ ਸਾਖਰ ਕਰੀਏ, ਲਓ ਉਨ੍ਹਾਂ ਦੀ ਸਾਰ।

ਲੋਭ-ਲਾਲਚ ਨੂੰ ਦਿਲੋਂ ਮਿਟਾਈਏ, ਪੜ੍ਹੀਏ ਵਿੱਦਿਆ ਐਸੀ
ਵਿੱਦਿਆ ਦਾਨ ਜੋ ਕਰਦੇ, ਹੁੰਦਾ ਹਰ ਥਾਂ ਤੇ ਸਤਿਕਾਰ।

ਬੱਚੇ ਸਾਰੇ ਦੇਸ਼ ਦੇ ਮੇਰੇ, ਪੜ੍ਹਨਾ ਲਿਖਣਾ ਸਮਝਣ
ਕਰਾਂ ਦੁਆ ਸਭ ਨੂੰ ਮਿਲ ਜਾਵੇ, ਵਿੱਦਿਆ ਦਾ ਅਧਿਕਾਰ।

ਬਣ ਅਧਿਆਪਕ ਵੰਡਾਂ ਚਾਨਣ, ਮਹਿਕਾਂ ਤੇ ਮਹਿਕਾਵਾਂ
ਕਦੇ ਨਾ ਹਉਮੈ ਨੇੜੇ ਆਵੇ, ਬਖਸ਼ੀਂ ਹੇ ਕਰਤਾਰ!

ਆਓ ਸਾਰੇ ਘਰ ਵਿੱਚ ਆਪਾਂ, ਬਾਲੀਏ ਵਿਦਿਆ ਦੀਵੇ
ਅਰਥ ਜੋ ਇਹਦਾ ਜਾਣੇ, ਹੋਵੇ ਉਹਦੀ ਜੈ-ਜੈ ਕਾਰ।

'ਰੂਹੀ' ਵਾਂਗਰ ਸਾਰੇ ਮੰਨੀਏ, ਵਿੱਦਿਆ ਨੂੰ ਇੱਕ ਗਹਿਣਾ
ਪੜ੍ਹ ਕੇ ਉੱਚੀ ਮੰਜ਼ਿਲ ਪਾਈਏ, ਬਣੀਏ ਖ਼ੁਦਮੁਖ਼ਤਾਰ।

ਪੋਸਟਗ੍ਰੈਜੂਏਟ ਪੰਜਾਬੀ ਵਿਭਾਗ,
ਅਕਾਲ ਯੂਨੀਵਰਸਿਟੀ,
ਤਲਵੰਡੀ ਸਾਬੋ (ਬਠਿੰਡਾ)-151302
94176-92015

# ਪੰਜਾਬੀ ਮਿੰਨੀ ਕਹਾਣੀ: ਇੱਕ ਵਿਸ਼ਲੇਸ਼ਣ

ਹਰਪ੍ਰੀਤ ਸਿੰਘ ਰਾਣਾ (ਡਾ.)



ਮਿੰਨੀ ਕਹਾਣੀ ਗਲਪ ਸਾਹਿਤ ਦੀ ਇੱਕ ਸੁਤੰਤਰ ਰੂਪਾਕਾਰ ਹੈ। ਨਾਵਲ ਅਤੇ ਕਹਾਣੀ ਗਲਪੀ ਰੂਪਾਂ ਵਾਂਗ ਇਸ ਦਾ ਵੀ ਆਪਣਾ ਇੱਕ ਨਿਸ਼ਚਿਤ ਰੂਪ-ਵਿਧਾਨ ਹੈ। ਥੋੜ੍ਹੇ ਸ਼ਬਦਾਂ ਵਿਚ ਭਾਵ 'ਕੁੱਜੇ ਵਿਚ ਸਮੁੰਦਰ' ਬੰਦ ਕਰਨਾ ਇਸ ਰੂਪਾਕਾਰ ਦੀ ਨਿਵੇਕਲੀ ਵਿਸ਼ੇਸ਼ਤਾ ਹੈ। ਗੋਂਦ ਜਾਂ ਪਲਾਟ,ਵਿਸ਼ਾ-ਵਸਤੂ, ਪਾਤਰ-ਉਸਾਰੀ, ਵਾਰਤਾਲਾਪ, ਵਾਤਾਵਰਣ-ਚਿਤਰਨ, ਭਾਸ਼ਾ-ਸ਼ੈਲੀ, ਉਦੇਸ਼ ਜਾਂ ਮੰਤਵ ਆਦਿ ਤੱਤ ਹੋਰਨਾਂ ਗਲਪੀ ਰੂਪਾਕਾਰਾਂ ਵਾਂਗ ਇਸ ਰੂਪਾਕਾਰ ਵਿਚ ਵੀ ਮੌਜੂਦ ਹਨ ਪਰ ਹੋਰਨਾਂ ਗਲਪੀ ਰੂਪਾਕਾਰ ਤੋਂ ਇਸ ਰੂਪਾਕਾਰ ਦੀ ਵਿਲੱਖਣ ਵਿਸ਼ੇਸ਼ਤਾ ਸੰਖੇਪਤਾ, ਸ਼ਬਦ-ਸੰਜਮਤਾ, ਵਿਅੰਗ, ਤੀਬਰਤਾ (intensity) ਆਦਿ ਗੁਣ ਹਨ। ਵਾਧੂ ਵਿਆਖਿਆ ਜਾਂ ਬਿਰਤਾਂਤ ਤੋਂ ਬੱਚ ਕੇ ਇੱਕ ਮਿੰਨੀ ਕਹਾਣੀ ਲੇਖਕ ਆਪਣੀ ਰਚਨਾ ਯਕਦਮ ਸ਼ੁਰੂ ਕਰਦਾ ਹੋਇਆ ਸਿਖ਼ਰ ਤੱਕ ਪੁੱਜਦਾ ਹੈ। ਇਕਾਂਗੀ ਵਾਂਗ ਮਿੰਨੀ ਕਹਾਣੀ ਵਿਚ ਵੀ ਸਮੇਂ-ਸਥਾਨ ਤੇ ਕਾਰਜ ਦੀ ਏਕਤਾ ਦਾ ਹੋਣਾ ਜ਼ਰੂਰੀ ਹੈ। ਜੇ ਇਹ ਏਕਤਾ ਬਰਕਰਾਰ ਹੈ ਤਾਂ ਰਚਨਾ ਦਾ ਪ੍ਰਭਾਵ ਚਿਰ-ਸਥਾਈ ਰਹੇਗਾ। ਪ੍ਰਭਾਵ ਤੇ ਏਕਤਾ ਦੀ ਅਖੰਡਤਾ ਕਾਇਮ ਰਹੇਗੀ। ਨਿਰਸੰਦੇਹ ਮਿੰਨੀ ਕਹਾਣੀ ਅਜੋਕੇ ਸਮੇਂ ਆਪਣੇ-ਆਪ ਵਿਚ ਪੰਜਾਬੀ ਸਾਹਿਤ ਦਾ ਇੱਕ ਸਥਾਪਤ ਅਤੇ ਹਰਮਨ-ਪਿਆਰਾ ਗਲਪੀ ਰੂਪ ਹੈ।

ਮਿੰਨੀ ਕਹਾਣੀ ਅਤੇ ਕਹਾਣੀ ਵਿਚ ਪਹਿਲਾਂ ਅੰਤਰ-ਨਿਖੇੜ ਇਸ ਦੇ ਨਾਂ ਵਿਚ ਹੀ ਹੈ। ਜਦੋਂ ਕਹਾਣੀ ਨਾਲ 'ਮਿੰਨੀ' ਸ਼ਬਦ ਜੁੜ ਗਿਆ ਤਾਂ ਭਲੀਭਾਂਤ ਇੱਕ ਸਿਆਣਾ ਪਾਠਕ ਦੋਨਾਂ ਰੂਪਾਕਾਰਾਂ ਦੇ ਅੰਤਰ ਨੂੰ ਸਮਝ ਜਾਂਦਾ ਹੈ। ਦੂਜਾ ਵੱਡਾ ਅੰਤਰ ਆਕਾਰ ਪੱਖੋਂ ਹੈ। ਜਿੱਥੇ ਕਹਾਣੀ ਤਿੰਨ ਹਜ਼ਾਰ ਸ਼ਬਦਾਂ ਤੱਕ ਜਾਂ ਇਸ ਤੋਂ ਵੱਧ ਵੀ ਲਿਖੀ ਜਾ ਸਕਦੀ ਹੈ, ਉੱਥੇ ਮਿੰਨੀ ਕਹਾਣੀ ਤਿੰਨ ਸੋ ਸ਼ਬਦਾਂ ਤੱਕ ਭਾਵ ਇੱਕ ਜਾਂ ਡੇਢ ਸਫ਼ਿਆਂ ਤੱਕ ਲਿਖੀ ਜਾ ਸਕਦੀ ਹੈ। ਆਕਾਰ ਪੱਖੋਂ ਛੋਟਾ ਹੋਣਾ ਇਸ ਰੂਪਾਕਾਰ ਦੀ ਵਿਸ਼ੇਸ਼ਤਾ ਹੈ। ਕਹਾਣੀ ਵਿਚ ਇੱਕ ਜਾਂ ਵੱਧ ਘਟਨਾਵਾਂ ਨੂੰ ਅਭਿਵਿਅਕਤ ਕੀਤਾ ਜਾ ਸਕਦਾ ਹੈ ਪਰ ਮਿੰਨੀ ਕਹਾਣੀ ਵਿਚ ਬਹੁਤੀਆਂ ਘਟਨਾਵਾਂ ਅਤੇ ਪਾਤਰਾਂ ਦੀ ਬਹੁਤਾਤ ਅਸੰਭਵ ਹੈ। ਮਿੰਨੀ ਕਹਾਣੀ ਕੇਵਲ ਕਿਸੇ ਪਲ-ਛਿਣ ਦਾ ਪ੍ਰਗਟਾਵਾ ਕਰਦੀ ਹੈ। ਘਟਨਾ ਦੇ ਕਿਸੇ ਇੱਕ ਪੱਖ ਜਾਂ ਜੀਵਨ ਦੀ ਕੇਵਲ ਇੱਕ ਕਾਤਰ ਨੂੰ ਹੀ ਮਿੰਨੀ ਕਹਾਣੀ ਵਿਚ ਪੇਸ਼ ਕੀਤਾ ਜਾ ਸਕਦਾ ਹੈ। ਜੇ ਕੋਈ ਲੇਖਕ ਇੱਕ ਤੋਂ ਦੋ ਘਟਨਾਵਾਂ ਵਿਸ਼ਾ-ਵਸਤੂ ਅਨੁਸਾਰ ਆਪਣੀ ਮਿੰਨੀ ਕਹਾਣੀ ਵਿਚ ਚਿਤਰਦਾ ਹੈ ਤਾਂ ਮੇਰੇ ਜਾਚੇ ਪਿਛਲ ਝਾਤ(Flash back) ਦੀ ਵਿਧੀ ਵਰਤਣੀ ਚਾਹੀਦੀ ਹੈ। ਇਸ ਤਰ੍ਹਾਂ ਉਹ ਰਚਨਾ ਵਿਚ ਕਾਲ-ਦੋਸ਼ ਤੋਂ ਬੱਚ ਸਕਦਾ ਹੈ। ਮਿੰਨੀ ਕਹਾਣੀ, ਕਹਾਣੀ ਦਾ ਸਾਰ ਨਹੀਂ। ਇਸ ਦੇ ਸੰਖੇਪਤਾ, ਸੰਜਮਤਾ, ਤੀਖਣਤਾ ਵਾਲੇ ਗੁਣ ਇਸ ਨੂੰ ਕਹਾਣੀ ਨਾਲੋਂ ਨਿੱਖੜਦੇ ਹਨ। ਇੱਕ ਗੱਲ ਹੋਰ ਜ਼ਿਕਰਯੋਗ ਹੈ ਕਿ ਕਹਾਣੀ ਦਾ ਇੱਕ ਹੋਰ ਰੂਪ ਨਿੱਕੀ ਕਹਾਣੀ ਵੀ ਪ੍ਰਚਲਿਤ ਹੈ। ਅਕਾਦਮਿਕ ਜਗਤ ਵਿਚ ਆਮ ਕਹਾਣੀ ਨੂੰ ਨਿੱਕੀ ਕਹਾਣੀ ਹੀ ਕਿਹਾ ਜਾਂਦਾ ਹੈ। ਕਈ ਨਵੇਂ ਮਿੰਨੀ ਕਹਾਣੀ ਲੇਖਕ ਜਾਂ ਅਖ਼ਬਾਰ/ਰਸਾਲੇ ਦੇ ਸੰਪਾਦਕ ਮਿੰਨੀ ਕਹਾਣੀ ਅਤੇ ਨਿੱਕੀ ਕਹਾਣੀ ਨੂੰ ਇੱਕੋ ਸਾਹਿਤਕ ਰੂਪ ਸਮਝਣ ਦੀ ਗ਼ਲਤੀ ਕਰ ਰਹੇ ਹਨ। ਭਾਵੇਂ ਪਹਿਲੀ ਨਜ਼ਰੇ ਦੋਨੋਂ ਰੂਪ ਇੱਕੋ ਹੀ ਜਾਪਦੇ ਹਨ।

'ਮਿੰਨੀ'(Mini) ਅਤੇ 'ਨਿੱਕੀ' (Short) ਦੋਨਾਂ ਦਾ ਕੋਸ਼ਕਾਰੀ ਅਰਥ ਛੋਟਾ ਹੈ, ਪਰ ਪੰਜਾਬੀ ਗਲਪ ਸਾਹਿਤ ਦੇ ਇਹ ਦੋਨੋਂ ਵੱਖ-ਵੱਖ ਸੁਤੰਤਰ ਰੂਪਾਕਾਰ ਹਨ। Mini ਸ਼ਬਦ ਅੰਗਰੇਜ਼ੀ ਦੇ ਤੱਤਸਮ ਰੂਪ ਵਿਚ ਪੰਜਾਬੀ ਵਿਚ ਪ੍ਰਚਲਿਤ ਹੈ ਅਤੇ 'ਨਿੱਕੀ' ਸ਼ਬਦ ਅੰਗਰੇਜ਼ੀ ਦੇ Short ਸ਼ਬਦ ਦੇ ਤਦਭਵ ਰੂਪ ਵਿਚ ਪੰਜਾਬੀ ਵਿਚ ਪ੍ਰਚਲਿਤ ਹੈ। ਮਿੰਨੀ ਕਹਾਣੀ ਅਤੇ ਕਹਾਣੀ ਵਿਚ ਪਹਿਲਾਂ ਅੰਤਰ-ਨਿਖੇੜ ਇਸ ਦੇ ਨਾਂ ਵਿਚ ਹੀ ਹੈ। ਜਦੋਂ ਕਹਾਣੀ ਨਾਲ 'ਮਿੰਨੀ' ਸ਼ਬਦ ਜੁੜ ਗਿਆ ਤਾਂ ਭਲੀਭਾਂਤ ਇੱਕ ਸਿਆਣਾ ਪਾਠਕ ਦੋਨਾਂ ਰੂਪਾਕਾਰਾਂ ਦੇ ਅੰਤਰ ਨੂੰ ਸਮਝ ਜਾਂਦਾ ਹੈ।

ਕਹਾਣੀ ਰੂਪਾਕਾਰ ਵਾਂਗ ਮਿੰਨੀ ਕਹਾਣੀ ਵੀ ਕਈ ਵੱਖ-ਵੱਖ ਰੂਪਕ ਅੰਸ਼ਾਂ ਜਾਂ ਤੱਤਾਂ ਦਾ ਕਲਾਤਮਕ ਸੰਗਠਨ

ਹੁੰਦਾ ਹੈ। ਇਕ ਮਿੰਨੀ ਕਹਾਣੀ ਲੇਖਕ ਆਪਣੀ ਰਚਨਾ ਨੂੰ ਸਫ਼ਲ ਬਣਾਉਣ ਲਈ ਕਈ ਕਥਾ- ਜੁਗਤਾਂ, ਅੰਸ਼ਾਂ ਦੀ ਵਰਤੋਂ ਕਰਦਾ ਹੈ। ਰਚਨਾ ਵਿਚ ਜੋ ਵੀ ਅੰਸ਼ ਵਿਸ਼ੇ-ਨਿਭਾਅ ਦੀ ਲੋੜ ਅਨੁਸਾਰ ਵਧੇਰੇ ਅਤੇ ਬਾਕੀਆਂ ਨੂੰ ਘੱਟ ਰੱਖਦਾ ਹੈ ਉਸ ਅਨੁਸਾਰ ਹੀ ਰਚਨਾ ਦੀ ਵੰਨਗੀ ਬਾਰੇ ਵਰਗੀਕਰਨ ਕੀਤਾ ਜਾਂਦਾ ਹੈ। ਜਿਸ ਮਿੰਨੀ ਕਹਾਣੀ ਵਿਚ ਕਥਾਨਕ/ਘਟਨਾਵਾਂ, ਸਥਿਤੀਆਂ ਪ੍ਰਧਾਨ ਹੋਣਗੀਆਂ, ਉਸ ਨੂੰ ਕਥਾ ਜਾਂ ਘਟਨਾ ਪ੍ਰਧਾਨ ਮਿੰਨੀ ਕਹਾਣੀ ਕਿਹਾ ਜਾਵੇਗਾ। ਇਸੇ ਤਰ੍ਹਾਂ ਪਾਤਰ ਰੰਗ ਨੂੰ ਉੱਘਰਵੇਂ ਰੂਪ ਵਿਚ ਅਭਿਵਿਅਕਤ ਕਰਨ ਵਾਲੀ ਮਿੰਨੀ ਕਹਾਣੀ ਪਾਤਰ ਪ੍ਰਧਾਨ, ਵਾਰਤਾਲਾਪ ਦੀ ਬਹੁਤਾਤ ਵਾਲੀ ਵਾਰਤਾਲਾਪ ਪ੍ਰਧਾਨ ਅਤੇ ਵਾਤਾਵਰਣ ਨੂੰ ਬਹੁਤਾ ਅਭਿਵਿਅਕਤ ਕਰਨ ਵਾਲੀ ਮਿੰਨੀ ਕਹਾਣੀ ਜਾਂ ਰਚਨਾ ਨੂੰ ਵਾਤਾਵਰਣ ਪ੍ਰਧਾਨ ਮਿੰਨੀ ਕਹਾਣੀ ਕਿਹਾ ਜਾਂਦਾ ਹੈ। ਘਟਨਾ ਪ੍ਰਧਾਨ ਮਿੰਨੀ ਕਹਾਣੀ ਵਿਚ ਘਟਨਾਵਾਂ ਵਧੇਰੇ ਸਰੀਰਕ ਪੱਧਰ 'ਤੇ ਜਾਂ ਵਧੇਰੇ ਘਟਨਾਵਾਂ ਦਾ ਬਾਹਰਮੁਖੀ ਕਾਰਜ ਵਾਪਰਦਾ ਹੈ ਅਤੇ ਪਾਤਰ ਉਨ੍ਹਾਂ ਘਟਨਾਵਾਂ ਦੇ ਕਾਰਜ ਵਿਚ ਸਰੀਰਕ ਰੂਪ ਵਿਚ ਜ਼ਿਆਦਾ ਕਾਰਜਸ਼ੀਲ ਅਤੇ ਮਾਨਸਿਕ ਤੌਰ 'ਤੇ ਘੱਟ ਕਾਰਜਸ਼ੀਲ ਹੁੰਦੇ ਹਨ। ਇਕ ਮਿੰਨੀ ਕਹਾਣੀ ਲੇਖਕ ਲਈ ਘਟਨਾ ਦੀ ਚੋਣ ਕਰਨੀ ਉਸਦਾ ਨਿੱਜੀ ਮਸਲਾ ਹੈ ਕਿਉਂਕਿ ਹੋ ਸਕਦਾ ਹੈ ਕਿ ਇਕ ਲੇਖਕ ਲਈ ਕੋਈ ਵੀ ਘਟਨਾ ਵਧੇਰੇ ਮਹੱਤਵਪੂਰਨ ਅਤੇ ਦੂਜੇ ਲਈ ਉਹ ਘੱਟ ਮਹੱਤਤਾ ਵਾਲੀ ਹੋਵੇ। ਸਮਾਜ ਵਿਚ ਵਾਪਰੀ ਹਰ ਘਟਨਾ ਦਾ ਆਪਣਾ ਇੱਕ ਮਹੱਤਵ ਹੈ ਪਰ ਉਸ ਘਟਨਾ ਨੂੰ ਆਧਾਰ ਬਣਾ ਕੇ ਮਿੰਨੀ ਕਹਾਣੀ ਲਿਖਣੀ ਕਿਸੇ ਵੀ ਲੇਖਕ ਦੀ ਨਿੱਜੀ ਸੰਵੇਦਨਾ ਅਤੇ ਦ੍ਰਿਸ਼ਟੀ ਹੈ। ਹਰ ਇੱਕ ਵਿਸ਼ੇ ਵਿਚ ਇੱਕ ਘਟਨਾ ਛੁਪੀ ਹੁੰਦੀ ਹੈ। ਇਸ ਤਰ੍ਹਾਂ ਕੋਈ ਵੀ ਵਿਸ਼ਾ ਹਰ ਲੇਖਕ ਦੀ ਆਪਣੀ ਦੀਰਘ ਦ੍ਰਿਸ਼ਟੀ 'ਤੇ ਨਿਰਭਰ ਕਰਦਾ ਹੈ।

ਸ਼ੁਰੂਆਤੀ ਦੌਰ ਦੀ ਮਿੰਨੀ ਕਹਾਣੀ ਭ੍ਰਿਸ਼ਟਾਚਾਰ, ਕਹਿਣੀ-ਕਥਨੀ, ਮਨੁੱਖ ਦੇ ਦੋਗਲੇ ਵਿਵਹਾਰ ਆਦਿ ਚਲੰਤ ਵਿਸ਼ਿਆਂ ਨੂੰ ਆਧਾਰ ਬਣਾ ਕੇ ਕਾਫ਼ੀ ਮਾਤਰਾ ਵਿਚ ਲਿਖੀ ਗਈ ਹੈ। ਹੁਣ ਵੀ ਕਈ ਨਵੇਂ ਲੇਖਕ ਜੋ ਨਵੀਂ-ਨਵੀਂ ਮਿੰਨੀ ਕਹਾਣੀ ਲਿਖਣਾ ਆਰੰਭ ਕਰਦੇ ਹਨ, ਉਹ ਉਪਰੋਕਤ ਵਿਸ਼ਿਆਂ ਨੂੰ ਆਧਾਰ ਬਣਾ ਕੇ ਮਿੰਨੀ ਕਹਾਣੀ ਸਿਰਜ ਰਹੇ ਹਨ। ਸਮਾਜ ਵਿਚ ਉਪਰੋਕਤ ਵਿਸ਼ਿਆਂ ਨਾਲ ਸਬੰਧਿਤ ਸਮੱਸਿਆਵਾਂ ਅਜੋਕੇ ਸਮੇਂ ਵੀ ਜਿਉਂ ਦੀ ਤਿਉਂ ਬਰਕਰਾਰ ਹਨ ਪਰ ਅੱਜ ਦੇ ਵਿਸ਼ਵੀਕਰਨ ਦੇ ਯੁੱਗ ਵਿਚ ਨਿੱਤ ਨਵੀਆਂ ਸਮੱਸਿਆਵਾਂ ਨਾਲ ਦੁਨੀਆਂ ਅਤੇ ਸਮਾਜ ਨੂੰ ਦੋ-ਚਾਰ ਹੋਣਾ ਪੈ ਰਿਹਾ ਹੈ। ਇਨ੍ਹਾਂ ਸਮੱਸਿਆਵਾਂ ਅਤੇ ਤਬਦੀਲੀਆਂ ਨੂੰ ਆਧਾਰ ਬਣਾ ਕੇ ਆਪਣੀ ਮਿੰਨੀ ਕਹਾਣੀਆਂ ਨੂੰ ਵਿਸ਼ੇ ਬਣਾਉਣਾ ਹਰ ਇੱਕ ਪ੍ਰਤੀਬੱਧ ਮਿੰਨੀ ਕਹਾਣੀ ਲੇਖਕ ਲਈ ਸਮੇਂ ਦੀ ਲੋੜ ਵੀ ਹੈ ਕਿਉਂਕਿ ਅਜੋਕਾ ਪਾਠਕ ਬਹੁਤ ਚੇਤੰਨ ਹੋ ਚੁੱਕਾ ਹੈ। ਕਈ ਵਾਰ ਉਸ ਦੀ ਸੋਚ-ਸ਼ਕਤੀ ਇੱਕ ਆਮ ਲੇਖਕ ਦੀ ਸੋਚ-ਸ਼ਕਤੀ ਤੋਂ ਵੀ ਉੱਪਰ ਦੀ ਹੁੰਦੀ ਹੈ। ਉਹ ਪ੍ਰਚਲਿਤ ਤੇ ਰਵਾਇਤੀ ਵਿਸ਼ਿਆਂ ਨੂੰ ਪੜ੍ਹ-ਪੜ੍ਹ ਕੇ ਅੱਕ ਚੁੱਕਾ ਹੈ। ਉਹ ਕੋਈ ਨਵਾਂਪਣ ਭਾਲਦਾ ਹੈ ਤਾਂ ਜੋ ਕਿ ਉਸ ਦੀ ਮਾਨਸਿਕ ਤ੍ਰਿਪਤੀ ਹੋ ਸਕੇ। ਉਹ ਆਪਣੇ ਸੁਹਜ-ਸੁਆਦ ਲਈ ਕਿਸੇ ਵੀ ਪੁਸਤਕ ਨੂੰ ਪੜ੍ਹਨ ਲਈ ਆਜ਼ਾਦ ਹੈ। ਬਹੁਤੇ ਲੇਖਕਾਂ ਨੂੰ ਇਹ ਗਿਲਾ ਹੈ ਕਿ ਲੋਕ ਪੁਸਤਕਾਂ ਨਹੀਂ ਪੜ੍ਹਦੇ। ਪਾਠਕਾਂ ਦਾ ਘੇਰਾ ਸੁੰਗੜ ਰਿਹਾ ਹੈ ਪਰ ਉਸ ਦਾ ਮੂਲ ਕਾਰਨ ਖ਼ੁਦ ਲੇਖਕ ਆਪ ਹੀ ਹਨ। ਹਰ ਲੇਖਕ ਨੂੰ ਪਾਠਕਾਂ ਦੀ ਮੰਗ ਜਾਂ ਇੱਛਾ ਦੇ ਅਨੁਕੂਲ ਵਿਸ਼ਿਆਂ ਦੀ ਚੋਣ ਕਰਨੀ ਹੀ ਪੈਣੀ ਹੈ। ਇਸ ਲਈ ਹਰ ਗੱਲ-ਕੱਥ 'ਤੇ ਮਿੰਨੀ ਕਹਾਣੀ ਲਿਖਣ ਤੋਂ ਗਰੇਜ਼ ਕਰਨਾ ਚਾਹੀਦਾ ਹੈ। ਬਾਕੀ ਕਈ ਵਾਰ ਕੋਈ ਅਨੁਭਵੀ ਲੇਖਕ ਆਮ ਰਵਾਇਤੀ ਵਿਸ਼ੇ ਨੂੰ ਵੀ ਕਲਾ ਦੀ ਚਾਸ਼ਨੀ ਵਿਚ ਅਜਿਹੇ ਵਧੀਆ ਢੰਗ ਨਾਲ ਪੇਸ਼ ਕਰਦਾ ਹੈ ਕਿ ਉਸ ਦੀ ਉੱਤਮ ਪੇਸ਼ਕਾਰੀ ਕਾਰਨ ਆਮ ਵਿਸ਼ਾ ਵੀ ਦਿਲਚਸਪ ਬਣ ਜਾਂਦਾ ਹੈ ਪਰ ਇਹ ਹਰ ਇੱਕ ਲੇਖਕ ਦੇ ਵੱਸ ਵਿਚ ਨਹੀਂ ਹੁੰਦਾ। ਲੇਖਕਾਂ ਨੂੰ ਵਿਸ਼ੇ ਦੀ ਚੋਣ ਕਰਦੇ ਸਮੇਂ ਸੁਚੇਤ ਹੋਣ ਦੀ ਲੋੜ ਹੈ। ਕੇਵਲ ਕਿਸੇ ਅਖ਼ਬਾਰ ਜਾਂ ਰਸਾਲੇ ਵਿਚ ਛਪਣ ਦੀ ਲਾਲਸਾ ਕਾਰਨ ਹਰ ਗੱਲ-ਕੱਥ ਨੂੰ ਵਿਸ਼ਾ-ਵਸਤੂ ਬਣਾ ਕੇ ਰਵਾਇਤੀ ਕਥਨ ਵਿਧੀ ਵਰਤ ਕੇ ਮਿੰਨੀ ਕਹਾਣੀ ਝਰੀਟਣ ਨਾਲੋਂ ਮਿੰਨੀ ਕਹਾਣੀ ਦੇ ਰੂਪ-ਵਿਧਾਨ ਨੂੰ ਗੰਭੀਰਤਾ ਨਾਲ ਵਾਚਦੇ ਹੋਏ ਰਚਨਾ-ਸਿਰਜਣਾ ਕਰਨੀ ਚਾਹੀਦੀ ਹੈ। ਰਚਨਾ ਵਿਚ ਜੋ ਵੀ ਅੰਸ਼ ਮਿੰਨੀ ਕਹਾਣੀ ਲਿਖਣ ਸਮੇਂ ਮਿੰਨੀ ਕਹਾਣੀ ਦੇ ਵਿਸ਼ੇ ਨੂੰ ਜੋ ਤੁਸੀਂ ਆਪਣੇ ਮਨ ਵਿਚ ਉਲੀਕਦੇ ਹੋ, ਉਸ ਨੂੰ ਮੁੱਖ

ਆਧਾਰ ਬਣਾ ਕੇ ਰਚਨਾ ਦੀ ਸਿਰਜਣਾ ਕੀਤੀ ਜਾਂਦੀ ਹੈ। ਮਿੰਨੀ ਕਹਾਣੀ ਦੇ ਰੂਪਗਤ ਤੱਤਾਂ ਨੂੰ ਮੁੱਖ ਰੱਖਿਆ ਜਾਂਦਾ ਹੈ। ਵਿਸ਼ੇ ਦੇ ਅਨੁਕੂਲ ਹੀ ਤੱਤਾਂ ਦਾ ਧਿਆਨ ਰੱਖਿਆ ਜਾਂਦਾ ਹੈ। ਵਿਧਾਗਤ ਸਰੂਪ ਤੋਂ ਮਿੰਨੀ ਕਹਾਣੀ ਦੇ ਮੂਲ ਤੱਤ ਅਤੇ ਭਾਸ਼ਾਈ ਜੁਗਤਾਂ ਵਿਚ ਆਕਾਰ ਦੀ ਸੀਮਾ, ਭਾਸ਼ਾ-ਸ਼ੈਲੀ, ਪਰਕਥਨ, ਮਿਥਕੀ, ਪ੍ਰਤੀਕਾਤਮਕ, ਆਤਮਕਥਨ, ਫੈਂਟੇਸੀ, ਰਹੱਸਮਈ, ਇਤਿਹਾਸਕ-ਮਿਥਿਹਾਸਿਕ ਆਦਿ ਸ਼ੈਲੀਆਂ ਤੋਂ ਇਲਾਵਾ ਕਥਾਨਕ, ਪਾਤਰ-ਉਸਾਰੀ, ਵਾਰਤਾਲਾਪ, ਵਾਤਾਵਰਣ ਅਤੇ ਸਿਰਲੇਖ ਆਦਿ ਜਾਂ ਤੱਤ ਵਿਸ਼ੇ-ਨਿਭਾਅ ਦੀ ਲੋੜ ਅਨੁਸਾਰ ਵਧੇਰੇ ਅਤੇ ਬਾਕੀਆਂ ਨੂੰ ਘੱਟ ਰੱਖਦਾ ਹੈ, ਉਸ ਅਨੁਸਾਰ ਹੀ ਰਚਨਾ ਦਾ ਬਿਰਤਾਂਤ ਸਿਰਜਿਆ ਜਾਂਦਾ ਹੈ ਅਤੇ ਰਚਨਾ ਦਾ ਵਰਗੀਕਰਨ ਕੀਤਾ ਜਾਂਦਾ ਹੈ। ਇਹ ਸਭ ਗੱਲਾਂ ਨੂੰ ਧਿਆਨ ਵਿਚ ਰੱਖ ਕੇ ਹੀ ਇੱਕ ਚੰਗੀ ਮਿੰਨੀ ਕਹਾਣੀ ਦੀ ਸਿਰਜਣਾ ਹੁੰਦੀ ਹੈ।

ਕੁੱਝ ਆਲੋਚਕ ਮਿੰਨੀ ਕਹਾਣੀ ਨੂੰ ਸਾਡੇ ਪ੍ਰਾਚੀਨ ਸਾਹਿਤ ਨਾਲ ਜੋੜਦੇ ਹਨ ਪਰ ਆਧੁਨਿਕ ਅਕਾਦਮਿਕ ਖੋਜ-ਕਾਰਜਾਂ ਨੇ ਸਾਬਿਤ ਕਰ ਦਿੱਤਾ ਹੈ ਕਿ ਇਸ ਰੂਪਕਾਰ ਦੇ ਬੀਜ-ਅੰਸ਼ ਭਾਵੇਂ ਆਕਾਰ ਪੱਖੋਂ ਪ੍ਰਾਚੀਨ ਸਾਹਿਤ ਵਿਚ ਪਾਏ ਜਾਂਦੇ ਹਨ ਪਰ ਮਿੰਨੀ ਕਹਾਣੀ ਆਧੁਨਿਕ ਪੂੰਜੀਵਾਦ ਯੁੱਗ ਦੀ ਦੇਣ ਹੈ। ਇਹ ਕੋਈ ਸਮੇਂ ਦੀ ਘਾਟ ਦੀ ਉਪਜ ਨਹੀਂ ਹੈ, ਜਿਸ ਤਰ੍ਹਾਂ ਕਿ ਆਮ ਖ਼ਿਆਲ ਕੀਤਾ ਜਾਂਦਾ ਹੈ। ਪੂੰਜੀਵਾਦ ਦੇ ਪ੍ਰਭਾਵ ਕਾਰਨ ਉਦਯੋਗਿਕ ਕ੍ਰਾਂਤੀ ਆਈ। ਵਿਗਿਆਨਕ ਅਤੇ ਉਦਯੋਗਿਕ ਤਰੱਕੀ ਨੇ ਮਨੁੱਖ ਦੀ ਰਹਿਣੀ-ਬਹਿਣੀ ਅਤੇ ਚੇਤਨਾ ਵਿਚ ਤਬਦੀਲੀ ਲਿਆਂਦੀ। ਇੱਕ ਨਵੀਂ ਚੇਤਨਾ ਦਾ ਵਿਕਾਸ ਹੋਇਆ। ਇਸ ਵਿਕਾਸ ਦਾ ਅਸਰ ਸਾਹਿਤ 'ਤੇ ਵੀ ਪਿਆ। ਵੱਖ-ਵੱਖ ਦੇਸੀ ਅਤੇ ਵਿਦੇਸ਼ੀ ਭਾਸ਼ਾਵਾਂ ਦੇ ਸਾਹਿਤ 'ਤੇ ਪੂੰਜੀਵਾਦ ਦਾ ਅਸਰ ਹੋਇਆ। ਪੰਜਾਬੀ ਸਾਹਿਤ ਵੀ ਇਸ ਅਸਰ ਤੋਂ ਅਭਿੱਜ ਨਹੀਂ ਰਿਹਾ।

1960 ਤੋਂ ਬਾਅਦ ਪ੍ਰਯੋਗਵਾਦ ਦਾ ਆਰੰਭ ਹੋ ਗਿਆ। ਪੰਜਾਬੀ ਸਾਹਿਤ ਵਿਚ ਵੀ ਪ੍ਰਯੋਗਸ਼ੀਲ ਲਹਿਰ ਦੀ ਆਮਦ ਨਾਲ ਨਵੇਂ-ਨਵੇਂ ਪ੍ਰਯੋਗ ਹੋਣੇ ਸ਼ੁਰੂ ਹੋ ਗਏ। 1960-1970 ਦੇ ਸਮੇਂ ਦੌਰਾਨ ਪੰਜਾਬੀ ਲੇਖਕਾਂ ਖ਼ਾਸ ਕਰਕੇ ਕਹਾਣੀ ਵਿਧਾ ਨਾਲ ਜੁੜੇ ਲੇਖਕਾਂ ਦੀਆਂ ਰਚਨਾਵਾਂ 'ਤੇ ਪੂੰਜੀਵਾਦ ਅਤੇ ਪ੍ਰਯੋਗਸ਼ੀਲ ਲਹਿਰ ਦਾ ਅਸਰ ਪ੍ਰਤੱਖ ਜਾਂ ਅਪ੍ਰਤੱਖ ਰੂਪ ਵਿਚ ਦੇਖਣ ਨੂੰ ਮਿਲਦਾ ਹੈ। ਇਸੇ ਅਸਰ ਹੇਠ ਉਸ ਸਮੇਂ ਦੇ ਪੰਜਾਬੀ ਕਹਾਣੀਕਾਰ ਦੂਜੀਆਂ ਭਾਸ਼ਾਵਾਂ ਦੇ ਦੇਸੀ ਅਤੇ ਵਿਦੇਸ਼ੀ ਲੇਖਕਾਂ ਜਿਵੇਂ ਚੈਖੋਵ, ਦੋਸਤੋਵਸਕੀ, ਓ.ਹੈਨਰੀ, ਤਾਲਸਤਾਏ, ਮੋਪਾਸਾ, ਸਆਦਤ ਹਸਨ ਮੰਟੋ, ਖਲੀਲ ਜਿਬਰਾਨ ਅਤੇ ਸ਼ੇਖ਼ ਸਆਦੀ ਆਦਿ ਦੀਆਂ ਰਚਨਾਵਾਂ ਤੋਂ ਕਾਫ਼ੀ ਪ੍ਰਭਾਵਿਤ ਹੋਏ। ਸ਼ੇਖ਼ ਸਆਦੀ, ਖਲੀਲ ਜਿਬਰਾਨ ਅਤੇ ਸਆਦਤ ਮੰਟੋ ਦੀਆਂ ਲਘੂ ਕਥਾਵਾਂ ਨੇ ਪੰਜਾਬੀ ਦੇ ਕਈ ਨਵੇਂ-ਪੁਰਾਣੇ ਲੇਖਕਾਂ ਨੂੰ ਪ੍ਰਭਾਵਿਤ ਕੀਤਾ ਅਤੇ ਉਹ ਵੀ ਬਦੋ-ਬਦੀ ਛੋਟੇ ਆਕਾਰ ਦੀਆਂ ਰਚਨਾਵਾਂ ਲਿਖਣ ਲੱਗ ਪਏ। ਪੰਜਾਬੀ ਕਹਾਣੀਕਾਰਾਂ ਵਿਚ ਛੋਟੀ ਤੋਂ ਛੋਟੀ ਕਹਾਣੀ ਲਿਖਣ ਦਾ ਰਿਵਾਜ ਪੈ ਗਿਆ। ਪੰਜਾਬੀ ਦੇ ਉਸ ਸਮੇਂ ਦੇ ਨਵੇਂ-ਪੁਰਾਣੇ, ਛੋਟੇ-ਵੱਡੇ ਸਾਰੇ ਪਰਚੇ ਛੋਟੇ ਆਕਾਰ ਦੀਆਂ ਰਚਨਾਵਾਂ ਛਾਪਣ ਨੂੰ ਤਰਜੀਹ ਦੇਣ ਲੱਗੇ। ਇਸ ਤਰ੍ਹਾਂ ਆਧੁਨਿਕ ਮਿੰਨੀ ਕਹਾਣੀ, ਕਹਾਣੀ ਨੂੰ ਹੋਰ ਨਿੱਕੀ ਕਰਨ ਦੇ ਪ੍ਰਯੋਗ ਵਜੋਂ ਹੀ ਹੋਂਦ ਵਿਚ ਆਈ ਹੈ। ਜਸਵੰਤ ਸਿੰਘ ਕੰਵਲ ਰਚਿਤ ਪੁਸਤਕ 'ਜੀਵਨ ਕਣੀਆਂ'(1944), ਬਿਸ਼ਨ ਸਿੰਘ ਉਪਾਸ਼ਕ ਰਚਿੱਤ ਪੁਸਤਕ 'ਚੋਭਾਂ'(1952), ਜਗਦੀਸ਼ ਅਰਮਾਨੀ ਰਚਿੱਤ ਕਹਾਣੀ ਸੰਗ੍ਰਹਿ 'ਧੂੰਆਂ ਤੇ ਬਦੱਲ'(1967) ਵਿਚ ਛਪੀਆਂ ਤੇਰਾਂ ਮਿੰਨੀ ਰਚਨਾਵਾਂ ਨੂੰ ਮਿੰਨੀ ਕਹਾਣੀ ਦੇ ਬੀਜ ਅੰਸ਼ ਦੇ ਰੂਪ ਵਿਚ ਸਵੀਕਾਰ ਕੀਤਾ ਜਾ ਸਕਦਾ ਹੈ। ਇਨ੍ਹਾਂ ਪੁਸਤਕਾਂ ਤੋਂ ਇਲਾਵਾ ਵੱਖ-ਵੱਖ ਲੇਖਕਾਂ ਦੀਆਂ 1969 ਤੱਕ ਲਿਖੀਆਂ ਮਿੰਨੀ ਆਕਾਰ ਦੀਆਂ ਰਚਨਾਵਾਂ ਨੂੰ ਵਾਰਤਕਨੁਮਾ ਖ਼ਿਆਲ/ਸੁਰਖ਼ ਹਾਸ਼ੀਏ ਹੀ ਕਿਹਾ ਜਾਂਦਾ ਸੀ ਜਾਂ ਇਨ੍ਹਾਂ ਨੂੰ ਛੋਟੀ ਕਹਾਣੀ ਜਾਂ ਨਿੱਕੀ ਕਹਾਣੀ ਦੇ ਰੂਪ ਵਿਚ ਛਾਪਿਆ ਜਾਂਦਾ ਸੀ। ਸਤੱਰ੍ਹਵਿਆਂ ਵਿਚ ਜਦੋਂ ਮਿੰਨੀ ਬੱਸਾਂ, ਮਿੰਨੀ ਲਾਇਬਰੇਰੀਆਂ, ਮਿੰਨੀ ਸਕਰਟਾਂ ਅਤੇ ਮਿੰਨੀ ਬੈਂਕ ਸ਼ੁਰੂ ਹੋਏ ਤਾਂ ਜਾਣੇ ਜਾਂ ਅਨਜਾਣੇ ਇਸ ਵਿਧਾ ਦੇ ਨਾਂ ਨਾਲ ਮਿੰਨੀ(Mini) ਸ਼ਬਦ ਜੁੜ ਜਾਣ ਇਸ ਨੂੰ 'ਮਿੰਨੀ ਕਹਾਣੀ' ਕਿਹਾ ਜਾਣ ਲੱਗਾ।

ਅਪ੍ਰੈਲ 1970 ਵਿਚ ਦਿੱਲੀ ਤੋਂ ਪ੍ਰਕਾਸ਼ਿਤ ਪ੍ਰਸਿੱਧ ਪੰਜਾਬੀ ਮਾਸਿਕ ਰਸਾਲੇ 'ਆਰਸੀ' ਦੇ ਅੰਕ ਵਿਚ ਪਹਿਲੀ ਵਾਰ ਪ੍ਰੀਤਮ ਸਿੰਘ ਪੰਛੀ ਦੀਆਂ ਤਿੰਨ ਰਚਨਾਵਾਂ 'ਤੁਸੀਂ

ਕੌਣ ਹੋ', 'ਮੈਨੂੰ ਛੁਰਾ ਕਿਉਂ ਮਾਰਿਆ' ਅਤੇ 'ਇੱਕ ਅਣ ਜੰਮਿਆ ਬੱਚਾ' ਮਿੰਨੀ ਕਹਾਣੀਆਂ ਸਿਰਲੇਖ ਹੇਠ ਪ੍ਰਕਾਸ਼ਿਤ ਹੋਈਆਂ(ਜ਼ਿਕਰਯੋਗ ਹੈ ਕਿ ਇਹ ਲਭਤ ਮੈਂ ਆਪਣੇ ਪੀ ਐੱਚ.ਡੀ ਦੇ ਖੋਜ-ਕਾਰਜ ਦੌਰਾਨ 1930-1970 ਤੱਕ ਦੇ ਪ੍ਰਕਾਸ਼ਿਤ ਵੱਖ-ਵੱਖ ਪੰਜਾਬੀ ਪਰਚਿਆਂ ਨੂੰ ਫਰੋਲਦਿਆਂ ਲੱਭੀ ਹੈ)। ਭਾਵੇਂ ਅਪ੍ਰੈਲ 1970 ਤੋਂ ਅਕਤੂਬਰ 1972 ਤੱਕ 'ਆਰਸੀ' ਸਮੇਤ ਕਈ ਪੰਜਾਬੀ ਪਰਚਿਆਂ ਨੇ ਮਿੰਨੀ ਕਹਾਣੀ ਸ਼ਬਦ ਸੁਚੇਤ ਰੂਪ ਵਿਚ ਨਹੀਂ ਅਪਣਾਇਆ। ਬਹੁਤੇ ਪਰਚੇ ਇਸ ਨੂੰ ਲਘੂ ਕਹਾਣੀ, ਨਿੱਕੀ ਕਹਾਣੀ, ਛੋਟੀ ਕਹਾਣੀ ਹੀ ਲਿਖਦੇ ਰਹੇ। ਅਕਤੂਬਰ 1972 ਵਿਚ ਪਹਿਲੀ ਵਾਰ ਸਤਵੰਤ ਕੈਂਥ ਰਚਿਤ 'ਬਰਫ਼ੀ ਦਾ ਟੁਕੜਾ' ਮੌਲਿਕ ਪੁਸਤਕ ਜੋ 'ਮਿੰਨੀ ਕਹਾਣੀ ਸੰਗ੍ਰਹਿ' ਨਾਂ ਹੇਠ ਪ੍ਰਕਾਸ਼ਿਤ ਹੋਈ। ਇਸ ਤੋਂ ਬਾਅਦ ਜਨਵਰੀ 1973 ਵਿਚ ਰੌਸ਼ਨ ਫੂਲਵੀ ਅਤੇ ਓਮ ਪ੍ਰਕਾਸ਼ ਗਾਸੋ ਵੱਲੋਂ ਸੰਪਾਦਿਤ ਮਿੰਨੀ ਕਹਾਣੀ ਸੰਗ੍ਰਹਿ 'ਤਰਕਸ਼' ਪ੍ਰਕਾਸ਼ਿਤ ਹੋਇਆ। ਇਹ ਦੋਨਾਂ ਪੁਸਤਕਾਂ ਪੰਜਾਬੀ ਮਿੰਨੀ ਕਹਾਣੀ ਦੇ ਵਿਕਾਸ ਵਿਚ ਮੀਲ ਪੱਥਰ ਸਾਬਤ ਹੋਈਆਂ। ਇਨ੍ਹਾਂ ਪੁਸਤਕਾਂ ਦੇ ਛਪਣ ਨਾਲ ਲੇਖਕਾਂ ਨੇ ਸੁਚੇਤ ਰੂਪ ਵਿਚ ਇਸ ਨਵੀਨ ਰੂਪਾਕਾਰ ਨੂੰ ਅਪਣਾਇਆ। ਪੰਜਾਬੀ ਮਿੰਨੀ ਕਹਾਣੀ ਦੇ ਵਿਕਾਸ ਦੇ ਪੜ੍ਹਾਵਾਂ ਦੀ ਵੰਡ ਮੈਂ ਆਪਣੇ ਖੋਜ ਪ੍ਰਬੰਧ ਵਿਚ ਇਸ ਤਰ੍ਹਾਂ ਕੀਤੀ ਹੈ। ਮੁੱਢਲਾ ਪੜਾਅ (1971-1980), ਪਹਿਲਾ ਪੜਾਅ (1981-1990), ਦੂਜਾ ਪੜਾਅ (1991-2000), ਤੀਜਾ ਪੜਾਅ (2001-2010), ਚੌਥਾ ਪੜਾਅ (2011-2020)। ਵਰਤਮਾਨ ਸਮੇਂ ਇਹ ਰੂਪਾਕਾਰ ਆਪਣੇ ਵਿਕਾਸ ਦੇ ਪੰਜਵੇਂ ਪੜਾਅ(2021-2030) ਵਿਚ ਪ੍ਰਵੇਸ਼ ਕਰ ਗਿਆ ਹੈ।

ਜਦੋਂ ਵੀ ਸਾਹਿਤ ਦਾ ਕੋਈ ਵੀ ਨਵਾਂ ਯਾਨਰ(genre) ਜਾਂ ਵਿਧਾ ਹੋਂਦ ਵਿਚ ਆਉਂਦੀ ਹੈ ਤਾਂ ਉਸ ਯਾਨਰ ਜਾਂ ਵਿਧਾ ਦਾ ਵਿਸ਼ੇ ਦੇ ਨਾਲ-ਨਾਲ ਕਲਾ ਪੱਖ ਵੀ ਨਾਲ ਹੀ ਆਉਂਦਾ ਹੈ। ਜਦੋਂ ਪੰਜਾਬੀ ਮਿੰਨੀ ਕਹਾਣੀ ਰੂਪਾਕਾਰ ਹੋਂਦ ਵਿਚ ਆਇਆ ਤਾਂ ਸ਼ੁਰੂਆਤ ਦੌਰ ਵਿਚ ਮਿੰਨੀ ਕਹਾਣੀ ਪੁਸਤਕਾਂ ਦੇ ਮੁੱਖਬੰਦ ਅਤੇ ਰਿਵਿਊ ਇਸ ਯਾਨਰ ਦਾ ਮੁੱਢਲਾ ਆਲੋਚਨਾਤਮਿਕ ਕਾਰਜ ਸੀ। ਡਾ. ਅਮਰ ਕੋਮਲ ਨੇ ਪਹਿਲੀ ਵਾਰ ਮਿੰਨੀ ਕਹਾਣੀ ਬਾਰੇ 'ਪੰਜਾਬੀ ਕਹਾਣੀ ਦਾ ਨਵਾਂ ਰੂਪ: ਮਿੰਨੀ ਕਹਾਣੀ' ਸਿਰਲੇਖ ਹੇਠ ਆਲੋਚਨਾਤਮਕ ਪਰਚਾ ਲਿਖ ਕੇ ਇਸ ਸਾਹਿਤਕ ਰੂਪ ਦੇ ਵਿਧਾਗਤ ਸਰੂਪ ਬਾਰੇ ਚਰਚਾ ਦਾ ਆਰੰਭ ਕਰ ਦਿੱਤਾ। ਇਹ ਪਰਚਾ ਪੰਜਾਬੀ ਯੂਨਵਰਸਿਟੀ, ਪਟਿਆਲਾ ਦੇ ਪਬਲੀਕੇਸ਼ਨ ਬਿਊਰੋ ਵੱਲੋਂ ਪ੍ਰਕਾਸ਼ਿਤ ਕੀਤੇ ਜਾਂਦੇ ਪਰਚੇ ਖੋਜ ਪੱਤ੍ਰਿਕਾ ਦੇ 'ਗਲਪ ਵਿਸ਼ੇਸ਼ ਅੰਕ'(19 ਮਾਰਚ 1982,ਪੰਨਾ-337) ਵਿਚ ਛਪਿਆ। 1994 ਵਿਚ ਡਾ.ਅਮਰ ਕੋਮਲ ਦੀ 'ਮਿੰਨੀ ਕਹਾਣੀ ਕਥਾ ਸ਼ਾਸਤਰ' ਪੁਸਤਕ ਪ੍ਰਕਾਸ਼ਿਤ ਹੋਈ। 1988 ਵਿਚ ਮਹਿਤਾਬ-ਉਦ-ਦੀਨ ਦੀ ਪੰਜਾਬੀ ਮਿੰਨੀ ਕਹਾਣੀ ਸਬੰਧੀ ਪਹਿਲੀ ਵਾਰ ਆਲੋਚਨਾ ਪੁਸਤਕ 'ਪੰਜਾਬੀ ਮਿੰਨੀ ਕਹਾਣੀ: ਪ੍ਰਾਪਤੀਆਂ ਅਤੇ ਸੰਭਾਵਨਾਵਾਂ' ਪ੍ਰਕਾਸ਼ਿਤ ਹੋਣ ਨਾਲ ਮਿੰਨੀ ਕਹਾਣੀ ਦਾ ਵਿਧਾਗਤ ਸਰੂਪ ਨਿਸ਼ਚਿਤ ਰੂਪ ਵਿਚ ਸਾਡੇ ਸਾਹਮਣੇ ਉਜਾਗਰ ਹੋ ਗਿਆ। ਉਪਰੰਤ ਡਾ. ਅਨੂਪ ਸਿੰਘ ਦੀਆਂ ਤਿੰਨ ਆਲੋਚਨਾ ਪੁਸਤਕਾਂ 'ਮਿੰਨੀ ਕਹਾਣੀ ਸੀਮਾ ਤੇ ਸੰਭਾਵਨਾਵਾਂ'(1994), 'ਮਿੰਨੀ ਕਹਾਣੀ: ਵਿਕਾਸ ਪੜਾਅ'(1996) ਅਤੇ 'ਮਿੰਨੀ ਕਹਾਣੀ ਲੇਖਕਾਂ ਨਾਲ ਕੁਝ ਖਰੀਆਂ-ਖਰੀਆਂ'(1996), ਕਰਮਵੀਰ ਸਿੰਘ (ਹੁਣ ਕਰਮਵੀਰ ਸਿੰਘ ਸੂਰੀ) ਦੀਆਂ ਦੋ ਆਲੋਚਨਾ ਪੁਸਤਕਾਂ 'ਪੰਜਾਬੀ ਮਿੰਨੀ ਕਹਾਣੀ ਨਿਕਾਸ ਤੇ ਵਿਕਾਸ'(1998, ਭਾਸ਼ਾ ਵਿਭਾਗ ਪੰਜਾਬ ਵੱਲੋਂ ਪ੍ਰਕਾਸ਼ਿਤ) ਅਤੇ 'ਮਿੰਨੀ ਕਹਾਣੀ ਸਰੂਪ, ਸਿਧਾਂਤ ਤੇ ਵਿਕਾਸ'(2019, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਪ੍ਰਕਾਸ਼ਿਤ), ਨਿਰੰਜਨ ਬੋਹਾ ਦੀ ਆਲੋਚਨਾ ਪੁਸਤਕ 'ਪੰਜਾਬੀ ਮਿੰਨੀ ਕਹਾਣੀ: ਵਿਸ਼ਾਗਤ ਸਰੂਪ ਤੇ ਸ਼ਿਲਪ ਵਿਧਾਨ'(2013), ਡਾ.ਕੁਲਦੀਪ ਸਿੰਘ ਦੀਪ ਦੀ ਆਲੋਚਨਾ ਪੁਸਤਕ 'ਗਲਪੀ ਵਿਧਾ ਲਘੂ ਕਥਾ: ਸਿਧਾਂਤ ਤੇ ਵਿਹਾਰ'(2016) ਪ੍ਰਕਾਸ਼ਿਤ ਹੋਈਆਂ ਹਨ। ਇਸ ਤੋਂ ਇਲਾਵਾ ਜਗਦੀਸ਼ ਅਰਮਾਨੀ ਵੱਲੋਂ ਦੋ ਸੰਪਾਦਿਤ ਆਲੋਚਨਾ ਪੁਸਤਕ 'ਪੰਜਾਬੀ ਮਿੰਨੀ ਕਹਾਣੀ: ਇਕ ਅਧਿਐਨ'(1993), 'ਡਾ.ਹਰਨੇਕ ਸਿੰਘ ਕੋਮਲ ਦਾ ਮਿੰਨੀ ਕਹਾਣੀ ਸੰਸਾਰ'(1997) ਪ੍ਰਕਾਸ਼ਿਤ ਹੋਈਆਂ ਹਨ। ਭਾਸ਼ਾ ਵਿਭਾਗ ਪੰਜਾਬ ਦਾ ਰਸਾਲਾ 'ਪੰਜਾਬੀ ਦੁਨੀਆਂ' (ਅਕਤੂਬਰ-ਦਸੰਬਰ 2020) ਦਾ 'ਮਿੰਨੀ ਕਹਾਣੀ

ਆਲੋਚਨਾਤਮਕ ਵਿਸ਼ੇਸ਼ ਅੰਕ' ਪ੍ਰਕਾਸ਼ਿਤ ਹੋਇਆ ਹੈ। ਮਿੰਨੀ ਕਹਾਣੀ ਸਬੰਧੀ ਵੱਖ-ਵੱਖ ਪਰਚਿਆਂ ਅਤੇ ਪੁਸਤਕਾਂ ਵਿਚ ਸਮੇਂ-ਸਮੇਂ ਖੋਜ ਲੇਖਾਂ ਨੂੰ ਪ੍ਰਕਾਸ਼ਿਤ ਕਰਵਾਉਣ ਵਿਚ ਕਈ ਹੋਰ ਲੇਖਕਾਂ ਅਤੇ ਆਲੋਚਕਾਂ ਨੇ ਵੀ ਵਡਮੁੱਲਾ ਯੋਗਦਾਨ ਪਾਇਆ ਹੈ, ਜਿਨ੍ਹਾਂ ਵਿਚ ਡਾ.ਸ਼ਿਆਮ ਸੁੰਦਰ ਦੀਪਤੀ, ਡਾ.ਗੁਰਲਾਲ ਸਿੰਘ, ਡਾ.ਜਸਵੰਤ ਬੋਗੋਵਾਲ, ਪ੍ਰੋ.ਮੇਜਰ ਸਿੰਘ ਰੰਧਾਵਾ, ਡਾ.ਜੋਗਿੰਦਰ ਸਿੰਘ ਨਿਰਾਲਾ, ਡਾ,ਸੁਖਮਿੰਦਰ ਸੇਖੋਂ, ਡਾ.ਕੁਲਦੀਪ ਸਿੰਘ ਧੀਰ, ਡਾ.ਤੇਜਵੰਤ ਮਾਨ, ਡਾ.ਹਰਨੇਕ ਸਿੰਘ ਕੈਲੇ, ਡਾ.ਹਰਨੇਕ ਸਿੰਘ ਕੋਮਲ, ਡਾ.ਈਸ਼ਰ ਸਿੰਘ ਤਾਂਘ, ਡਾ.ਗੁਰਚਰਨ ਸਿੰਘ ਸਾਕੀ, ਪ੍ਰੋ.ਹਮਦਰਦਵੀਰ ਨੌਸ਼ਹਿਰਵੀ, ਸ਼ਿਆਮ ਸੁੰਦਰ ਅਗਰਵਾਲ, ਸੁਰਿੰਦਰ ਕੈਲੇ, ਸੁਧੀਰ ਕੁਮਾਰ ਸੁਧੀਰ, ਡਾ.ਪ੍ਰਦੀਪ ਕੌੜਾ, ਡਾ.ਨਾਇਬ ਸਿੰਘ ਮੰਡੇਰ, ਡਾ.ਹਰਪ੍ਰੀਤ ਸਿੰਘ ਰਾਣਾ, ਜਗਦੀਸ਼ ਰਾਏ ਕੁਲਰੀਆਂ, ਹਰਭਜਨ ਸਿੰਘ ਖੇਮਕਰਨੀ, ਬਿਕਰਮਜੀਤ ਨੂਰ, ਪ੍ਰੋ.ਮੱਖਣ ਸਿੰਘ, ਸੁਖਦੇਵ ਸਿੰਘ ਸ਼ਾਂਤ, ਡਾ.ਚਾਨਣ ਸਿੰਘ ਨਿਰਮਲ, ਅਮਨਪਾਲ ਕੌਰ, ਪ੍ਰੋ.ਸ.ਸੋਜ਼, ਪ੍ਰੋ.ਰਮੇਸ਼ ਚੌਦਵੀਂ, ਡਾ.ਸੁਰਜੀਤ ਬਰਾੜ, ਡਾ.ਸ਼ਰਨਜੀਤ ਕੌਰ, ਡਾ.ਅਰਵਿੰਦਰ ਕੌਰ ਕਾਕੜਾ, ਡਾ.ਰਵਿੰਦਰ ਸੰਧੂ, ਡਾ.ਹਰਜੀਤ ਸਿੰਘ ਸੱਧਰ, ਪ੍ਰੋ.ਭੁਪਿੰਦਰ ਸਿੰਘ ਜੱਸਲ, ਪ੍ਰੋ. ਗੁਰਦੀਪ ਸਿੰਘ ਢਿੱਲੋਂ ਆਦਿ ਸ਼ਾਮਲ ਹਨ।

ਇਸ ਤੋਂ ਇਲਾਵਾ ਵੱਖ-ਵੱਖ ਯੂਨੀਵਰਸਿਟੀਆਂ ਵਿਚ ਸਮੇਂ-ਸਮੇਂ ਐਮ.ਫ਼ਿਲ ਅਤੇ ਪੀ ਐੱਚ.ਡੀ. ਪੱਧਰ ਉੱਤੇ ਅਕਾਦਮਿਕ ਖੋਜ-ਕਾਰਜਾਂ ਹੋਏ ਹਨ, ਜਿਨ੍ਹਾਂ ਵਿਚ ਡਾ.ਨਾਇਬ ਸਿੰਘ ਮੰਡੇਰ ਨੇ ਕਰੂਕਸ਼ੇਤਰ ਯੂਨੀਵਰਸਿਟੀ, ਕਰੂਕਸ਼ੇਤਰ ਤੋਂ ਡਾ.ਰਾਜਿੰਦਰ ਸਿੰਘ ਭੱਟੀ ਦੀ ਨਿਗਰਾਨੀ ਹੇਠ ਪਹਿਲੀ ਵਾਰ ਸੰਨ 2002 ਵਿਚ 'ਪ੍ਰਤੀਨਿਧ ਪੰਜਾਬੀ ਮਿੰਨੀ ਕਹਾਣੀ ਦਾ ਆਲੋਚਨਾਤਮਿਕ ਅਧਿਐਨ'(ਖੋਜ-ਨਿਬੰਧ) ਅਤੇ 2011 ਵਿਚ 'ਪੰਜਾਬੀ ਮਿੰਨੀ ਕਹਾਣੀ: ਸਿਧਾਂਤ ਤੇ ਵਿਹਾਰ'(ਖੋਜ-ਪ੍ਰਬੰਧ) ਲਿਖ ਕੇ ਅਕਾਦਮਿਕ ਖੋਜ-ਕਾਰਜ ਕਰਨ ਲਈ ਹੋਰ ਖੋਜਾਰਥੀਆਂ ਨੂੰ ਪੰਜਾਬੀ ਮਿੰਨੀ ਕਹਾਣੀ ਉੱਤੇ ਖੋਜ ਕਰਨ ਲਈ ਪ੍ਰੇਰਿਤ ਕੀਤਾ। ਉਪਰੰਤ ਡਾ.ਹਰਪ੍ਰੀਤ ਸਿੰਘ ਰਾਣਾ ਨੇ ਡਾ.ਇੰਦਰਜੀਤ ਸਿੰਘ ਚੀਮਾ ਦੀ ਨਿਗਰਾਨੀ ਹੇਠ 2009 ਵਿਚ ਮਹਾਂਰਿਸ਼ੀ ਮਾਰਕੰਡੇਸ਼ਵਰ ਯੂਨੀਵਰਸਿਟੀ, ਮੁਲਾਨਾ-ਅੰਬਾਲਾ(ਹਰਿਆਣਾ) ਤੋਂ 'ਪੰਜਾਬੀ ਮਿੰਨੀ ਕਹਾਣੀ: ਵਿਸ਼ਾਗਤ ਅਧਿਐਨ (ਸਤਵੰਤ ਕੈਂਥ, ਜਗਦੀਸ਼ ਅਰਮਾਨੀ, ਰਾਜਿੰਦਰ ਕੌਰ ਵੰਤਾ, ਡਾ.ਸ਼ਿਆਮ ਸੁੰਦਰ ਦੀਪਤੀ, ਸ਼ਿਆਮ ਸੁੰਦਰ ਅਗਰਵਾਲ, ਕਰਮਵੀਰ ਸਿੰਘ ਦੇ ਵਿਸ਼ੇਸ਼ ਪ੍ਰਸੰਗ ਵਿਚ) ਖੋਜ-ਨਿਬੰਧ ਅਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ 2018 ਵਿਚ 'ਪੰਜਾਬੀ ਮਿੰਨੀ ਕਹਾਣੀ: ਇਤਿਹਾਸ ਅਤੇ ਵਿਧਾਗਤ ਸਰੂਪ'(ਖੋਜ-ਪ੍ਰਬੰਧ) ਲਿਖ ਕੇ ਕ੍ਰਮਵਾਰ ਐਮ.ਫਿਲ ਅਤੇ ਪੀਐੱਚ.ਡੀ. ਦੀਆਂ ਡਿਗਰੀਆਂ ਹਾਸਲ ਕੀਤੀਆਂ ਹਨ। ਇਨ੍ਹਾਂ ਤੋਂ ਇਲਾਵਾ ਹੋਰ ਕੁੱਝ ਖੋਜਾਰਥੀਆਂ ਨੇ ਵੀ ਐਮ.ਫ਼ਿਲ ਪੱਧਰ ਉੱਤੇ ਖੋਜ-ਨਿਬੰਧ ਲਿਖ ਕੇ ਡਿਗਰੀਆਂ ਹਾਸਲ ਕੀਤੀਆਂ ਹਨ, ਜਿਨ੍ਹਾਂ ਵਿਚ ਰਮਨਪ੍ਰੀਤ ਕੌਰ ਨੇ ਡਾ.ਤਾਰਾ ਸਿੰਘ ਦੀ ਨਿਗਰਾਨੀ ਹੇਠ 2008 ਵਿਚ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ 'ਕਰਮਵੀਰ ਸਿੰਘ ਦੀ ਕਹਾਣੀ ਕਲਾ(ਮਿੰਨੀ ਕਹਾਣੀ ਦੇ ਵਿਸ਼ੇਸ਼ ਪ੍ਰਸੰਗ ਵਿਚ)', ਜਗਜੀਤ ਸਿੰਘ ਮਹਿਮੀ ਨੇ ਡਾ.ਆਰ.ਐਸ.ਭੱਟੀ ਦੀ ਨਿਗਰਾਨੀ ਹੇਠ 2009 ਵਿਚ ਕਰੂਕਸ਼ੇਤਰ ਯੂਨੀਵਰਸਿਟੀ, ਕਰੂਕਸ਼ੇਤਰ ਤੋਂ 'ਪੰਜਾਬੀ ਮਿੰਨੀ ਕਹਾਣੀ ਦਾ ਆਲੋਚਨਾਤਮਕ ਅਧਿਐਨ(ਰਘਬੀਰ ਸਿੰਘ ਮਹਿਮੀ ਦੇ ਸੰਦਰਭ ਵਿਚ)', ਦਵਿੰਦਰ ਸਿੰਘ ਪਨੇਸਰ ਨੇ ਡਾ.ਮਨਜੀਤ ਸਿੰਘ ਦੀ ਨਿਗਰਾਨੀ ਹੇਠ 2010 ਵਿਚ ਦਿੱਲੀ ਯੂਨੀਵਰਸਿਟੀ, ਦਿੱਲੀ ਤੋਂ ਪ੍ਰਿੰ.ਇਕਬਾਲ ਦੀਪ ਦੀ ਮਿੰਨੀ ਕਹਾਣੀ ਪੁਸਤਕ ਉੱਤੇ 'ਮਿੰਨੀ ਪਾਏ ਬਾਤ: ਮਿੰਨੀ ਕਹਾਣੀ ਦਾ ਕਾਵਿ ਸ਼ਾਸਤਰ', ਅਤੇ ਜਗਦੀਸ਼ ਰਾਏ ਕੁਲਰੀਆਂ ਨੇ ਡਾ.ਅਸ਼ੋਕ ਭਾਟੀਆ ਦੀ ਨਿਗਰਾਨੀ ਹੇਠ 2008 ਵਿਚ ਵਿਨਾਇਕਾ ਮਿਸ਼ਨ ਯੂਨੀਵਰਸਿਟੀ, ਸੇਲਮ (ਤਾਮਿਲਨਾਡੂ) ਤੋਂ 'ਪੰਜਾਬੀ ਔਰ ਹਿੰਦੀ ਲਘੂ ਕਥਾ ਕਾ ਤੁਲਨਾਤਮਕ ਅਧਿਐਨ(ਹਿੰਦੀ ਵਿਚ) ਖੋਜ-ਨਿਬੰਧ ਲਿਖੇ ਹਨ।

ਇਸ ਤਰ੍ਹਾਂ ਪੰਜਾਬੀ ਮਿੰਨੀ ਕਹਾਣੀ ਉੱਤੇ ਸਮੇਂ-ਸਮੇਂ ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ, ਪੰਜਾਬੀ ਸਾਹਿਤ ਅਕਾਦਮੀ, ਚੰਡੀਗੜ੍ਹ, ਭਾਸ਼ਾ ਵਿਭਾਗ, ਪੰਜਾਬ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਪੰਜਾਬੀ ਸਾਹਿਤ ਅਧਿਐਨ ਵਿਭਾਗ ਵੱਲੋਂ ਵਿਸ਼ਵ ਸਾਹਿਤ ਕਾਨਫ਼ਰੰਸਾਂ/ਸੈਮੀਨਾਰਾਂ

ਵਿਚ ਉਚੇਚੇ ਤੌਰ ’ਤੇ ਖੋਜ ਪਰਚੇ ਪੜ੍ਹਾ ਕੇ ਆਲੋਚਨਾਤਮਕ ਕਾਰਜ ਕੀਤੇ ਜਾ ਰਹੇ ਹਨ। ਜਲੰਧਰ ਦੂਰਦਰਸ਼ਨ, ਆਲ ਇੰਡੀਆ ਰੇਡੀਉ ਸਟੇਸ਼ਨ, ਜਲੰਧਰ, ਪਟਿਆਲਾ ਅਤੇ ਬਠਿੰਡਾ ਵੱਲੋਂ ਵੀ ਇਸ ਰੂਪਾਕਾਰ ਉੱਤੇ ਗੋਸ਼ਟੀਆਂ ਆਯੋਜਿਤ ਹੋ ਚੁੱਕੀਆਂ ਹਨ। ਪੰਜਾਬੀ ਮਿੰਨੀ ਕਹਾਣੀ ਦੇ ਨਿਰੋਲ ਤ੍ਰੈਮਾਸਿਕ ਪਰਚੇ ਪਟਿਆਲਾ ਤੋਂ ‘ਛਿਣ’ (ਸੰਪਾ.ਤ੍ਰਿਪਤ ਭੱਟੀ, ਡਾ.ਹਰਪ੍ਰੀਤ ਸਿੰਘ ਰਾਣਾ, ਦਵਿੰਦਰ ਪਟਿਆਲਵੀ) ਅਤੇ ਅੰਮ੍ਰਿਤਸਰ ਤੋਂ ‘ਮਿੰਨੀ’ (ਸੰਪਾ.ਡਾ.ਸ਼ਿਆਮ ਸੁੰਦਰ ਦੀਪਤੀ, ਸ਼ਿਆਮ ਸੁੰਦਰ ਅਗਰਵਾਲ, ਬਿਕਰਮਜੀਤ ਨੂਰ, ਹਰਭਜਨ ਸਿੰਘ ਖੇਮਕਰਨੀ) ਨਿਰੰਤਰ ਪ੍ਰਕਾਸ਼ਿਤ ਹੋ ਰਹੇ ਹਨ। ਵਰਤਮਾਨ ਸਮੇਂ ‘ਮਿੰਨੀ’ ਰਸਾਲੇ ਦੀ ਸੰਪਾਦਕ ਜਗਦੀਸ਼ ਰਾਏ ਕੁਲਰੀਆਂ ਅਤੇ ਕੁਲਵਿੰਦਰ ਕੌਸ਼ਲ ਹਨ ਤੇ ਸਾਬਕਾ ਸੰਪਾਦਕੀ ਮੰਡਲ ਨਿਗਰਾਨ ਦੀ ਭੂਮਿਕਾ ਨਿਭਾ ਰਿਹਾ ਹੈ। ਜਿਸ ਵਿਚ ਸਮਕਾਲੀ ਮੌਲਿਕ ਮਿੰਨੀ ਕਹਾਣੀਆਂ ਤੋਂ ਇਲਾਵਾ ਦੂਜੀਆਂ ਭਾਸ਼ਾਵਾਂ ਦੀਆਂ ਚੋਣਵੀਂਆਂ ਮਿੰਨੀ ਕਹਾਣੀਆਂ ਦੇ ਅਨੁਵਾਦ ਅਤੇ ਪੰਜਾਬੀ ਮਿੰਨੀ ਕਹਾਣੀ ਸਬੰਧੀ ਆਲੋਚਨਾਤਮਕ ਲੇਖ ਨਿਰੰਤਰ ਪ੍ਰਕਾਸ਼ਿਤ ਹੋ ਰਹੇ ਹਨ। ਲੁਧਿਆਣਾ ਤੋਂ ਛਪਦਾ ਮਿੰਨੀ ਰਚਨਾਵਾਂ ਦਾ ਤ੍ਰੈਮਾਸਿਕ ਪਰਚਾ ‘ਅਣੂ’(ਸੰਪਾ.ਸੁਰਿੰਦਰ ਕੈਲੇ) ਵੀ 1972 ਤੋਂ ਨਿਰੰਤਰ ਮਿੰਨੀ ਕਹਾਣੀਆਂ ਛਾਪ ਰਿਹਾ ਹੈ। ਅਦਾਰਾ ‘ਮਿੰਨੀ’ ਤ੍ਰੈਮਾਸਿਕ, ਅੰਮ੍ਰਿਤਸਰ ਵੱਲੋਂ ਪਿਛਲੇ ਲਗਭਗ ਤਿੰਨ ਦਹਾਕਿਆਂ ਤੋਂ ‘ਜੁਗਨੂੰਆਂ ਦੇ ਅੰਗ-ਸੰਗ’ ਤਹਿਤ ਮਿੰਨੀ ਕਹਾਣੀ ਉੱਤੇ ਨਿਰੰਤਰ ਆਲੋਚਨਾਤਮਿਕ ਗੋਸ਼ਟੀ-ਕਾਰਜ ਕੀਤਾ ਜਾ ਰਿਹਾ ਹੈ। 'ਵਰਤਮਾਨ ਸਮੇਂ ਦਿੱਲੀ ਯੂਨੀਵਰਸਿਟੀ ਤੋਂ ਖੋਜਾਰਥੀ ਦਵਿੰਦਰ ਸਿੰਘ ਪਨੇਸਰ "ਪੰਜਾਬੀ ਮਿੰਨੀ ਕਹਾਣੀ ਦਾ ਪਾਠਗਤ ਅਧਿਐਨ" ਵਿਸ਼ੇ ਉੱਤੇ ਪੀਐੱਚ. ਡੀ ਕਰ ਰਿਹਾ ਹੈ।' ਕੁੱਲ ਮਿਲਾ ਕੇ ਮੌਲਿਕ ਕਾਰਜਾਂ ਦੇ ਨਾਲ-ਨਾਲ ਆਲੋਚਨਾਤਮਕ ਕਾਰਜ ਵੀ ਸਕਾਰਾਤਮਕ ਪੱਧਰ ’ਤੇ ਹੋ ਰਹੇ ਹਨ।

ਤ੍ਰਿਪੜੀ ਟਾਊਨ,
ਪਟਿਆਲਾ। (ਪੰਜਾਬ)-147004
98885-53162

## ਗ਼ਜ਼ਲ



ਅੰਜੂ ਅਮਨਦੀਪ ਗਰੋਵਰ

ਜਿਵੇਂ ਪਾਣੀ ਮੱਛੀ ਦਾ ਬਣਦੈ ਸਹਾਰਾ।
ਤੇਰੇ ਬਿਨ ਵੀ ਮੇਰਾ ਨਾ ਹੋਵੇ ਗੁਜ਼ਾਰਾ।

ਤੂੰ ਹੀ ਮੇਰਾ ਜਾਨੀ ਤੂੰ ਹੀ ਮੇਰਾ ਮਹਿਰਮ,
ਤੇਰਾ ਸਾਥ ਦੁਨੀਆਂ ’ਚ ਹੈ ਸਭ ਤੋਂ ਪਿਆਰਾ।

ਚੁਕਾਇਆ ਨਾ ਜਾਵੇ ਉਨ੍ਹਾਂ ਤੋਂ ਉਮਰ ਭਰ,
ਕਿ ਬੱਚਿਆਂ ’ਤੇ ਮਾਂ ਦਾ ਹੋਵੇ ਕਰਜ਼ ਭਾਰਾ।

ਹੈ ਬੱਚਿਆਂ ਲਈ ਉਹ ਤਾਂ ਰੱਬ ਦਾ ਫ਼ਰਿਸ਼ਤਾ,
ਮੇਰੇ ਨਾਲ ਵੰਡੇ ਉਹ ਦੁੱਖ-ਸੁੱਖ ਸਾਰਾ।

ਉਹਦੇ ਨਾਲ 'ਅੰਜੂ' ਹੈ ਜੀਣਾ ਤੇ ਮਰਨਾ,
ਨਹੀਂ ਕਰ ਸਕਾਂਗੀ ਮੈਂ ਉਸ ਤੋਂ ਕਿਨਾਰਾ।

ਬੜੇ ਚਿਰ ਤੋਂ ਤੇਰਾ ਸਿਤਮ ਸਹਿ ਰਹੀ ਹਾਂ,
ਤੇਰਾ ਜ਼ੁਲਮ ਸਹਿਣਾ ਨਹੀਂ ਹੁਣ ਗਵਾਰਾ।

ਮੇਰੇ ਦਰਦ ਨੂੰ ਉਹ ਸਮਝ ਲੈਂਦਾ ਝਟਪਟ,
ਨਾ ਮੂੰਹੋਂ ਮੈਂ ਬੋਲਾਂ, ਨਾ ਕਰਦੀ ਇਸ਼ਾਰਾ।

ਵਿਕਰਮ ਵਿਹਾਰ, ਸੈਕਟਰ-27,
ਪੰਚਕੂਲਾ (ਹਰਿਆਣਾ)-134116
99990-30821

# ਗੁਰਮਤਿ ਸੰਗੀਤ ਦੇ ਪਰਿਪੇਖ ਵਿੱਚ ਬਾਣੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸੰਗੀਤ ਵਿਧਾਨ

ਡਾ. ਜਸਬੀਰ ਸਿੰਘ ਸਾਬਰ



ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਸਮ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 59 ਸ਼ਬਦ 17 ਰਾਗਾਂ ਵਿੱਚ ਅੰਕਿਤ ਕੀਤੇ ਪ੍ਰਾਪਤ ਹੁੰਦੇ ਹਨ। ਬੇਸ਼ੱਕ ਸੰਗੀਤ ਖੇਤਰ ਨਾਲ ਜੁੜੇ ਵਿਦਵਾਨ 15 ਰਾਗਾਂ ਨੂੰ ਪ੍ਰਮੁੱਖ ਅਤੇ 2 ਰਾਗਾਂ (ਤਿਲੰਗ ਕਾਫੀ ਅਤੇ ਬਸੰਤ ਹਿੰਡੋਲ) ਨੂੰ ਮਿਸ਼ਰਤ ਰਾਗਾਂ ਦੀ ਸ਼੍ਰੇਣੀ ਵਿੱਚ ਰੱਖਦੇ ਹਨ ਪਰ ਗੁਰਮਤਿ ਸੰਗੀਤ ਦੇ ਪਰਿਪੇਖ ਸਨਮੁਖ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਗੀਤ ਵਿਧਾਨ ਅਨੁਸਾਰ ਹਰੇਕ ਰਾਗ ਇੱਕ ਸਮਾਨ ਹੈ ਕੋਈ ਮਿਸ਼ਰਤ/ਰਾਗ ਜਾਂ ਰਾਗਨੀ ਸਿਰਲੇਖ ਅਨੁਸਾਰ ਅੰਕਿਤ ਨਹੀਂ। ਇਸੇ ਲਈ ਹਰੇਕ ਰਾਗ ਲਈ ਰਾਗ ਸਿਰਲੇਖ ਦੀ ਹੀ ਵਰਤੋਂ ਕੀਤੀ ਗਈ ਹੈ। ਇਨ੍ਹਾਂ ਰਾਗ ਸਿਰਲੇਖਾਂ ਵਾਲੇ 59 ਸ਼ਬਦਾਂ ਤੋਂ ਇਲਾਵਾ 57 ਰਾਗ-ਮੁਕਤ ਸਲੋਕ ਵੀ ਗੁਰੂ ਪਾਤਸ਼ਾਹ ਦੇ ਰਚੇ ਪ੍ਰਾਪਤ ਹੁੰਦੇ ਹਨ।

ਗੌਰਤਲਬ ਹੈ ਕਿ ਨੌਵੇਂ ਪਾਤਸ਼ਾਹ ਦੇ ਇਹ 116 ਸ਼ਬਦ ਤੇ ਸਲੋਕ ਉਹ ਬਾਣੀ ਹੈ ਜੋ ਨੌਵੇਂ ਗੁਰੂ ਪਾਤਸ਼ਾਹ ਜੀ ਨੇ 1664 ਈ. ਵਿਚ ਗੁਰਤਾਗੱਦੀ ਪ੍ਰਾਪਤ ਹੋਣ ਉਪਰੰਤ ਰਚੀ। ਇਸ ਦਾ ਕਾਰਣ ਹੈ ਕਿ ਗੁਰੂ ਪਦ ਨੂੰ ਪ੍ਰਾਪਤ ਕਰਨ ਵਾਲੇ ਹੀ, ਆਪਣੀ ਬਾਣੀ ਦੇ ਪਛੇਤਰ ਨਾਨਕ ਛਾਪ ਵਰਤ ਸਕਦੇ ਸਨ ਹੋਰ ਕੋਈ ਨਹੀਂ। ਇਸ ਸੰਦਰਭ ਵਿੱਚ ਇਹ ਸਮਝ ਲੈਣਾ ਵੀ ਜ਼ਰੂਰੀ ਲਗਦਾ ਹੈ ਕਿ ਬੇਸ਼ੱਕ ਨੌਵੇਂ ਗੁਰੂ ਸਾਹਿਬ ਜੀ ਦੀ ਸਮੁੱਚੀ ਬਾਣੀ ਵੈਰਾਗਮਈ ਹੈ ਪਰ ਬਾਣੀ ਵਿਚਲਾ ਇਹ ਵੈਰਾਗ, ਮਾਨਵ ਚੇਤਨਾ ਵਿੱਚ ਉਦਾਸੀਨਤਾ ਜਾਂ ਪਲਾਇਣਵਾਦ ਦੀ ਰੁਚੀ ਪੈਦਾ ਨਹੀਂ ਕਰਦਾ। ਇਸ ਦਾ ਪ੍ਰਮਾਣ ਹੈ ਆਪ ਜੀ ਦਾ ਰਾਗ ਧਨਾਸਰੀ ਵਿਚਲਾ ਇਹ ਸ਼ਬਦ "ਕਾਹੇ ਰੇ ਬਨ ਖੋਜਨ ਜਾਈ" ਅਸਲ ਵਿੱਚ ਨੌਵੇਂ ਗੁਰੂ ਜੀ ਦੀ ਸਮੁੱਚੀ ਬਾਣੀ ਮਨੁੱਖ ਨੂੰ ਜੀਵਨ ਦੇ ਹਰ ਪਲ ਬਾਰੇ ਸੁਚੇਤ ਤੇ ਜਾਗਰੂਕ ਕਰਨ ਦਾ ਕਾਰਜ ਕਰਦੀ ਹੈ। ਵਿਸ਼ੇਸ਼ਤਾ ਇਹ ਕਿ ਜਿੱਥੇ ਇਹ ਬਾਣੀ 'ਬੁੱਧੀ' ਨੂੰ ਜਾਗ੍ਰਿਤ ਰਹਿਣ ਲਈ ਪ੍ਰੇਰਦੀ ਹੈ ਉੱਥੇ ਗੁਰੂ ਸਾਹਿਬ ਦੇ ਸੰਗੀਤ ਵਿਧਾਨ ਦੀਆਂ ਸੁਰਾਵਲੀਆਂ ਉਸਦੀ ਸੁਹਜਵਾਦੀ ਬਿਰਤੀ ਨੂੰ ਰਸਲੀਨ ਕਰ ਦਿੰਦੀਆਂ ਹਨ।

ਨੌਵੇਂ ਪਾਤਸ਼ਾਹ ਦੀ ਬਾਣੀ ਦੇ ਇਸ ਸੰਗੀਤ ਵਿਧਾਨ ਨੂੰ ਸਮਝਣ ਲਈ ਮਾਨਵ-ਚੇਤਨਾ ਲਈ ਇਹ ਜਾਣਨਾ ਜ਼ਰੂਰੀ ਲਗਦਾ ਹੈ ਕਿ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਆਪਣੀ ਵਿਚਾਰਧਾਰਾ ਦੇ ਪ੍ਰਚਾਰ-ਪ੍ਰਸਾਰ ਲਈ ਸੰਗੀਤ- ਵਿਧਾਨ ਦੀ ਇਸ ਨਵੇਕਲੀ ਸੰਚਾਰ-ਜੁਗਤ ਦੀ ਵਰਤੋਂ ਕਿਉਂ ਕੀਤੀ?

ਇਸ ਪ੍ਰਸੰਗ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂ ਘਰ ਦੇ ਕੀਰਤਨੀਏ ਬਾਣੀਕਾਰ 'ਰਾਇ ਬਲਵੰਡਿ ਤਥਾ ਸਤੇ ਡੂਮਿ ਆਖੀ' ਸਿਰਲੇਖ ਹੇਠ ਉਚਾਰਨ ਕੀਤੀ ਗਈ ਰਾਮਕਲੀ ਕੀ ਵਾਰ ਵਿੱਚ ਇਕ ਪੰਗਤੀ 'ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ॥' ਸਾਡੇ ਸਨਮੁਖ ਇਕ ਬਹੁਤ ਹੀ ਮਹੱਤਵਪੂਰਨ ਤੱਥ ਉਭਾਰਦੀ ਹੈ। ਇਹ ਤੱਥ ਹੈ ਕਿ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਪਾਤਸ਼ਾਹ ਨੇ ਜਗਤ ਕਲਿਆਣ ਲਈ ਜੋ ਸਿਧਾਂਤ ਸਿਰਜੇ ਉਨ੍ਹਾਂ ਦੇ ਉੱਤਰਾਧਿਕਾਰੀ ਗੁਰਤਾਗੱਦੀ 'ਤੇ ਬਿਰਾਜਮਾਨ ਸਾਰੇ ਗੁਰੂਆਂ ਨੇ ਵੀ ਉਨ੍ਹਾਂ ਹੀ ਸਿਧਾਂਤਾਂ ਦਾ ਨਾ ਕੇਵਲ ਅਨੁਸਰਨ ਹੀ ਕੀਤਾ ਸਗੋਂ ਉਨ੍ਹਾਂ ਦੇ ਪ੍ਰਚਾਰ ਤੇ ਪ੍ਰਸਾਰ ਲਈ ਸੰਚਾਰ-ਜੁਗਤਾਂ ਵੀ ਉਹੋ ਅਪਣਾਈਆਂ ਜੋ ਗੁਰੂ ਨਾਨਕ ਪਾਤਸ਼ਾਹ ਨੇ ਵਰਤੀਆਂ ਸਨ। ਇਹ ਅਜਿਹਾ ਤੱਥ ਹੈ ਜੋ ਸਾਰੇ ਗੁਰੂ ਸਾਹਿਬਾਨ ਨੂੰ ਇੱਕੋ 'ਨਾਨਕ ਜੋਤਿ' ਦਾ ਪ੍ਰਮਾਣਿਕ ਸਰੂਪ ਪ੍ਰਦਾਨ ਕਰਦਾ ਹੈ।

ਮੇਰੇ ਵਿਚਾਰ ਅਨੁਸਾਰ ਗੁਰੂ ਨਾਨਕ ਸਾਹਿਬ ਵੱਲੋਂ ਆਰੰਭੇ ਸਿੱਖ ਧਰਮ ਦੀ ਵੱਡੀ ਵਡਿਆਈ ਤੇ ਅਚਰਜ ਸੋਭਾ ਇਸ ਤੱਥ 'ਤੇ ਵਧੇਰੇ ਆਧਾਰਿਤ ਹੈ ਕਿ ਇਹ ਮੁੱਖ ਤੌਰ 'ਤੇ ਮਨੁੱਖ ਕੇਂਦਰਿਤ ਹੈ। ਅਸਲ ਵਿੱਚ ਗੁਰੂ ਸਾਹਿਬਾਨ ਵੱਲੋਂ

ਉਚਾਰੀ ਗਈ ਖ਼ਸਮ ਕੀ ਬਾਣੀ ਦਾ ਮੂਲ ਮਨੋਰਥ ਹੈ ਇਸ ਦੇ ਅਸਲ ਉਦੇਸ਼ ਨੂੰ ਜਨ-ਕਲਿਆਣ ਲਈ ਠੀਕ ਪ੍ਰਸੰਗ ਵਿੱਚ ਵਿਸ਼ਵ ਮਾਨਵ-ਸੰਸਾਰ ਵਿੱਚ ਪ੍ਰਚਾਰਨਾ ਤੇ ਸੰਚਾਰਨਾ। ਕਿਉਂਕਿ ਗੁਰੂ ਸਾਹਿਬ ਇਸ ਤੱਥ ਤੋਂ ਭਲੀ ਪ੍ਰਕਾਰ ਜਾਣੂ ਸਨ ਕਿ ਦਾਰਸ਼ਨਿਕ ਵਿਚਾਰਧਾਰਾ ਨੂੰ ਮਾਨਵ ਚੇਤਨਾ ਵਿੱਚ ਦ੍ਰਿੜ ਕਰਾਉਣ ਲਈ ਸੰਗੀਤ ਬਹੁਤ ਹੀ ਕਾਰਗਰ ਸੰਚਾਰ-ਜੁਗਤ ਹੈ। ਇਸ ਕਾਰਜ ਲਈ ਉਨ੍ਹਾਂ ਨੇ ਆਪਣੀ ਬਾਣੀ ਦੇ ਸੰਚਾਰ ਲਈ ਜੋ ਜੁਗਤਾਂ ਅਪਣਾਈਆਂ ਉਨ੍ਹਾਂ ਦਾ ਆਧਾਰ ਬਣਾਇਆ ਲੋਕ-ਮੁਖਤਾ ਅਤੇ ਲੋਕ-ਯੁਗਤਾ ਨੂੰ। ਏਸੇ ਲਈ ਆਪ ਜੀ ਨੇ ਬਾਣੀ-ਸੰਚਾਰ ਲਈ ਉਹ ਸਾਰੀਆਂ ਸੰਚਾਰ ਜੁਗਤਾਂ, ਪਰੰਪਰਾਵਾਂ, ਬੋਲੀਆਂ, ਗਾਇਨ-ਸ਼ੈਲੀਆਂ ਅਤੇ ਕਾਵਿ-ਰੂਪਾਂ ਨੂੰ ਅਪਨਾਇਆ ਜੋ ਇਸ ਆਧਾਰ-ਜੁਗਤ ਦੀ ਕਸਵੱਟੀ ’ਤੇ ਪੂਰਾ ਉਤਰਨ ਵਾਲੀਆਂ ਅਤੇ ਲੋਕ ਚੇਤਨਾ ਨੂੰ ਪ੍ਰਭਾਵਿਤ ਕਰਨ ਦੇ ਸਮਰੱਥ ਸਨ। ਏਥੋਂ ਤੱਕ ਕਿ ਗੁਰੂ ਸਾਹਿਬ ਦੀ ਸੰਗੀਤ ਦੀ ਇਹ ਸੰਚਾਰ ਜੁਗਤ, ਜਨ-ਜੀਵਨ ਦੇ ਨੇੜੇ ਹੋਣ ਕਾਰਨ ਕੇਵਲ ਸਮਕਾਲ ਵਿੱਚ ਹੀ ਨਹੀਂ ਸਗੋਂ ਅੱਜ ਵੀ ਵਧੇਰੇ ਉਪਯੋਗੀ ਤੇ ਕਾਰਗਰ ਬਣੀ ਹੋਈ ਹੈ। ਇਨ੍ਹਾਂ ਸੰਚਾਰ-ਜੁਗਤਾਂ ਦਾ ਰਿਸ਼ਤਾ ਪਰੰਪਰਾਗਤ ਸਨਾਤਨੀ ਹੈ ਜਾਂ ਲੋਕ ਰੁਚੀ ਨਾਲ ਜੁੜਿਆ ਹੋਇਆ ਹੈ, ਇਸ ਦਾ ਭਰਮ ਗੁਰੂ ਸਾਹਿਬ ਨੇ ਨਹੀਂ ਮੰਨਿਆ। ਉਨ੍ਹਾਂ ਦੀ ਚੋਣ ਦਾ ਆਧਾਰ ਸੀ ਲੋਕ ਮਾਨਸਿਕਤਾ ਦਾ ਪੱਧਰ ਤੇ ਰੁਚੀ। ਪਰ ਉਹ ਇਸ ਗੱਲੋਂ ਪੂਰੀ ਤਰ੍ਹਾਂ ਸੁਚੇਤ ਰਹੇ ਕਿ ਪ੍ਰਚਲਿਤ ਪਰੰਪਰਾ ਉਨ੍ਹਾਂ ਦੀ ਵਿਚਾਰਧਾਰਾ ਦੇ ਮੋਢਿਆਂ ’ਤੇ ਸਵਾਰ ਨਾ ਹੋ ਸਕੇ ਸਗੋਂ ਉਹ ਉਸ ਪਰੰਪਰਾ ਦੇ ਮੋਢਿਆਂ ’ਤੇ ਸਵਾਰ ਹੋ ਕੇ ਉਸ ਨੂੰ ਆਪਣੀ ਵਿਚਾਰਧਾਰਾ ਦੇ ਅਨੁਕੂਲ ਪ੍ਰਚਾਰਨ ਤੇ ਪ੍ਰਸਾਰਨ ਲਈ ਸੰਚਾਰ-ਜੁਗਤ ਵਜੋਂ ਹੀ ਵਰਤਣ।

ਏਥੇ ਮਾਨਵ-ਚੇਤਨਾ ਵਿੱਚ ਇਹ ਪ੍ਰਸ਼ਨ ਉੱਠਣਾ ਵੀ ਸੁਭਾਵਕ ਲਗਦਾ ਹੈ ਕਿ ਨੌਵੇਂ ਪਾਤਸ਼ਾਹ ਤੋਂ ਪੂਰਵ ਗੁਰੂ ਨਾਨਕ ਸਾਹਿਬ ਨੇ ਸੰਗੀਤ ਨੂੰ ਸੰਚਾਰ-ਜੁਗਤ ਵਜੋਂ ਕਿਉਂ ਅਪਣਾਇਆ ਅਤੇ ਇਸ ਨੂੰ ਸੰਗੀਤ ਖੇਤਰ ਵਿੱਚ ਸੁਤੰਤਰ, ਗੁਰਮਤਿ ਸੰਗੀਤ ਦੇ ਰੂਪ ਵਿੱਚ ਕਿਉਂ ਸਥਾਪਿਤ ਕੀਤਾ? ਹਾਲਾਂਕਿ ਇਸ ਦਾ ਆਧਾਰ ਭਾਰਤੀ ਸੰਗੀਤ ਦਾ ਰੂਪ ਹੀ ਹੈ। ਕਿਉਂਕਿ ਥਾਟ, ਚੱਲਣ, ਵਾਦੀ-ਸੰਵਾਦੀ ਸੁਰ, ਪੂਰਵਾਂਗ, ਉਤਰਾਂਗ, ਰਾਗ, ਗਾਯਨ ਸਮਾਂ ਆਦਿ ਸਭ ਕੁਝ ਉਹੋ ਹੈ ਜੋ ਭਾਰਤੀ ਸੰਗੀਤ ਗ੍ਰੰਥਾਂ ਵਿੱਚ ਉਪਲਬਧ ਹੈ। ਪਰ ਫੇਰ ਵੀ ਇਹ ਗੁਰਮਤਿ ਸੰਗੀਤ ਸੁਤੰਤਰ ਵਿਧਾ ਵਜੋਂ ਸਥਾਪਿਤ ਹੈ?

ਮੇਰੇ ਵਿਚਾਰ ਅਨੁਸਾਰ ਸੰਗੀਤ ਦੀ ਇਹ ਸੰਚਾਰ-ਜੁਗਤ, ਗੁਰਮਤਿ-ਸੰਗੀਤ ਦੇ ਰੂਪ ਵਿੱਚ ਭਗਤੀ ਸੰਗੀਤ ਨੂੰ ਇਕ ਮਹਾਨ ਦੇਣ ਹੈ ਪਰ ਇਸ ਦਾ ਭਾਵ ਇਹ ਵੀ ਨਹੀਂ ਕਿ ਪੂਰਵ ਨਾਨਕ ਕਾਲ ਵਿੱਚ ਭਗਤੀ ਸੰਗੀਤ ਦੀ ਇਸ ਸੰਚਾਰ-ਜੁਗਤ ਦਾ ਪ੍ਰਚਲਣ ਹੀ ਨਹੀਂ ਸੀ। ਦਰਅਸਲ ਪੂਰਵ ਮੱਧਕਾਲ ਵਿੱਚ ਵੀ ਅਮੂਰਤ ਬ੍ਰਹਮ ਦੀ ਉਪਾਸਨਾ ਲਈ ਸੰਗੀਤ, ਨਿੱਗਰ ਸੰਚਾਰ-ਜੁਗਤ ਵਜੋਂ ਪ੍ਰਵਾਨ ਤੇ ਪ੍ਰਚਲਿਤ ਸੀ। ਪ੍ਰੰਤੂ ਗੁਰਮਤਿ ਸੰਗੀਤ, ਭਾਰਤੀ ਸੰਗੀਤ ਪਰੰਪਰਾ ਦਾ ਪੂਰਕ ਹੋਣ ਦੇ ਬਾਵਜੂਦ ਕਈ ਪੱਖਾਂ ਤੋਂ ਭਿੰਨ ਹੈ, ਹੂ-ਬ-ਹੂ ਉਸ ਦਾ ਚਰਬਾ ਨਹੀਂ। ਇਸ ਵੱਖਰਤਾ ਦੇ ਪ੍ਰਮੁੱਖ ਕਾਰਨ ਇਸ ਪ੍ਰਕਾਰ ਹਨ:

1. ਭਾਰਤੀ ਸੰਗੀਤ ’ਤੇ ਆਧਾਰਤ ਭਗਤੀ ਸੰਗੀਤ, ਦੇਵ ਮੁਖੀ ਹੈ ਪਰ ਗੁਰਮਤਿ ਸੰਗੀਤ ਨਿਰਗੁਣ ਨਿਰੰਕਾਰ ਮੁਖੀ ਹੈ।
2. ਪਰੰਪਰਾਗਤ ਭਗਤੀ ਸੰਗੀਤ ਰਾਹੀਂ ਕੀਤੀ ਜਾਂਦੀ ਪੂਜਾ ਅਰਚਨਾ ਨਾਲ ਬਾਹਰੀ ਪ੍ਰਸੰਨਤਾ ਪ੍ਰਾਪਤ ਹੁੰਦੀ ਹੈ ਜਦੋਂ ਕਿ ਗੁਰਮਤਿ ਸੰਗੀਤ ਦੀ ਜੁਗਤ, ਆਤਮ-ਰਸ ਪ੍ਰਦਾਨ ਕਰਦੀ ਹੈ।
3. ਭਗਤੀ ਸੰਗੀਤ ਦੀ ਸੰਚਾਰ ਜੁਗਤ ਵਿੱਚ ਰਾਗ ਸਾਧਨ ਹੈ ਮਹਾਨ ਪ੍ਰਭੂਤਾ ਦਾ ਪਰ ਗੁਰਮਤਿ-ਸੰਗੀਤ ਵਿੱਚ ਰਾਗ ਕੇਵਲ ਇਕ ਵਾਹਨ ਹੈ ਪ੍ਰਭੂ-ਜੋਤਿ ਨਾਲ ਇਕ ਸੁਰ ਹੋਣ ਦਾ।
4. ਭਗਤੀ ਸੰਗੀਤ ਵਿੱਚ ਪ੍ਰਭੂ ਜਸ ਲਈ ਕੋਈ ਨਿਰਧਾਰਿਤ ਰਾਗ-ਵਿਧਾਨ ਨਿਸ਼ਚਿਤ ਨਹੀਂ ਜਦੋਂ ਕਿ ਗੁਰਮਤਿ ਸੰਗੀਤ ਵਿੱਚ ਨਿਰਧਾਰਿਤ ਰਾਗ-ਵਿਧਾਨ ਪ੍ਰਭੂ-ਜਸ ਲਈ ਨਿਸ਼ਚਿਤ ਹੈ।
5. ਭਗਤੀ-ਸੰਗੀਤ ਵਿੱਚ ਕੋਈ ਵੀ ਰਚਨਾ ਪ੍ਰਭੂ-ਜਸ ਲਈ ਅਪਣਾਈ ਜਾ ਸਕਦੀ ਹੈ ਪਰ ਗੁਰਮਤਿ-ਸੰਗੀਤ ਦਾ ਸੰਚਾਰ ਕੇਵਲ ਗੁਰਬਾਣੀ ਆਧਾਰਤ ਹੀ

ਕੀਤਾ ਜਾ ਸਕਦਾ ਹੈ।

6. ਭਗਤੀ ਸੰਗੀਤ ਲਈ ਭਾਰਤੀ ਸੰਗੀਤ ਦੀਆਂ ਤਿੰਨੋਂ ਵਿਧਾਵਾਂ, ਗਾਇਨ, ਵਾਦਨ ਤੇ ਨ੍ਰਿਤ ਦੇ ਮਾਧਿਅਮ ਰਾਹੀਂ ਪ੍ਰਭੂ-ਜਸ ਕੀਤਾ ਜਾਂਦਾ ਹੈ ਜਦੋਂ ਕਿ ਗੁਰਮਤਿ ਸੰਗੀਤ ਕੇਵਲ ਗਾਇਨ ਤੇ ਵਾਦਨ ਨੂੰ ਹੀ ਸੰਚਾਰ-ਮਾਧਿਅਮ ਬਣਾਉਂਦਾ ਹੈ ਨ੍ਰਿਤ ਨੂੰ ਨਹੀਂ।
7. ਗੁਰਮਤਿ ਸੰਗੀਤ ਦੀ ਇਹ ਸੰਚਾਰ-ਜੁਗਤ ਭਾਰਤੀ ਸੰਗੀਤ ਦੀਆਂ ਉਨ੍ਹਾਂ ਪਰਤਾਂ ਨੂੰ ਨਹੀਂ ਅਪਣਾਉਂਦੀ ਜੋ ਮਾਨਵ-ਮਨ ਵਿੱਚ ਚੰਚਲਤਾ ਪੈਦਾ ਕਰਕੇ ਉਸ ਨੂੰ ਪਰਮਾਰਥ ਦੇ ਮਾਰਗ 'ਤੇ ਤੁਰਨ ਸਮੇਂ ਵਿਘਨਕਾਰੀ ਬਣਦੀਆਂ ਹੋਣ। ਇਸ ਵਿੱਚ ਸੰਗੀਤ, ਕੇਵਲ ਕਲਾ ਪ੍ਰਦਰਸ਼ਨ ਜਾਂ ਮਨ-ਪ੍ਰਚਾਵਾ ਨਹੀਂ ਸਗੋਂ ਪ੍ਰਭੂ ਕੀਰਤੀ ਲਈ ਇਕ ਉਪਯੋਗੀ ਸਾਧਨ ਅਥਵਾ ਸੰਚਾਰ ਜੁਗਤ ਹੈ।

ਮੋਟੇ ਤੌਰ 'ਤੇ ਗੁਰਮਤਿ ਸੰਗੀਤ ਦੀ 9 ਅਨਮੋਲ ਰਤਨਾਂ ਵਾਲੀ ਇਸ ਸੰਚਾਰ ਜੁਗਤ ਦੀ ਵਿਸ਼ੇਸ਼ਤਾ ਤੇ ਵਿਲੱਖਣਤਾ ਇਸ ਪ੍ਰਕਾਰ ਆਂਕੀ ਜਾ ਸਕਦੀ ਹੈ ਜੋ ਭਗਤੀ ਸੰਗੀਤ ਲਈ ਵੱਡਮੁੱਲਾ ਯੋਗਦਾਨ ਹੈ:

1. ਗੁਰਮਤਿ ਸੰਗੀਤ ਦੀ ਇਸ ਸੰਚਾਰ ਜੁਗਤ ਦਾ ਸੰਬੰਧ ਕਿਸੇ ਵੀ ਸਥਾਪਿਤ ਸੰਗੀਤ-ਮਤ (ਸ਼ਿਵ ਮੱਤ, ਹਨੂਵੰਤ ਮੱਤ, ਭਾਰਤ ਮੱਤ ਅਤੇ ਕਾਲੀ ਨਾਥ ਅਥਵਾ ਕ੍ਰਿਸ਼ਨ ਮੱਤ) ਦਾ ਅਨੁਸਰਨ ਨਹੀਂ ਕਰਦਾ ਸਗੋਂ ਆਪਣੇ ਵਿਧੀ-ਵਿਧਾਨ ਅਨੁਸਾਰ ਗੁਰਮਤਿ ਸੰਗੀਤ ਦੇ ਰੂਪ ਵਿੱਚ ਇਕ ਸੁਤੰਤਰ ਵਿਧਾ ਵਜੋਂ ਪ੍ਰਚਲਿਤ ਤੇ ਸਥਾਪਤ ਹੁੰਦਾ ਹੈ।
2. ਇਸ ਸੰਚਾਰ ਜੁਗਤ ਦਾ ਆਰੰਭ ਸਿਰੀ ਰਾਗ ਨਾਲ ਅਤੇ ਅੰਤ ਜੈਜਾਵੰਤੀ ਰਾਗ ਨਾਲ ਹੁੰਦਾ ਹੈ ਜੋ ਅਗਿਆਨ (ਹਨੇਰੇ) ਤੋਂ ਗਿਆਨ ਮੰਡਲ (ਪ੍ਰਕਾਸ਼) ਦੀ ਯਾਤਰਾ ਕਰਦਾ ਤੇ ਕਰਾਉਂਦਾ ਹੈ।
3. ਗੁਰੂ ਨਾਨਕ ਦੇਵ ਜੀ ਨੇ ਜਿੱਥੇ ਸਭ ਤੋਂ ਵੱਧ ਬਾਣੀ ਰਾਗ ਆਸਾ ਅਤੇ ਰਾਮਕਲੀ ਰਾਗ ਵਿੱਚ ਉਚਾਰਨ ਕੀਤੀ ਉੱਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਰਾਗ ਸੋਰਠਿ (12) ਅਤੇ ਰਾਗ ਗਉੜੀ (9) ਵਿੱਚ।
4. ਇਸ ਸੰਚਾਰ-ਜੁਗਤ ਦੀ ਵਰਤੋਂ ਸਮੇਂ ਹਰੇਕ ਰਾਗ ਨੂੰ ਇਕ ਸਮਾਨ ਸਤਿਕਾਰ ਦਿੰਦਿਆਂ ਪ੍ਰਚਲਿਤ ਰਾਗ ਰਾਗਣੀ ਪੱਧਤੀ ਦੀ ਥਾਂ ਸਾਰਿਆਂ ਨੂੰ ਰਾਗ ਦੀ ਪਦਵੀ ਪ੍ਰਦਾਨ ਕੀਤੀ ਗਈ ਹੈ।
5. ਇਸ ਸੰਚਾਰ ਜੁਗਤ ਵਿੱਚ ਕਿਸੇ ਅਜਿਹੇ ਰਾਗ ਅਤੇ ਲੋਕ ਧੁਨ ਦੀ ਵਰਤੋਂ ਨਹੀਂ ਕੀਤੀ ਗਈ ਜੋ ਬਾਣੀ ਦੇ ਭਾਵ-ਪ੍ਰਕਾਸ਼ਨ ਦਾ ਕਾਰਜ ਕਰਨ ਦੀ ਥਾਂ ਜਗਿਆਸੂ ਦੀ ਚੇਤਨਾ ਨੂੰ ਸੁਮਾਰਗ ਦੀ ਥਾਂ ਕੁਮਾਰਗ ਵੱਲ ਲੈ ਜਾਣ ਦਾ ਕਾਰਜ ਕਰਨ ਵਾਲਾ ਬਣ ਸਕਦਾ ਹੋਵੇ।
6. ਇਸ ਸੰਚਾਰ-ਜੁਗਤ ਦਾ ਪ੍ਰਮੁੱਖ ਕਾਰਜ ਮਾਨਵ-ਚੇਤਨਾ ਵਿੱਚ ਨਿਰਗੁਣ ਨਿਰਾਕਾਰ ਪ੍ਰਭੂ ਨਾਲ ਇਕਸੁਰਤਾ ਪੈਦਾ ਕਰਨਾ ਹੈ।
7. ਇਸ ਸੰਚਾਰ ਜੁਗਤ ਵਿੱਚ ਸਲੋਕਾਂ ਨੂੰ ਛੱਡ ਕੇ ਹਰੇਕ ਸ਼ਬਦ ਵਿੱਚ ਰਹਾਉ ਦੀ ਵਰਤੋਂ ਹੋਈ ਹੈ। 'ਰਹਾਉ' ਤੋਂ ਭਾਵ ਆਧਾਰ ਜਾਂ ਟੇਕ ਹੁੰਦਾ ਹੈ। ਏਸੇ ਲਈ 'ਰਹਾਉ' ਵਾਲੀ ਤੁਕ ਨੂੰ ਹੀ ਸਥਾਈ ਵਜੋਂ ਵਰਤਣ ਦਾ ਵਿਧਾਨ ਪ੍ਰਚਲਿਤ ਹੈ।
8. ਸੰਬੰਧਿਤ ਰਾਗ, ਸ਼ਬਦ ਭਾਵ ਅਨੁਸਾਰ ਅਜਿਹਾ ਸੰਗੀਤਕ ਮਾਹੌਲ ਪੈਦਾ ਕਰਦੇ ਹਨ ਜੋ ਮਾਨਵ-ਚੇਤਨਾ ਵਿੱਚ ਸ਼ਬਦ ਭਾਵ ਨੂੰ ਦ੍ਰਿੜ ਕਰਨ ਵਿੱਚ ਸਹਾਇਤਾ ਕਰਨ।
9. ਇਹ ਇਕ ਅਟੱਲ ਸਚਾਈ ਹੈ ਕਿ ਹਰੇਕ ਰਾਗ ਦਾ ਆਪਣਾ ਸੁਭਾਅ ਅਤੇ ਸੰਗੀਤਕ ਪ੍ਰਭਾਵ ਹੁੰਦਾ ਹੈ। ਇਹੋ ਕਾਰਨ ਹੈ ਕਿ ਗੁਰਮਤਿ ਸੰਗੀਤ ਅਨੁਸਾਰ ਸ਼ਬਦ ਦਾ ਭਾਵ ਪ੍ਰਕਾਸ਼ਨ ਅਤੇ ਰਾਗ ਦਾ ਭਾਵ ਪ੍ਰਕਾਸ਼ਨ ਇਕੋ ਸੁਰਾਵਲੀਆਂ ਨਾਲ ਹੂ-ਬ-ਹੂ ਮੇਲ ਖਾਂਦਾ ਹੈ ਅਤੇ ਇਕ ਨਵਾਂ ਵਾਯੂਮੰਡਲ ਸਿਰਜਦਿਆਂ ਮਨੁੱਖੀ ਸੁਰਤ ਨੂੰ ਸੰਸਾਰੀ ਮਾਹੌਲ ਨਾਲੋਂ ਤੋੜ, ਨਿਰੰਕਾਰੀ ਮਾਹੌਲ ਨਾਲ ਜੋੜ ਦਿੰਦਾ ਹੈ।

ਉਪਰੋਕਤ ਤੱਥਾਂ ਦੇ ਸਨਮੁਖ ਗੁਰਮਤਿ ਸੰਗੀਤ,

ਭਾਰਤੀ ਸੰਗੀਤ ਦਾ ਅੰਗ ਹੁੰਦਿਆਂ ਹੋਇਆਂ ਆਪਣੇ ਵੱਖਰੇ ਵਿਲੱਖਣ ਸਰੂਪ ਕਾਰਨ, ਸੁਤੰਤਰ ਸੰਗੀਤ ਪੱਧਤੀ ਦਾ ਰੂਪ ਧਾਰਨ ਕਰ ਜਾਂਦਾ ਹੈ ਜਿਸ ਦਾ ਅਨੁਸਰਨ ਨੌਵੇਂ ਗੁਰੂ ਸਾਹਿਬ ਤਕ ਸਮਰੂਪ ਵਿੱਚ ਹੁੰਦਾ ਹੈ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਵੀ ਆਪਣੇ ਰਚੇ 59 ਸ਼ਬਦਾਂ ਦੇ ਸੰਚਾਰਨ ਲਈ ਏਸੇ ਜੁਗਤ ਦਾ ਅਨੁਸਰਣ ਕਰਦੇ ਹਨ। ਵਿਸ਼ੇਸ਼ਤਾ ਇਹ ਕਿ ਨੌਵੇਂ ਪਾਤਸ਼ਾਹ ਵੱਲੋਂ ਵਰਤੇ ਗਏ 17 ਰਾਗਾਂ ਦਾ ਅਧਿਐਨ ਕਰਨ 'ਤੇ ਪਤਾ ਚਲਦਾ ਹੈ ਕਿ ਉਨ੍ਹਾਂ ਦੀ ਰਾਗ-ਚੋਣ ਵਿੱਚ ਰਾਗ-ਰਾਗਣੀਆਂ ਤੋਂ ਇਲਾਵਾ ਭਾਰਤੀ ਸੰਗੀਤ ਸ਼ਾਸ਼ਤਰਾਂ ਅਨੁਸਾਰ ਉਨ੍ਹਾਂ ਦੇ ਪੁੱਤਰ ਤੇ ਨੂੰਹਾਂ ਦੀ ਵਰਤੋਂ ਵੀ ਕੀਤੀ ਗਈ ਹੈ ਜੋ ਨੌਵੇਂ ਗੁਰੂ ਸਾਹਿਬ ਜੀ ਦੇ ਸੰਗੀਤ-ਖੇਤਰ ਵਿੱਚ ਡੂੰਘੇ ਅਧਿਐਨ ਨੂੰ ਪੁਸ਼ਟ ਕਰਦੀ ਹੈ। ਸੰਗੀਤ ਸ਼ਾਸਤਰਾਂ ਅਨੁਸਾਰ ਇਹ ਵੇਰਵਾ ਇਸ ਪ੍ਰਕਾਰ ਹੈ:

| **ਲੜੀ ਨੰ. ਰਾਗਾਂ ਦਾ ਨਾਮ** | **ਰਾਗ/ਰਾਗਣੀ ਵੇਰਵਾ** | **ਸ਼ਬਦਾਂ ਦੀ ਗਿਣਤੀ** | **ਅੰਗ ਸ੍ਰੀ ਗੁ.ਗ੍ਰੰ.ਸਾ.** |
|---|---|---|---|
| 1. ਗਉੜੀ | ਸ੍ਰੀ ਰਾਗ ਦੀ ਰਾਗਣੀ ਹੈ | 9 | 219-20 |
| 2. ਆਸਾ | ਮੇਘ ਰਾਗ ਦੀ ਰਾਗਣੀ ਹੈ | 1 | 411 |
| 3. ਦੇਵਗੰਧਾਰੀ | ਮਾਲਕੌਂਸ ਦੀ ਰਾਗਣੀ ਹੈ | 3 | 536 |
| 4. ਬਿਹਾਗੜਾ | ਇਹ ਭਿੰਨ ਰਾਗ ਹੈ। | 1 | 537 |
| 5. ਸੋਰਠਿ | ਮੇਘ ਰਾਗ ਦੀ ਰਾਗਣੀ ਹੈ | 12 | 631-34 |
| 6. ਧਨਾਸਰੀ | ਮਾਲਕੌਂਸ ਦੀ ਰਾਗਣੀ ਹੈ | 4 | 684-85 |
| 7. ਜੈਤਸਰੀ | ਰਾਗਣੀ (ਭਿੰਨ) | 3 | 702-03 |
| 8. ਟੋਡੀ | ਦੀਪਕ ਰਾਗ ਦੀ ਰਾਗਣੀ ਹੈ | 1 | 718 |
| 9. ਤਿਲੰਗ ਕਾਫੀ | ਮਿਸ਼ਰਤ ਰਾਗਣੀ ਹੈ | | 1726 |
| 10. ਤਿਲੰਗ | ਹਿੰਡੋਲ ਰਾਗ ਦੀ ਰਾਗਣੀ ਹੈ | 2 | 727 |
| 11. ਬਿਲਾਵਲ | ਭੈਰਉ ਰਾਗ ਦਾ ਪੁੱਤਰ ਹੈ | 3 | 830-31 |
| 12. ਰਾਮਕਲੀ | ਭਿੰਨ ਰਾਗਣੀ ਹੈ | 3 | 901-02 |
| 13. ਮਾਰੂ | ਮਾਲਕੌਂਸ ਦਾ ਪੁੱਤਰ ਹੈ | 3 | 1008 |
| 14. ਬਸੰਤ ਹਿੰਡੋਲ | ਮਿਸ਼ਰਤ ਰਾਗ ਹੈ | 1 | 1186-87 |
| 15. ਬਸੰਤ | ਹਿੰਡੋਲ ਰਾਗ ਦਾ ਪੁੱਤਰ ਹੈ | 4 | 1186-87 |
| 16. ਸਾਰੰਗ | ਸ੍ਰੀਰਾਗ ਦਾ ਪੁੱਤਰ ਹੈ | 4 | 1231-32 |
| 17. ਜੈਜਾਵੰਤੀ | ਵੱਖਰੀ ਰਾਗਣੀ ਹੈ | 4 | 1352 |

ਨੌਵੇਂ ਗੁਰੂ ਸਾਹਿਬ ਵੱਲੋਂ ਆਪਣੀ ਬਾਣੀ ਰਚਨਾ ਲਈ ਉਪਰੋਕਤ ਰਾਗਾਂ ਦੀ ਸਮੇਂ ਅਨੁਸਾਰ ਕੀਤੀ ਚੋਣ ਵਿਸ਼ੇਸ਼ ਰੂਪ ਵਿੱਚ ਵਿਚਾਰਨਯੋਗ ਹੈ। ਮਸਲਨ ਉਹ (ੳ) ਪਹੁ-ਫੁਟਾਲੇ ਤੋਂ ਚਾਨਣ ਹੋਣ ਤੱਕ ਰਾਗ ਬਸੰਤ ਹਿੰਡੋਲ ਤੇ ਰਾਮਕਲੀ, (ਅ)-ਚਾਨਣ ਹੋਣ ਤੇ ਦਿਨ ਚੜ੍ਹਨ ਤੱਕ, ਰਾਗ ਆਸਾ ਤੇ ਬਿਲਾਵਲ (ੲ)-ਦਿਨ ਚੜ੍ਹਨ ਤੋਂ ਦੁਪਹਿਰ ਤੱਕ-ਰਾਗ ਦੇਵਗੰਧਾਰੀ ਤੇ ਟੋਡੀ, (ਸ)-ਦੁਪਹਿਰ ਤੋਂ ਤੀਜੇ ਪਹਿਰ ਤੱਕ– ਰਾਗ ਸਾਰੰਗ, (ਹ)-ਤੀਜੇ ਪਹਿਰ ਤੋਂ ਸ਼ਾਮ ਤੱਕ ਰਾਗ ਧਨਾਸਰੀ ਤੇ ਜੈਤਸਰੀ, (ਕ)- ਸ਼ਾਮ ਤੋਂ ਰਾਤ ਪੈਣ ਤੱਕ ਰਾਗ ਗਉੜੀ ਤੇ ਤਿਲੰਗ, (ਖ)-ਅੱਧੀ ਰਾਤ ਹੋਣ ਤੱਕ- ਰਾਗ ਸੋਰਠਿ ਤੇ ਜੈਜਾਵੰਤੀ, (ਗ)- ਅੱਧੀ ਰਾਤ ਤੋਂ ਪਹੁ ਫੁਟਾਲੇ ਤੱਕ- ਰਾਗ ਮਾਰੂ ਬਿਹਾਗੜਾ ਅਤੇ ਬਸੰਤ। ਨੌਵੇਂ ਗੁਰੂ ਸਾਹਿਬ ਨੇ ਇਹ ਸਮਾਂ- ਵੰਡ ਸ਼ਬਦ ਦੇ ਭਾਵ-ਸੰਚਾਰ ਅਤੇ ਰਾਗ ਦੇ ਭਾਵ-ਸੰਚਾਰ ਨੂੰ ਸਨਮੁਖ ਰੱਖ ਕੇ ਕੀਤੀ ਲਗਦੀ ਹੈ। ਕਿਉਂਕਿ ਗੁਰੂ ਸਾਹਿਬ ਦਾ ਆਪਣੀ ਬਾਣੀ ਦੇ ਸੰਚਾਰ ਲਈ ਸੰਗੀਤ ਦੀ ਸੰਚਾਰ-ਜੁਗਤ ਦੀ ਕੀਤੀ ਚੋਣ ਦਾ ਮੁੱਖ ਮੰਤਵ ਉਨ੍ਹਾਂ ਤੱਤਾਂ ਨੂੰ ਉਭਾਰਨਾ ਸੀ ਜੋ ਮਾਨਵ-ਚੇਤਨਾ ਨੂੰ ਟੁੰਬਦਿਆਂ ਸਫੂਰਤੀ ਤੇ ਵੈਰਾਗਮਈ ਕੋਮਲਤਾ ਪ੍ਰਦਾਨ ਕਰਨ ਦੇ ਸਮਰੱਥ ਹੋਣ ਤਾਂ ਜੋ ਮਨੁੱਖ ਆਪਣੇ ਜੀਵਨ ਨੂੰ ਸਦਉਪਜੋਗੀ ਬਣਾਉਣ ਲਈ ਜਾਗਰੂਕ ਹੋ ਸਕੇ। ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਦੇ ਸੰਗੀਤ ਵਿਧਾਨ ਵਿੱਚ ਕੁਝ ਨਿਵੇਕਲਾ ਤੇ ਵੱਖਰਾਪਣ ਵੀ ਨਜ਼ਰ ਆਉਂਦਾ ਹੈ।

1. ਸਲੋਕਾਂ ਨੂੰ ਛੱਡ ਕੇ, ਇਸ ਬਾਣੀ ਦੇ ਸਿਰਲੇਖਾਂ ਵਿੱਚ , ਰਾਗਾਂ ਦੇ ਨਾਉਂ ਤਾਂ ਦਿੱਤੇ ਗਏ ਹਨ, ਪਰ ਉਨ੍ਹਾਂ ਦੇ ਨਾਲ 'ਘਰ' ਦਾ ਨਿਰਦੇਸ਼ ਨਹੀਂ ਕੀਤਾ ਗਿਆ। ਇਸ ਦਾ ਸੰਭਵ ਕਾਰਨ ਹੈ ਕਿ ਦਸਮ ਗੁਰੂ ਜੀ ਨੇ ਜਿਸ ਸਮੇਂ ਨੌਵੇਂ ਗੁਰੂ ਜੀ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ

ਵਿੱਚ ਦਰਜ ਕੀਤੀ ਉਸ ਸਮੇਂ 'ਘਰ' ਦੀ ਵਰਤੋਂ ਬੰਦ ਹੋ ਗਈ ਹੋਵੇ ਕਿਉਂਕਿ ਦਸਮ ਗੁਰੂ ਜੀ ਦੀ ਬਾਣੀ ਵਿੱਚ 'ਘਰ' ਦੀ ਵਰਤੋਂ ਨਹੀਂ ਕੀਤੀ ਮਿਲਦੀ।

2. ਸ਼ਬਦਾਂ ਦੇ ਸਿਰਲੇਖਾਂ ਵਿੱਚ ਪਦਾਂ ਦੇ ਸਿਲਸਿਲੇ ਦਾ ਬੇਸ਼ੱਕ ਵਰਗੀਕਰਨ ਨਹੀਂ ਕੀਤਾ ਹੋਇਆ ਪਰ 38 ਸ਼ਬਦ ਦੁਖਦੇ, 17 ਤਿਪਦੇ ਅਤੇ 4 ਚਉਪਦੇ ਆਖੇ ਜਾ ਸਕਦੇ ਹਨ।

ਜੈਜਾਵੰਤੀ ਰਾਗ ਨੂੰ ਕੇਵਲ ਨੌਵੇਂ ਪਾਤਸ਼ਾਹ ਨੇ ਹੀ ਆਪਣੀ ਬਾਣੀ ਵਿੱਚ ਅੰਕਿਤ ਕੀਤਾ ਹੈ ਹੋਰ ਕਿਸੇ ਬਾਣੀਕਾਰ ਨੇ ਨਹੀਂ। ਇਹ ਖਮਾਜ ਥਾਟ ਦਾ ਸੰਪੂਰਨ ਰਾਗ ਹੈ। ਸ ਰਾਗ ਦੀ ਪ੍ਰਕਿਰਤੀ ਵਿਜੋਗ ਸਿੰਗਰਾ ਦੀ ਹੈ ਅਤੇ ਗੁਰੂ ਸਾਹਿਬ ਨੇ ਜੈਜਾਵੰਤੀ ਰਾਗ ਨੂੰ ਅੰਤ ਵਿੱਚ ਰੱਖ ਕੇ ਜੋ 4 ਸ਼ਬਦ ਉਚਾਰਨ ਕੀਤੇ ਹਨ, ਉਹਨਾਂ ਵਿੱਚ ਦੇਹ ਦੇ ਪਿਆਰ ਤੋਂ ਮੁਕਤੀ ਅਤੇ ਆਤਮਾ ਪਰਮਾਤਮਾ ਦੇ ਇਕਮਿਕਤਾ ਦੇ ਭਾਵ ਨੂੰ ਸ ਰਾਗ ਵਿੱਚ ਨਿਵੇਕਲੀ ਕਿਸਮ ਨਾਲ ਪੇਸ਼ ਕੀਤਾ ਹੈ।

ਮਾਨਵ ਚੇਤਨਾ ਵਿੱਚ ਗੁਰੂ ਤੇਗ਼ ਬਹਾਦਰ ਸਾਹਿਬ ਦੀ ਬਾਣੀ ਦੇ ਸੰਗੀਤ ਵਿਧਾਨ ਦਾ ਅਧਿਐਨ ਕਰਦੇ ਸਮੇਂ ਕੁਝ ਤਕਨੀਕੀ ਸਵਾਲ ਜ਼ਰੂਰ ਉੱਭਰਦੇ ਹਨ ਕਿ ਕੀ ਇਹਨਾਂ ਰਾਗਾਂ ਦੇ ਨਾਉਂ ਜੋ ਆਪ ਜੀ ਦੀ ਬਾਣੀ ਦੇ ਸਿਰਲੇਖਾਂ ਵਿੱਚ ਆਉਂਦੇ ਹਨ, ਉਨ੍ਹਾਂ ਨੂੰ ਆਪ ਕਦੇ ਗਾਉਂਦੇ ਭੀ ਸਨ? ਕੀ ਕਦੇ ਆਪ ਨੇ ਸੰਗੀਤ ਵਿੱਦਿਆ ਕਿਸੇ ਉਸਤਾਦ ਪਾਸੋਂ ਹਾਸਿਲ ਕੀਤੀ ਸੀ, ਜਾਂ ਆਪ ਦਾ ਇਸ ਵਿਸ਼ੇ ਦਾ ਗਿਆਨ ਰੱਬੀ ਬਖਸ਼ਿਸ਼ ਸੀ, ਜਾਂ ਫੇਰ ਦਰਬਾਰ ਦੀ ਹਜ਼ੂਰੀ ਵਿੱਚ ਕੀਰਤਨ ਦੀ ਚੌਂਕੀ ਕਰਨ ਸਮੇਂ ਰਾਗੀਆਂ-ਰਬਾਬੀਆਂ ਦਾ ਕੀਰਤਨ ਸੁਣ ਕੇ ਆਪ ਜੀ ਇਸ ਵਿਸ਼ੇ ਵਿੱਚ ਗਿਆਨਵਾਨ ਹੋਏ? ਇਸ ਦੇ ਨਾਲ ਹੀ ਇਹ ਸਵਾਲ ਉੱਠਣਾ ਵੀ ਸੁਭਾਵਿਕ ਹੈ ਕਿ ਜੇ ਆਪ ਦਾ ਸੰਗੀਤ ਗਿਆਨ ਨਿੱਜੀ ਬੋਧ ਸੀ ਤਾਂ ਆਪ ਦੇ ਇਸ ਸੰਗੀਤ ਦੀ ਗਾਇਨ ਸ਼ੈਲੀ ਕੀ ਸੀ? ਇਹਨਾਂ ਵਿਚੋਂ ਕੁਝ ਸਵਾਲ ਐਸੇ ਹਨ ਜਿਨ੍ਹਾਂ ਬਾਰੇ ਕੋਈ ਭਰੋਸੇਯੋਗ ਸਰੋਤ ਪ੍ਰਾਪਤ ਨਹੀਂ ਹੁੰਦਾ ਪਰ ਇੱਕ ਗੱਲ ਬਹੁਤ ਸਪੱਸ਼ਟ ਹੈ ਕਿ ਆਪ ਜੀ ਮੀਰੀ-ਪੀਰੀ ਦੇ ਮਾਲਕ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਾਹਿਬਜ਼ਾਦੇ ਸਨ ਜਿਸ ਕਰਕੇ ਇਹਨਾਂ ਦਾ ਪਾਲਣ-ਪੋਸ਼ਣ ਵਿਸ਼ੇਸ਼ ਰੂਪ ਵਿੱਚ ਹੋਇਆ। ਸਾਹਿਬਜ਼ਾਦਿਆਂ ਨੂੰ ਕਾਵਿ-ਕਲਾ, ਸ਼ਸਤਰ-ਕਲਾ ਅਤੇ ਸ਼ਾਸਤਰ ਗਿਆਨ ਦੇਣਾ ਆਦਿ ਦੇ ਕਈ ਪ੍ਰਮਾਣਿਕ ਪ੍ਰਮਾਣ ਪ੍ਰਾਪਤ ਹੋ ਜਾਂਦੇ ਹਨ। ਇਸ ਲਈ ਜ਼ਰੂਰੀ ਹੈ ਕਿ ਸੰਗੀਤ-ਸ਼ਾਸਤਰ ਦੀ ਸਿੱਖਿਆ ਵੀ ਆਪ ਜੀ ਨੂੰ ਬਚਪਨ ਤੋਂ ਹੀ ਦਿੱਤੀ ਗਈ ਹੋਵੇਗੀ। ਪ੍ਰਸਿੱਧ ਵਿਦਵਾਨ ਡਾ. ਗੁਰਚਰਨ ਸਿੰਘ ਮਹਿਤਾ ਨੇ ਤਾਂ ਰਬਾਬੀ ਭਾਈ ਬਾਬਕ ਨੂੰ ਅਤੇ ਢਾਡੀ ਬਾਈ ਨੱਥਾ ਤੇ ਅਬਦੁੱਲਾ ਨੂੰ ਆਪ ਜੀ ਨੂੰ ਸੰਗੀਤ ਵਿੱਦਿਆ ਦੇਣ ਵਾਲੇ ਮੰਨਿਆ ਹੈ। ਜਿੱਥੋਂ ਤੱਕ ਆਪ ਜੀ ਦੀ ਗਾਇਨ ਸ਼ੈਲੀ ਦਾ ਸੰਬੰਧ ਹੈ ਉਹ ਸਮਾਂ ਧਰੁਪਦ ਗਾਇਨ ਸ਼ੈਲੀ ਦੀ ਚੜ੍ਹਤ ਦਾ ਸੀ ਪਰ ਧਰੁਪਦ ਦੀ ਲੈ-ਕਾਰੀ ਸੰਗਤ ਵਿੱਚ ਨਿੱਭਣੀ ਆਸਾਨ ਨਹੀਂ ਸੀ ਜਿਸ ਤੋਂ ਇਹੋ ਪ੍ਰਤੀਤ ਹੁੰਦਾ ਹੈ ਕਿ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਤੋਂ ਚਲੀ ਆ ਰਹੀ ਸਰਲ ਰਬਾਬੀ ਪੱਧਤੀ ਦੀ ਗਾਇਨ ਸ਼ੈਲੀ ਹੀ ਆਪ ਜੀ ਦੀ ਗਾਇਕੀ ਦਾ ਮੁੱਖ ਅੰਗ ਸੀ।

ਇਸ ਤਰ੍ਹਾਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਦਾ ਸੰਗੀਤ ਵਿਧਾਨ ਗੁਰੂ ਨਾਨਕ ਸਾਹਿਬ ਜੀ ਦੀ ਆਰੰਭੀ ਗੁਰਮਤਿ ਸੰਗੀਤ ਪਰੰਪਰਾ ਦਾ ਹੀ ਅਨੁਸਰਣ ਕਰਦਾ ਹੈ। ਬੇਸ਼ੱਕ ਨੌਵੇਂ ਗੁਰੂ ਸਾਹਿਬ ਜੀ ਦੀ ਬਾਣੀ ਵੈਰਾਗਮਈ ਪ੍ਰਧਾਨ ਸੁਰ ਰੱਖਦੀ ਹੈ ਪਰ ਇਸ ਦਾ ਸੰਗੀਤ ਵਿਧਾਨ ਅਜਿਹੀਆਂ ਸੁਰਾਵਲੀਆਂ ਵਾਲਾ ਨਾਦ ਛੇੜਦਾ ਹੈ ਜੋ ਮਾਨਵ-ਜੀਵਨ ਨੂੰ ਸੁਚੇਤ ਕਰਦਿਆਂ ਉਸ ਦੇ ਪ੍ਰਾਪਤ ਅਨਮੋਲ ਮਨੁੱਖਾ ਜੀਵਨ ਨੂੰ ਸੱਚ-ਮਾਰਗ 'ਤੇ ਤੁਰਨ ਲਈ ਜਾਗਰੂਕ ਕਰਦਾ ਹੈ।

ਗੁਰੂ ਤੇਗ ਬਹਾਦਰ ਨਗਰ,
ਖ਼ਾਲਸਾ ਕਾਲਜ,
ਸ੍ਰੀ ਅੰਮ੍ਰਿਤਸਰ (ਪੰਜਾਬ)
98884-60180

**ਸਖਤ ਮਿਹਨਤ, ਇੱਛਾ ਸ਼ਕਤੀ ਅਤੇ ਸਮੱਰਪਣ, ਜਿਸ ਇਨਸਾਨ 'ਚ ਇਹ ਤਿੰਨ ਚੀਜਾਂ ਹਨ, ਉਹ ਜਮੀਨ ਤੋਂ ਉਠ ਕੇ ਅਸਮਾਨ ਛੋਹ ਸਕਦਾ ਹੈ। (ਮਿਲਖਾ ਸਿੰਘ)**

# ਮਾਨਵੀ ਅਨੁਭਵਾਂ ਦਾ ਸੰਵਾਦਕ ਕੈਨਵਸ ਸਿਰਜੀ ਸ਼ਾਇਰੀ: ਕਸ਼ੀਦ

ਅਰਵਿੰਦਰ ਕਾਕੜਾ (ਡਾ.)



ਨਰਿੰਦਰਪਾਲ ਕੌਰ ਕਾਵਿ ਖੇਤਰ ਦੇ ਵਿੱਚ ਬਹੁਤ ਛੇਤੀ ਆਪਣਾ ਮੁਕਾਮ ਹਾਸਲ ਕਰ ਰਹੀ ਉਹ ਕਵਿੱਤਰੀ ਹੈ ਜੋ ਜ਼ਿੰਦਗੀ ਦੀਆਂ ਰਮਜ਼ਾਂ ਨੂੰ ਗੰਭੀਰਤਾ ਨਾਲ ਵਾਚਦੀ ਤੇ ਕਾਵਿ ਸਿਰਜਣਾ ਕਰਦੀ ਹੈ। ਉਸ ਨੇ 'ਕੈਕਟਸ ਦੀ ਖੁਸ਼ਬੂ' ਪਹਿਲੀ ਕਾਵਿ ਪੁਸਤਕ ਲਿਖ ਕੇ ਸ਼ਾਇਰੀ ਵਿੱਚ ਆਪਣਾ ਸਿਰਨਾਵਾਂ ਦਰਜ਼ ਕਰਵਾਇਆ ਉਸ ਤੋਂ ਬਾਅਦ ਇਸ ਖੇਤਰ ਵਿੱਚ ਨਿੰਰਤਰ ਕਾਰਜ਼ਸ਼ੀਲ ਹੈ। ਉਹ ਇਸ ਸਮਾਜਿਕ ਪਰਿਵੇਸ਼ ਵਿੱਚ ਹਰ ਵਰਤਾਰੇ ਦੀ ਥਾਹ ਪਾਉਣ ਲਈ ਅਗਰਸਰ ਹੈ। ਏਹੀ ਕਾਰਨ ਹੈ ਉਹ ਕਾਵਿ ਸਿਰਜਨਾ ਕਰਦਿਆਂ ਵੀ ਆਪਣੇ ਵਿਚਾਰ 'ਤੇ ਪੂਰੀ ਤਰ੍ਹਾਂ ਸੱਪਸਟ ਹੁੰਦੀ ਹੈ। ਕਾਵਿ ਪੁਸਤਕ ਤੋਂ ਬਿਨਾਂ ਵੱਖ-ਵੱਖ ਰਸਾਲਿਆਂ, ਅਖ਼ਬਾਰਾਂ ਵਿੱਚ ਛਪੀਆਂ ਕਵਿਤਾਵਾਂ ਉਸ ਦੀ ਏਸੇ ਸੋਚ ਦੀ ਹਾਮੀ ਭਰਦੀਆਂ ਹਨ। ਕੈਕਟਸ ਦੀ ਖ਼ੁਸ਼ਬੋ ਮਾਣਦੀ ਉਹ ਜ਼ਿੰਦਗੀਦੀਆਂ ਤਲਖ਼ ਹਕੀਕਤਾਂ ਨਾਲ ਜੂਝਣਾ ਸਿੱਖਦੀ ਹੈ। ਉਸ ਦਾ ਪਹਿਲਾ ਕਾਵਿ ਸੰਗ੍ਰਹਿ ਏਸੇ ਗੱਲ ਦੀ ਸ਼ਾਹਦੀ ਭਰਦਾ ਹੈ। ਨਰਿੰਦਰ ਆਪਣੀ ਅਗਲੀ ਪੁਲਾਂਘ ਇਸ ਸਮਾਜਿਕ ਵਰਤਾਰੇ ਦੀਆਂ ਨੁੱਕਰਾਂ ਦੀ ਛਾਣਬੀਣ ਕਰਦਿਆਂ ਉਸ ਨੂੰ ਸੰਬੋਧਿਤ ਹੁੰਦੀ ਹੈ। ਉਸ ਦੀ ਨਵੀਂ ਕਾਵਿ ਪੁਸਤਕ 'ਕਸ਼ੀਦ' ਵਿੱਚੋਂ ਗੁਜ਼ਰਦਿਆਂ ਇਸ ਕਵਿਤਾ ਵਿਚਲੀ ਸੰਵਾਦਕ ਵਿਧੀ ਆਪਣੀ ਸਪੇਸ ਗ੍ਰਹਿਣ ਕਰ ਲੈਂਦੀ ਹੈ। ਇਸ ਵਿਚਲੀਆਂ ਸਮੁੱਚੀਆਂ ਕਵਿਤਾਵਾਂ ਯਥਾਰਥ ਦੀ ਫ਼ੋਟੋਗਰਾਫੀ ਹੀ ਨਹੀਂ ਕਰਦੀਆਂ ਤੇ ਨਾ ਹੀ ਤੁਕਬੰਦੀ ਸਾਬਤ ਹੁੰਦੀ ਹੈ। ਮੋਹਨਜੀਤ ਦਾ ਮੰਨਣਾ "ਨਰਿੰਦਰਪਾਲ ਨੇ ਉਸ ਜੀਵਨ ਨੂੰ ਰੂਹ ਨਾਲ ਚਿਤਰਿਆ ਹੈ, ਜਿਸ ਨਾਲ ਉਹਦਾ ਰੋਜ਼ ਦਾ ਵਾਸਤਾ ਹੈ।"[1]

ਇਸ ਕਵਿਤਾ ਦੇ ਸਰੋਕਾਰ ਸਮਾਜ ਵਿਚਲੀ ਅਸਾਵੀਂ ਵੰਡ, ਵਿਰਲੀਆਂ ਕਤਾਰਾਂ, ਅਣਗੌਲੇ ਪਾਤਰ ਤੇ ਮਾਨਵੀ ਸੰਤਾਪ ਹੰਢਾਉਂਦੇ ਮਨੁੱਖ ਨਾਲ ਜੁੜੇ ਹੋਏ ਹਨ। ਨਰਿੰਦਰ ਦੀ ਕਵਿਤਾ ਵਿਚਲਾ ਪਾਤਰ ਕਰੂਰ ਵਰਤਾਰੇ ਪ੍ਰਤੀ ਚਿਤਿੰਤ ਹੁੰਦਾ ਹੋਇਆ ਬਦਲਦੀ ਨਵੀਂ ਆਸ ਬੀਜਦਾ ਹੈ। ਜੇਕਰ ਅਜੋਕੀ ਕਵਿਤਾ ਦੇ ਸੰਦਰਭ ਦੇ ਵਿੱਚ ਨਰਿੰਦਰ ਦੀ ਕਵਿਤਾ ਨੂੰ ਵਾਚੀਏ ਤਾਂ ਉਹ ਇਕ ਨਾਰੀ ਕਵੀ ਹੈ ਜੋ ਨਾਰੀ ਦੇ ਰੁਦਨ, ਤ੍ਰਾਸਦੀ ਤੇ ਯਥਾਰਥ ਨੂੰ ਉਲੀਕਣ ਦੀ ਬਜਾਏ ਸਮੁੱਚੇ ਮਨੁੱਖ 'ਤੇ ਕੇਂਦਰਿਤ ਹੁੰਦੀ ਹੈ। ਇਸ ਸੰਗ੍ਰਹਿ ਦੀਆਂ ਕਵਿਤਾਵਾਂ 'ਕੁੜੀਆਂ', 'ਤਲਾਕ', 'ਪਤੰਗ', 'ਜੰਡ' ਆਦਿ ਦੀ ਸੁਰ ਨੂੰ ਪਹਿਚਾਣੀਏ ਤਾਂ ਇਨ੍ਹਾਂ ਵਿਚਲੀ ਨਾਰੀ ਪਾਤਰ ਵਿਚਾਰੀ/ਲਾਚਾਰ ਬਣਨ ਦਾ ਇਜ਼ਹਾਰ ਨਹੀਂ ਕਰਦੀ ਬਲਕਿ ਆਪਣੀ ਵਿਰੋਧੀ ਪ੍ਰਸਥਿਤੀਆਂ ਨਾਲ ਦਸਤਪੰਜਾ ਲੈਣ ਲਈ ਤੱਤਪਰ ਰਹਿੰਦੀ ਹੈ। ਕਵਿਤਾ ਵਿਚਲੀ ਜਾਗਰੂਕ ਨਾਰੀ ਸਮਾਜਿਕ ਪ੍ਰਬੰਧ ਨਾਲ ਸੰਵਾਦ ਰਚਾਉਂਦੀ ਹੋਈ ਕਈ ਤਰ੍ਹਾਂ ਦੇ ਸਵਾਲ ਖੜ੍ਹੇ ਕਰਦੀ ਹੈ। ਉਹ ਪਿੱਤਰਕੀ ਪ੍ਰਬੰਧ ਦੀਆਂ ਵਲਗਣਾਂ, ਜਕੜਾਂ 'ਤੇ ਪਾਬੰਦੀਆਂ ਚੰਗੀ ਤਰ੍ਹਾਂ ਜਾਣਦੀ ਹੈ। ਕਵਿਤਾ ਵਿਚਲਾ ਮੁਹੱਬਤੀ ਪਾਸਾਰ ਔਰਤ ਵਿਰੋਧੀ ਮਾਨਸਿਕਤਾ ਨੂੰ ਦ੍ਰਿਸ਼ਟਮਾਨ ਕਰਦਾ ਹੋਇਆ ਨਾਰੀ ਵਿਰੋਧੀ ਬਿੰਬਾਂ ਨੂੰ ਨਵੇਂ ਸਿਰਿਓਂ ਰੂਪਾਂਤਰਿਤ ਕਰਦਾ ਹੈ 'ਜੰਡ' ਕਵਿਤਾ ਵਿੱਚ ਕਵੀਜੰਡ ਦੇ ਪ੍ਰਚੱਲਤ ਸਥੂਲ ਅਰਥ ਨੂੰ ਸੂਖਮ ਬਣਾਉਂਦੀ ਘਟਨਾ ਦਾ ਦ੍ਰਿਸ਼ਟਾਂਤ ਪੇਸ਼ ਕਰਦੀ ਹੈ। ਨਾਰੀ ਕਵੀ ਨੇ ਇਸ ਕਵਿਤਾ ਦੇ ਵਿਚ ਇੱਕ ਪਾਸੜ ਨਾ ਹੋ ਕੇ ਸੰਤੁਲਿਤ ਦ੍ਰਿਸ਼ਟੀ ਨਾਲ ਰਿਸ਼ਤਿਆਂ ਦੇ ਨਿਭਾਓ ਨੂੰ ਰੂਪਮਾਨ ਕੀਤਾ ਤੇ ਸਾਹਿਬਾਂ 'ਤੇ ਲੱਗੇ ਬੇਵਫ਼ਾਈ ਦੇ ਦੋਸ਼ ਦਾ ਖੰਡਨ ਕਰਦੀ ਹੈ। ਮਰਦਾਵੀਂ ਲਿੰਗਿਕ ਰਾਜਨੀਤੀ ਔਰਤ ਦੀ ਜ਼ਿਹਨੀਅਤ ਨੂੰ ਕਿਵੇਂ ਗ਼ੁਲਾਮ ਬਣਾਉਂਦੀ ਹੈ ਇਸ ਬਾਰੇ ਨਾਰੀ ਕਵੀ ਪੂਰੀ ਸੁਚੇਤ ਹੈ। ਇਸ ਕਵਿਤਾ ਦੀ ਖ਼ੂਬੀ ਇਹ ਵੀ ਉੱਭਰਦੀ ਹੈ ਕਿ ਇਸ ਵਿਚਲੀ ਨਾਰੀ ਚੁੱਪ ਨਹੀਂ ਬਲਕਿ ਉਹ ਵਿਪਰੀਤ ਸਥਿਤੀਆਂ ਦੇ ਸਨਮੁਖ ਹੁੰਦੀ ਹੈ। ਉਹ ਜਾਣਦੀ ਹੈ ਕਿ ਔਰਤ 'ਤੇ ਪੈਤਰਿਕ ਮੁੱਲਾਂ ਨੂੰ ਥੋਪਣ ਦਾ ਵਾਹਕ ਔਰਤ ਕਿਵੇਂ ਬਣਾਈ ਜਾਂਦੀ ਹੈ। ਇਸੇ ਪ੍ਰਸੰਗ ਦੇ ਵਿਚ 'ਪਤੰਗ' ਕਵਿਤਾ ਵੇਖੀ ਜਾ ਸਕਦੀ ਹੈ। ਔਰਤ ਨੂੰ ਗੁਲਾਮ ਬਣਾਉਣ ਲਈ ਪਰਿਵਾਰ, ਵਿਆਹ ਤੇ

ਘਰ ਵਰਗੀਆਂ ਸੰਸਥਾਵਾਂ ਕਿਸ ਤਰ੍ਹਾਂ ਕਾਰਜ ਕਰਦੀਆਂ ਹਨ ਪਰ ਇੱਕ ਚੇਤੰਨ ਔਰਤ ਇਸ ਧੌਂਸਵਾਦੀ ਪ੍ਰਵਿਰਤੀ ਦਾ ਮੁਕਾਬਲਾ ਕਰਨ ਲਈ ਕਿਵੇਂ ਅੱਗੇ ਆਉਂਦੀ ਹੈ। ਉਹ ਰਿਸ਼ਤਿਆਂ ਦੀ ਲਾਚਾਰਤਾ ਤੋਂ ਮੁਕਤ ਹੋਣਾ ਚਾਹੁੰਦੀ ਹੈ 'ਤਲਾਕ' ਕਵਿਤਾ ਏਸੇ ਚੇਤਨਮਈ ਸੁਰ ਨੂੰ ਉਭਾਰਦੀ ਹੈ। ਨਰਿੰਦਰ ਦੀ ਮਨਪਸੰਦ ਬਿਆਨੀਆ ਯੁਗਤ ਉਸ ਦੇ ਕਾਵਿ ਬੋਧ ਨੂੰ ਹੋਰ ਵੀ ਕੰਕਰੀਟ ਬਣਾਉਂਦੀ ਹੈ। ਉਸ ਕੋਲ ਕਾਵਿ ਨੂੰ ਸ਼ਿੰਗਾਰਨ ਦੀ ਮੁਹਾਰਤ ਹੈ। ਉਹ ਕੰਮਕਾਰ ਕਰਦੀ ਕਿਸੇ ਵੀ ਮੂਡ ਜਾਂ ਸਥਿਤੀ ਵਿੱਚ ਹੋਵੇ ਕਵਿਤਾ ਨੂੰ ਆਪਣੇ ਕੋਲ ਖਿੱਚ ਲੈਂਦੀ ਹੈ ਉਸ ਨਾਲ ਗੱਲਾਂ ਕਰਦੀ ਹੈ। ਇਸ ਤਰ੍ਹਾਂ ਸ਼ਿੰਗਾਰਦੀ ਹੈ ਕਿ ਕਾਵਿ ਵਿਚਲਾ ਪਾਤਰ ਉਸ ਦੇ ਸਾਹਮਣੇ ਬੈਠਾ ਹੈ ਜਾਂ ਉਹ ਕਾਵਿ ਪਾਤਰ ਦੇ ਸਾਹਮਣੇ ਹੁੰਦੀ ਹੈ। 'ਨੁਸਰਤ', 'ਮਾਰਫਤ', 'ਰਾਣੋ' ਆਦਿ ਕਵਿਤਾਵਾਂ ਦੇ ਵਿਚ ਉਹ ਨੁਸਰਤ, ਜਗਜੀਤ ਸਿੰਘ, ਸ਼ਬਾਨਾ, ਗੁਲਜ਼ਾਰ, ਪਾਲ ਕੌਰ ਤੇ ਰਾਣੋ ਆਦਿ ਦੇ ਚਿੱਤਰ ਵਾਹੁੰਦੀ, ਗੱਲਾਂ ਕਰਦੀ ਤੇ ਨਰੋਈ ਮਹਿਫ਼ਿਲ ਰਚਾ ਲੈਂਦੀ। ਸਿਮਰਤੀਆਂ 'ਚੋਂ ਰੋਸ਼ਨੀ ਦੀਆਂ ਲੀਕਾਂ ਪੱਲੇ ਬੰਨ੍ਹ ਕੇ ਉਹ ਵਿਅਕਤੀ ਦੇ ਬਿੰਬ ਨੂੰ ਜੀਵੰਤ ਰੱਖਣ ਦਾ ਹੁਨਰ ਜਾਣਦੀ ਹੈ। ਉਹ ਮਨੁੱਖ ਦੀ ਕਾਰਜਤਾ ਨੂੰ ਚਿੰਨ੍ਹਤ ਕਰਦੀ ਕੰਮ ਕਰਦਿਆਂ ਵੀ ਨਿਵੇਕਲੀ ਧੁਨੀ ਦਾ ਨਿਰਮਾਣ ਕਰ ਰਹੀ ਹੁੰਦੀ।

'ਨੁਸਰਤ ਗਾ ਰਿਹਾ
ਭਰ ਰਹੀਆਂ ਨੇ
ਪੈਰਾਂ ਦੀਆਂ ਬਿਆਈਆਂ
ਪੈਰਾਂ ਨੇ
ਪਹਿਨ ਲਈ ਤਾਲ
ਛਣਕ ਰਹੇ
ਮਨ ਘੁੰਗਰੂ
ਫੁੱਟ ਰਹੀਆਂ ਨੇ ਕਰੂੰਬਲਾਂ
ਕੋਇਲ ਕੂਕ ਰਹੀ
ਅੰਬੀਆਂ ਨੂੰ ਪੈਰਿਹਾ ਬੂਰ
ਫੈਲ ਰਿਹਾ ਨੂਰ
ਨੁਸਰਤ ਗਾ ਰਿਹਾ
ਝੜ ਲੈਣ ਦਿਓ
ਖੜਸੁੱਕ ਦਰੱਖਤ ਦੇ
ਭੁਰ-ਭੁਰੇ ਪੱਤੇ।'[2]

ਅਤੀਤ ਵਰਤਮਾਨੀ ਦਹਿਲੀਜ਼ 'ਤੇ ਮਨੁੱਖੀ ਸ਼ਖਸੀਅਤ ਅਤੇ ਪ੍ਰਕਿਰਤੀ ਵਿੱਚੋਂ ਜ਼ਿੰਦਗੀ ਦੀ ਗਤੀਸ਼ੀਲਤਾ ਦੇ ਵਿਭਿੰਨ ਅੰਸ਼ਾਂ ਦੀ ਤਲਾਸ਼ ਕਰਦਿਆਂ ਨਰਿੰਦਰ ਨੇ ਸਮੇਂ ਦਾ ਮਾਨਵੀਕਰਨ ਕੀਤਾ ਹੈ। ਦੇਵਨੀਤ 1,2,3 ਅਜਿਹੀਆਂ ਕਵਿਤਾਵਾਂ ਹਨ ਜਿਸ ਵਿਚ ਇਕ ਬਿਰਤਾਂਤ ਵਿੱਚੋਂ ਕਈ ਬਿਰਤਾਂਤ ਨਿਕਲਦੇ ਹਨ। ਦੇਵਨੀਤ ਦੇ ਕਰਮ ਚਿੱਤਰ ਨੂੰ ਕਾਵਿ ਚਿੱਤਰ ਵਿੱਚ ਢਾਲਦੀ ਇਹ ਕਵਿਤਾ ਦੇਵਨੀਤ ਨਾਲ ਲੁੱਕਣ ਮੀਚੀ ਖੇਡਦੀ, ਬ੍ਰਹਿਮੰਡ ਵਿੱਚ ਫੈਲਦੀ ਤੇ ਕੁਦਰਤ ਨੂੰ ਸ਼ਬਦ ਧੁਨੀ ਵਿੱਚ ਪਰਵਰਤਿਤ ਕਰਦੀ ਹੈ। ਨਰਿੰਦਰ ਕਿਰਤ ਸ਼ਕਤੀ ਦੀ ਅਹਿਮੀਅਤ ਪਹਿਚਾਣਦੀ ਹੈ ਇਸੇ ਲਈ ਪੈਦਾਵਾਰੀ ਸਾਧਨਾਂ ਤੋਂ ਵਿਹੂਣੇ ਲੋਕਾਂ ਦੀ ਹੁੰਦੀ ਲੁੱਟ ਉਸ ਨੂੰ ਅੰਦਰੋਂ ਪਰੇਸ਼ਾਨ ਕਰਦੀ ਹੈ। ਛੋਟਾ ਕਿਸਾਨ ਜਾਂ ਬੇਜ਼ਮੀਨੇ ਕਿਸਾਨ ਜਦ ਖੇਤ ਮਜ਼ਦੂਰ ਦੀ ਥਾਂ ਰੋਜ਼ੀ ਰੋਟੀ ਲਈ ਲੇਬਰ ਚੌਂਕ 'ਤੇ ਖੜਦਾ ਹੈ ਤਾਂ ਉਸ ਅੰਦਰ ਕੀ ਕੁਝ ਮਰ ਰਿਹਾ ਹੁੰਦਾ ਹੈ ਅਜਿਹੇ ਅਹਿਸਾਸ ਦੀ ਗਹਿਰਾਈ 'ਬਾਪੂ' ਕਵਿਤਾ ਵਿੱਚੋਂ ਵੇਖੀ ਜਾ ਸਕਦੀ ਹੈ। ਇਹ ਬਾਪੂ ਸਿਰਫ਼ ਇੱਕ ਵਿਅਕਤੀ ਹੀ ਨਹੀਂ ਬਲਕਿ ਪੰਜਾਬ ਦੀ ਕਿਸਾਨੀ ਦੇ ਸੰਕਟ ਦਾ ਬਿੰਬ ਬਣਦਾ ਹੈ:-

'ਬਾਪੂ
ਸ਼ਹਿਰ ਦੇ ਲੇਬਰ ਚੌਂਕ 'ਚ ਜਾਂਦਾ
ਸਾਈਕਲ ਦੇਪੈਡਲ ਮਾਰਦਾ
ਹਫ਼ ਜਾਂਦਾ
ਟਰੈਕਟਰ ਦੀਆਂ
ਕਿਸ਼ਤਾਂ ਤਾਰਦਿਆਂ
ਟਰੈਕਟਰ ਵੀ ਵਿਕ ਗਿਆ
ਤੇ ਭੋਇੰ ਦਾ ਆਖ਼ਰੀ ਸਿਆੜ ਵੀ
ਬਾਪੂ ਦੀਆਂ ਅੱਖਾਂ 'ਚ ਨਮੀ ਹੈ
ਉਹ ਖਾਲੀ ਹੱਥ ਪਰਤਦਾ
ਆਪਣੀ ਨਿਗੂਣੀ ਕੀਮਤ ਵਸੂਲ ਕੇ
ਬਾਪੂ ਨੂੰ

ਕੁਦਰਤ ਭੁੱਲ ਹੀ ਗਈ
ਇਸ ਵਾਰ
ਫ਼ਸਲ ਘਰ ਲੈ ਆਈ
ਬਾਪੂ ਮੰਡੀ 'ਚੋਂ
ਕਣਕ ਦੀ ਬੋਰੀ ਖਰੀਦ
ਆਖਦਾ ਹੈ
ਪੁੱਤ
ਸੇਰ ਖੰਡ ਕੱਢ ਲੈ ਪਹਿਲਾਂ
ਛੱਤ 'ਤੇ
ਜਨੌਰਾਂ ਨੂੰ ਪਾਉਣ ਲਈ।'[3]

ਹਰੀ ਕ੍ਰਾਂਤੀ ਦੇ ਸਾਮਰਾਜੀ ਮਾਡਲ ਨੇ ਕਿਸ ਤਰ੍ਹਾਂ ਪੇਂਡੂ ਅਰਥਚਾਰੇ ਨੂੰ ਬਰਬਾਦ ਕੀਤਾ। ਇਸ ਨੇ ਕਿਸਾਨੀ ਦੀਆਂ ਬਹੁ ਪਰਤਾਂ ਨੂੰ ਸਾਹਮਣੇ ਲਿਆਂਦਾ। ਇਕ ਪਾਸੇ ਧਨੀ ਕਿਸਾਨੀ ਵਰਗ ਪੈਦਾ ਹੋਇਆ। ਖੇਤੀ ਉਤਪਾਦ ਦੇ ਵਧਣ ਦਾ ਅਨੁਪਾਤ ਖੇਤੀ ਦੀ ਲਾਗਤ ਨਾਲੋਂ ਘੱਟ ਰਿਹਾ। ਇਸਦਾ ਪ੍ਰਭਾਵ ਹੌਲੀ-ਹੌਲੀ ਸਾਫ ਨਜ਼ਰ ਆਉਣ ਲੱਗਾ। ਦਰਮਿਆਨੀ ਕਿਸਾਨੀ, ਛੋਟੀ ਕਿਸਾਨੀ ਵਿੱਚ ਬਦਲ ਗਈ ਤੇ ਛੋਟਾ ਕਿਸਾਨ ਬੇਜ਼ਮੀਨਾ ਖੇਤ ਮਜ਼ਦੂਰ ਬਣ ਗਿਆ। ਇਸ ਦਾ ਸਿੱਟਾ ਭਿਅੰਕਰ ਨਿਕਲਿਆ। ਕਰਜ਼ਦਾਰੀ ਤੇ ਖੁਦਕੁਸ਼ੀ ਕਿਸ ਤਰ੍ਹਾਂ ਪੰਜਾਬ ਵਿੱਚ ਲਗਾਤਾਰ ਵਧ ਰਹੀ ਹੈ। ਪੇਂਡੂ ਆਰਥਿਕਤਾ ਦੇ ਵਿਚ ਆਏ ਨਿਘਾਰ ਬਾਰੇ ਫ਼ਿਕਰਮੰਦੀ ਜ਼ਾਹਰ ਕਰਦੀ ਇਹ ਕਵਿਤਾ ਖੇਤਾਂ ਦੇ ਸੁਪਨਿਆਂ ਨੂੰ ਬਰਕਰਾਰ ਰੱਖਣ ਲਈ ਸੁਆਲ ਕਰਦੀ ਹੈ।

'ਬੀਜੇ ਬੀਜ
ਉੱਗਣਗੇ ਸੁਪਨੇ
ਝੂਮਣਗੇ ਚਾਅ
ਖਿੜ੍ਹਨਗੇਹਾਸੇ

ਖ਼ੁਦਕੁਸ਼ੀ ?
ਖ਼ੁਦਕੁਸ਼ੀ??
ਕਿੱਥੋਂ ਉੱਗ ਆਈ ਖੁਦਕੁਸ਼ੀ ???

ਸੁਪਨੇ ਬੀਜਣ ਵਾਲੇ
ਮਰਦੇ ਨਹੀਂ ਹੁੰਦੇ
ਕਾਮਾ ਭੋਇੰ ਨੂੰ
ਕੀ ਜਵਾਬ ਦੇਵੇਗਾ ....?'[4]

ਨਰਿੰਦਰ ਇਸ ਅਸਾਵੇਂ ਵਿਕਾਸ ਵਾਲੇ ਸਮਾਜ ਦੇ ਪ੍ਰਬੰਧ ਤੋਂ ਜਾਣੂ ਹੈ ਇਸ ਲੋਕ ਵਿਰੋਧੀ ਵਰਤਾਰੇ ਨੂੰ ਸੱਭਿਆਚਾਰਕ ਪਰਿਪੇਖ ਵਿਚ ਰੱਖ ਕੇ ਵਾਚਦੀ ਹੈ। ਇਸ ਕਵਿਤਾ ਵਿੱਚ ਇਤਿਹਾਸ ਤੇ ਮਿਥਿਹਾਸ ਦੇ ਪਾਤਰ ਅਤੇ ਘਟਨਾਵਾਂ ਸਿੱਧੇ ਜਾਂ ਅਸਿੱਧੇ ਰੂਪ ਵਿੱਚ ਕਾਵਿ ਅੰਦਰ ਦਾਖ਼ਲ ਹੁੰਦੇ ਹਨ। ਇਸ ਕਵਿਤਾ ਦੀ ਇਹ ਖ਼ੂਬੀ ਉੱਭਰਦੀ ਹੈ ਕਿ ਇਹ ਰਵਾਇਤੀ ਅਰਥਾਂ ਨੂੰ ਨਵਿਆਉਂਦੀ ਹੋਈ ਸਮੇਂ, ਸਥਿਤੀ ਤੇ ਕਾਰਨ ਦਾ ਅੰਤਰ ਸਬੰਧ ਜੋੜਦੀ ਹੈ। ਕਵਿਤਾ 'ਦਰੋਣਾਚਾਰੀਆ' ਤੇ 'ਸਪੇਰਾ', 'ਹਮਲਾ', 'ਕਹਿ ਨਹੀਂ ਹੁੰਦਾ' ਦੇ ਅਰਥਾਂ ਦਾ ਰਾਜਸੀ ਪ੍ਰਸੰਗ ਮੌਜੂਦਾ ਕੇਂਦਰ ਦੀ ਸੱਤਾਰੂੜ ਜਮਾਤ 'ਤੇ ਢੁੱਕਦਾ ਹੈ। ਨਾਰੀ ਕਵੀ ਬਹੁਤ ਸਾਰੇ ਸਵਾਲ ਖੜੇ ਕਰਦੀ ਹੋਈ ਇਸ ਅੰਧੇਰਗਰਦੀ ਵਿੱਚ ਮਨੁੱਖ ਨੂੰ ਸੁਚੇਤ ਵੀ ਕਰਦੀ ਹੈ। ਸੱਤਾਧਾਰੀ ਜਮਾਤ ਦੀਆਂ ਅਨੇਕਾਂ ਅਣਛੁਪੀਆਂ ਚਾਲਾਂ ਬਾਰੇ ਸੰਕੇਤਆਤਮਕ ਇਸ਼ਾਰਾ ਕਰਦੀ ਹੈ ਜਿਸ ਵਿਚ ਡੂੰਘੇ ਅਰਥ ਸਮਾਏ ਹੋਏ ਹਨ।

'ਦਰੋਣਾਚਾਰੀਆ ਆਉਂਦਾ
ਸਾਡੇ ਸਾਰਿਆਂ ਦੇ ਅੰਗੂਠੇ
ਥੱਲੇ 'ਚ
ਲੈ ਜਾਂਦਾ
ਉਹ ਸਾਡੇ
ਸਾਰੇ ਤੀਰ-ਕਮਾਨ
ਸਣੇ ਤਰਕਸ਼
ਹਸਤਨਾਪੁਰ ਦੇ
ਰਾਜ ਸਿੰਘਾਸਨ 'ਤੇਧਰ ਆਉਂਦਾ
ਸਾਵਧਾਨ।'[5]

ਨਰਿੰਦਰ ਦੀ ਕਵਿਤਾ ਦੀ ਖ਼ੂਬਸੂਰਤੀ ਇਹ ਹੈ ਕਿ ਉਹ ਵਰਤਾਰੇ ਦੇ ਬਹੁ ਪੱਖਾਂ ਤੋਂ ਵਾਚਦੀ ਹੋਈ ਅਤੀਤ ਤੇ ਵਰਤਮਾਨ ਨੂੰ ਸਮਾਨਅੰਤਰ ਤੋਰਦੀ ਹੈ। ਉਸ ਨੂੰ ਹਰ ਮਾਨਵ ਵਿਰੋਧੀ ਸਥਿਤੀ ਝੰਜੋੜਦੀ ਹੈ। ਕਥਨਾ ਅੰਦਰ ਇਸ ਨੂੰ ਉਹ ਪਛਾਣਦੀ ਹੋਈ ਨਾਰੀ ਕਵੀ ਸੰਵੇਦਨਸ਼ੀਲਤਾ ਦਾ

ਇਜ਼ਹਾਰ ਕਰਦੀ ਹੈ। ਜਿਵੇਂ 'ਗੰਢ', 'ਆਸਿਫ਼ਾ', 'ਕਿਚਨ ਗਾਰਡਨ-2', ਪ੍ਰਸਿੰਨੀ ਆਦਿ ਕਵਿਤਾਵਾਂ ਵਿੱਚ ਘਟਨਾਕ੍ਰਮ ਦੇ ਕਾਰਜਸ਼ੀਲ ਤੱਤਾਂ ਨੂੰ ਵੀ ਚਿਤਰਿਆ ਗਿਆ ਹੈ ਜੋ ਸਮੇਂ ਦੇ ਕੁਹਜ਼ ਨੂੰ ਅਭਿਵਿਅਕਤ ਕਰਦਾ ਜਿਸ ਵਿੱਚ ਦੇਸ਼ ਦੀ ਵੰਡ ਦੀ ਤ੍ਰਾਸਦੀ, ਪਰਵਾਸੀ ਮਜ਼ਦੂਰਾਂ ਦੀ ਦਸ਼ਾ, ਕਸ਼ਮੀਰੀ ਬੱਚਿਆਂ ਦੀ ਦਾਸਤਾ ਤੇ ਆਸਿਫ਼ਾ ਵਰਗੀਆਂ ਮਾਸੂਮ ਬੱਚੀਆਂ ਨਾਲ ਵਾਪਰੇ ਹਾਦਸਿਆਂ ਦਾ ਵੀ ਜ਼ਿਕਰ ਹੈ। ਪ੍ਰਸਿੰਨੀ ਦਾ ਕਦੇ ਵੀ ਪ੍ਰਸੰਨ ਨਾ ਹੋਣ ਦੀ ਦਸ਼ਾ ਤੇ ਦੀਪੋ ਦਾ ਚੁੱਲ੍ਹੇ ਬਾਲਣ ਲਈ ਫ਼ਿਕਰ ਰਾਜਸੀ ਪ੍ਰਬੰਧ ਦੀਆਂ ਲੁਕਵੀਆਂ ਪਰਤਾਂ ਵੱਲ ਇਸ਼ਾਰਾ ਕਰਦਾ ਹੈ।

'ਦੀਪੋ
ਸੀਖਾਂ ਦੀ ਡੱਬੀ
ਆਟੇ ਦੇ ਧੁਰ ਅੰਦਰ
ਦੱਬ ਦਿੰਦੀ
ਤੇ ਸੋਚਦੀ
ਜਦੋਂ ਚੁੱਲਾ ਬਾਲ਼ਣਾ
ਤਾਂ ਸਲ੍ਹਾਬ ਹੀ ਜਾਂਦੀ
ਸੀਖਾਂ ਦੀ ਡੱਬੀ
ਪਤਾ ਨਹੀਂ ਕਿਉਂ
ਜਦੋਂ ਬਸਤੀ ਜਲਾਉਣੀ ਹੁੰਦੀ
ਤਾਂ ਮੀਂਹ 'ਚ ਪਈ -ਪਈ
ਇੱਕ ਸੀਖ ਵੀ ਸੁਲਗ ਪੈਂਦੀ
ਚੁੱਲ੍ਹੇ ਬਾਲਣ ਲਈ
ਦੀਪੋ ਦਾ ਫ਼ਿਕਰ
ਡੱਬੀ ਨੂੰ ਬੋਚ ਬੋਚ ਸੰਭਾਲਦਾ।'[6]

'ਰੇਲਵੇ ਟਰੈਕ', 'ਖੂਹ ਦੀ ਮੌਣ 'ਤੇ', 'ਫਿਰਨੀ' ਕਵਿਤਾਵਾਂ ਵਿਚਲੇ ਸ਼ਬਦ ਅਰਥ ਸਮਾਜਿਕ ਸੰਰਚਨਾਵਾਂ ਦੀਆਂ ਬਹੁ ਪਰਤਾਂ ਨਾਲ ਸੰਵਾਦ ਰਚਾਉਂਦੇ ਹਨ। ਉੱਥੇ ਅਰਥਾਂ ਵਿੱਚੋਂ ਅਰਥ ਸਿਰਜਦੀ ਇਹ ਕਵਿਤਾ ਸ਼ਬਦਾਂ ਦੇ ਮਾਅਨਿਆਂ ਅੰਦਰਲੇ ਭਾਵਾਂ ਨੂੰ ਵੀ ਸੁਹਿਰਦਤਾ ਨਾਲ ਪੇਸ਼ ਕਰਦੀ ਹੈ। ਚਿੜੀ ਦਾ ਚਹਿਕਣਾ ਤੇ ਸੂਰਜ ਦਾ ਚਮਕਣਾ ਦੋਹਾਂ ਵਿਚਲਾ ਅੰਤਰ ਸੰਬੰਧ ਜ਼ਿੰਦਗੀ ਨੂੰ ਵਿਕਸਤ ਪੜਾਅ ਵੱਲ ਤੋਰਦਾ ਹੈ। ਇਨ੍ਹਾਂ ਕਵਿਤਾਵਾਂ ਨੂੰ ਪੜ੍ਹਦਿਆਂ ਛੋਟੇ ਛੋਟੇ ਭਾਵਾਂ ਅੰਦਰ ਪਏ ਗਹਿਰੇ ਅਰਥ ਜੀਵਨ ਵਿਸ਼ਾਲਤਾ ਦੀ ਝਲਕ ਪੇਸ਼ ਕਰਦੇ ਹਨ 'ਮਿਲਣ', 'ਗੁਲਾਬ', 'ਮਾਲੀ', 'ਮੰਡੀ', 'ਆਤਿਮ ਹਿੱਤ', 'ਰਾਂਝਾ', 'ਆਜੜੀ' ਕਵਿਤਾਵਾਂ ਖਾਸ ਧਿਆਨ ਮੰਗਦੀਆਂ ਹਨ। 'ਤੁਰਲਾ' ਕਵਿਤਾ ਵਿਚ ਮੇਲੋ ਦੇ ਬਾਪੂ ਦਾ ਪਾਤਰ ਵਿਅਕਤੀ ਨਾ ਰਹਿ ਕੇ ਉਸ ਵਰਗ ਵਿਚ ਸ਼ਾਮਲ ਹੁੰਦਾ ਹੈ ਜੋ ਸਮਾਜਿਕ ਪ੍ਰਤਿਮਾਨਾਂ ਦੇ ਚੱਕਰਵਿਊ ਵਿੱਚ ਫਸ ਕੇ ਨਾ ਚਾਹੁੰਦੇ ਹੋਏ ਵੀ ਸੂਖਮ ਅਹਿਸਾਸਾਂ ਨੂੰ ਪੈਸਿਵ ਕਰ ਦਿੰਦਾ ਹੈ। ਅਜਿਹੇ ਪਾਤਰਾਂ ਦੇ ਅੰਦਰਲੇ ਦਵੰਦ ਨੂੰ ਪਕੜਨ ਦੇ ਵਿੱਚ ਨਾਰੀ ਕਵੀ ਕਾਮਯਾਬ ਹੁੰਦੀ ਹੈ। ਉਹ ਧਰਤ ਦੀ ਗੱਲ ਕਰਦੀ ਲੋਕ ਚੇਤਿਆਂ ਦਾ ਹਿੱਸਾ ਬਣੇ ਨਾਇਕਾਂ/ਦਿਨਾਂ ਨੂੰ ਸਮਕਾਲ ਦੇ ਸਨਮੁੱਖ ਰੱਖ ਕੇ ਚਿੰਤਨ ਕਰਨ ਦਾ ਵਲ਼ ਜਾਣਦੀ ਹੈ। 'ਕਿਤਾਬਾਂ-2', '15 ਅਗਸਤ', '23 ਮਾਰਚ' ਕਵਿਤਾਵਾਂ ਇਤਿਹਾਸ ਬੋਧ ਦਾ ਸਮਕਾਲੀ ਚਿਤਰਨ ਕਰਦੀਆਂ ਗਹਿਰਾ ਸੰਵਾਦ ਰਚਾਉਂਦੀਆਂ ਹਨ। ਸਮਾਜ ਵਿੱਚਲੀ ਕਾਣੀ ਵੰਡ ਨੂੰ ਦਰਸਾਉਂਦੀ ਇਹ ਕਲਾਸਿਕ ਕਵਿਤਾ ਧਿਆਨ ਮੰਗਦੀ ਹੈ।

'ਅਧਿਆਪਕ ਪੁੱਛਦਾ ਹੈ
15 ਅਗਸਤ ਨੂੰ ਕੀ ਹੋਇਆ?
ਬੱਚਾ ਬੋਲਦਾ ਹੈ
ਮੇਰੀ ਮਾਂ ਦਾ ਬਣਾਇਆ ਇੱਕ ਵੀ
ਤਿਰੰਗਾ ਨਹੀਂ ਵਿਕਿਆ
ਆਜ਼ਾਦੀ ਦੇ ਜਸ਼ਨ 'ਚ
ਬਾਪੂ ਖਾਲੀ ਹੱਥ ਪਰਤਿਆ
ਅਸੀਂ ਭੁੱਖੇ ਸੁੱਤੇ।'[7]

ਇਸ ਪੁਸਤਕ ਦੀਆਂ ਸਮੁੱਚੀਆਂ ਕਵਿਤਾਵਾਂ ਵਿਚਲਾ ਮਾਨਵੀਕਰਨ ਮਕਾਨਕੀ ਰੂਪ ਦੇ ਵਿੱਚ ਪੇਸ਼ ਹੋਣ ਦੀ ਥਾਂ ਸਮੁੱਚੇ ਵਰਤਾਰੇ ਨੂੰ ਸਹਿਜ ਰੂਪ ਵਿਚ ਲੈ ਕੇ ਆਉਂਦਾ ਹੈ। ਕਵਿਤਾ ਵਿਚਲਾ ਕੰਟੈਂਟ ਪੱਖ ਪਾਠਕਾਂ ਨੂੰ ਆਪਣੇ ਵੱਲ ਖਿੱਚਦਾ ਉੱਥੇ ਨਰਿੰਦਰ ਕਵੀ ਪਾਤਰਾਂ ਨੂੰ ਨਾਲ ਇੰਪੈਥੀ ਤੇ ਸਿੰਪੈਥੀ ਰੱਖਦੀ ਹੋਈ ਜ਼ਿੰਦਗੀ ਦੀ ਕਸਮਕਸ਼ ਵਿੱਚੋਂ ਗੁਜ਼ਰ ਕੇ ਸਿਧਾਰਥ ਬਣਨ ਦਾ ਰਾਹ ਦੱਸਦੀ ਹੈ। ਨਾਰੀ ਕਵੀ ਕੋਲ ਮਹਿਜ਼ ਅਸੀਮ ਅਨੁਭਵ ਹੀ ਨਹੀਂ ਸਗੋਂ ਅਨੁਭਵਾਂ ਦਾ ਸੰਵੇਦਨਮਈ ਪ੍ਰਗਟਾਵਾ ਵੀ ਹੈ ਜੋ ਕਾਵਿ ਵਸਤੂ ਤੇ ਕਾਵਿ ਵਿਧੀ ਵਿੱਚਲੀ ਸੁਮੇਲਤਾ ਕਾਇਮ ਰੱਖਦਾ ਹੈ। ਨਰਿੰਦਰ ਦੀ

ਕਵਿਤਾ ਨੇ ਸਮਾਜਿਕ ਤਬਦੀਲੀ ਦਾ ਰਾਹ ਅਜੇ ਨਿਰਧਾਰਣ ਕਰਨਾ ਹੈ ਪਰ ਇਸ ਕਵਿਤਾ ਵਿੱਚਲੀ ਨਾਟਕੀਅਤਾ ਆਪਣੇ ਹੀ ਵੇਗ ਵਿਚ ਪਾਠਕਾਂ ਨਾਲ ਗਹਿਰੀ ਸਾਂਝ ਪਾਉਂਦੀ ਹੈ। ਇਹ ਕਵਿਤਾ ਨਵੀਂ ਆਸ ਬੀਜਦੀ ਹੋਈ ਨਿਰਾਸ਼ਮਈ ਚੁੱਪ ਨੂੰ ਤੋੜਦੀ ਹੈ।

'ਸੋਹਣੇ ਵਿਚਾਰ
ਅਜੇ ਰੋਸ਼ਨ ਸਫ਼ਰ 'ਤੇ ਹਨ
ਉਹਨਾਂ ਦੇ ਹੱਥਾਂ 'ਚ ਫੜੀਆਂ ਤਲਵਾਰਾਂ
ਹਵਾ 'ਚ ਘੁੰਮ ਰਹੀਆਂ ਨੇ
ਉਹਨਾਂ ਦੇ ਹੱਥ ਟੁੰਡ ਹੋ ਰਹੇ ਨੇ
ਤਲਵਾਰਾਂ ਡਿੱਗ ਰਹੀਆਂ ਨੇ
ਅਸੀਂ ਮੁੜ ਉਠ ਖੜੇ ਹਾਂ
ਲੜ ਮਰਨ ਲਈ
ਜਿਉਣ ਲਈ।'[8]

ਕਵਿਤਾ ਵਿਚਲੇ ਮੈਟਾਫ਼ਰ ਕਾਵਿ ਸ਼ਿਲਪਕਾਰੀ ਨੂੰ ਹੋਰ ਨਿਖਾਰਦੇ ਹਨ। ਸੁਹਿਰਦਤਾ, ਸੂਖਮਤਾ, ਸਹਿਜਤਾ ਨਾਲ ਵਕਤ ਦੀ ਤਾਸੀਰ ਨੂੰ ਵਾਂਚਣਾ ਤੇ ਚਿੰਤਨ ਕਰਨਾ ਹੀ ਇਸ ਪੁਸਤਕ ਦਾ ਹਾਸਲ ਹੈ। ਕਵੀ ਨਰਿੰਦਰ ਪਾਲ ਕੌਰ ਦਾ ਸੁਆਗਤ ਕਰਦਿਆਂ ਭਵਿੱਖ ਵਿੱਚ ਮਾਨਵੀਂ ਅੰਸਾਂ ਨੂੰ ਹੋਰ ਵਿਸਥਾਰਿਤ ਦੀ ਉਮੀਦ ਹੈ।

**ਹਵਾਲੇ ਤੇ ਟਿੱਪਣੀਆਂ**


1- ਮੋਹਨਜੀਤ, ਵਿਰਲਾਂ ਤੋਂ ਪਰ੍ਹੇ, ਕਸ਼ੀਦ, ਪੰਨਾ 11
2- ਨਰਿੰਦਰ ਪਾਲ ਕੌਰ, ਕਸ਼ੀਦ, ਪੰਨਾ 37
3- ਉਹੀ, ਪੰਨਾ 27-28
4- ਉਹੀ, ਪੰਨਾ 84
5- ਉਹੀ, ਪੰਨਾ 72
6- ਉਹੀ, ਪੰਨਾ 33
7- ਉਹੀ, ਪੰਨਾ 92
8- ਉਹੀ, ਪੰਨਾ 71



ਅਸਿਸਟੈਂਟ ਪ੍ਰੋਫੈਸਰ
ਪਬਲਿਕ ਕਾਲਜ, ਸਮਾਣਾ
ਪਟਿਆਲਾ (ਪੰਜਾਬ)
94636-15536




## ਗਜ਼ਲ

ਗੁਰਬਾਜ ਸਿੰਘ

ਦੀਵੇ ਦਿਲਾਂ 'ਚ ਮੁਹੱਬਤਾਂ ਦੇ, ਬਾਲ ਰੱਖਿਓ।
ਆਪਣਾ ਤੇ ਆਪਣਿਆਂ ਦਾ, ਖ਼ਿਆਲ ਰੱਖਿਓ।

ਟੁੱਟ ਜਾਵੇ ਹਵਾ 'ਚ, ਉਡਾਰੀ ਮਾਰ ਜਾਂਦੀ।
ਸਦਾ ਰਿਸ਼ਤਿਆਂ ਦੀ ਡੋਰੀ ਨੂੰ, ਸੰਭਾਲ ਰੱਖਿਓ।

ਇੱਕ ਦੂਜੇ ਬਿਨਾਂ, ਸਰ ਜਾਂਦਾ ਸਭ ਦਾ।
ਵਹਿਮ ਨਾ ਮਨਾ ਦੇ ਵਿੱਚ, ਪਾਲ ਰੱਖਿਓ।

ਕਲਯੁੱਗ ਭਾਵੇਂ, ਚੱਲ ਰਿਹਾ ਜ਼ੋਰਾਂ-ਸ਼ੋਰਾਂ 'ਤੇ।
ਚਿੱਟਾ ਖ਼ੂਨ ਦਾ ਨਾ ਰੰਗ ਹੋਵੇ, ਲਾਲ ਰੱਖਿਓ।

ਕੀ ਪਤਾ ਕਦੋਂ ਤੁਰ ਜਾਣਾ, ਭਰੇ ਮੇਲੇ ਵਿੱਚੋਂ।
ਸਦਾ ਵੰਡਦੇ ਰਹੋ ਹਾਸੇ, ਨਾ ਮਲਾਲ ਰੱਖਿਓ।

ਵਿੱਛੜ ਕੇ ਡਾਰੋਂ ਕੂੰਝਾ ਵਾਂਗ, ਨੇ ਸਬੱਬੀ ਮੇਲੇ।
ਹਰ ਰੂਹ ਨੂੰ ਬਾਂਗੋਂ ਬਾਗ਼, ਤੇ ਨਿਹਾਲ ਰੱਖਿਓ।

ਧਰਮ ਦਾ ਕੰਮ ਹੋਵੇ, ਕਰ ਲਓ ਬੇਸ਼ੱਕ ਅੱਜ।
ਹੋਵੇ ਬਦੀ ਵਾਲਾ ਕੰਮ, ਸਦਾ ਟਾਲ ਰੱਖਿਓ।

ਧਰਮ ਦਾ ਕੰਮ ਹੋਵੇ, ਕਰ ਲਓ ਬੇਸ਼ੱਕ ਅੱਜ।
ਹੋਵੇ ਬਦੀ ਵਾਲਾ ਕੰਮ, ਸਦਾ ਟਾਲ ਰੱਖਿਓ।


ਸਿਰਸਾ। (ਹਰਿਆਣਾ)-125055
74948-87787

# ਅਰਬ ਤੇ ਹੋਰ ਇਸਲਾਮਿਕ ਦੇਸ਼ਾਂ ਦੀ ਨਾਟ-ਪਰੰਪਰਾ

ਸੋਨੂੰ ਰਾਣੀ



ਪ੍ਰਾਚੀਨ ਕਾਲ ਵਿੱਚ ਅਰਬ ਦੇਸ਼ਾਂ ਵਿੱਚ ਵਿਕਸਿਤ ਵਿਸ਼ਿਸ਼ਟ ਨਾਟਕ-ਕਲਾ ਦੀ ਅਣਹੋਂਦ ਕਾਰਨ ਬਹੁਤੇ ਵਿਦਵਾਨਾਂ ਵੱਲੋਂ ਇਹ ਮੰਨ ਲਿਆ ਗਿਆ ਹੈ ਕਿ ਅਰਬ ਤੇ ਬਾਕੀ ਮੁਸਲਿਮ ਦੇਸ਼ਾਂ ਵਿੱਚ ਨਾਟਕ ਕਲਾ ਵਿਕਸਿਤ ਨਹੀਂ ਹੋਈ। ਵਿਕਸਿਤ ਵਿਸ਼ਿਸ਼ਟ ਨਾਟਕ-ਕਲਾ ਦੀ ਅਣਹੋਂਦ ਦਾ ਕਾਰਨ ਇਹ ਮੰਨਿਆ ਜਾਂਦਾ ਹੈ ਕਿ ਇਸਲਾਮ ਵਿੱਚ ਨਾਟਕ ਕਲਾ ਜਾਂ ਨਕਲ ਕਰਨਾ 'ਅੱਲਾ ਦੀ ਨਕਲ' ਕਰਨਾ ਹੈ ਤੇ 'ਅੱਲਾ ਦੀ ਨਕਲ' ਕਰਨਾ ਕੁਫ਼ਰ ਹੈ। ਪਰ ਇਸ ਵਿਚਾਰ ਦੇ ਸਮਾਂਤਰ ਵੀਹਵੀਂ ਸਦੀ ਵਿੱਚ ਇੱਕ ਹੋਰ ਵਿਚਾਰ ਜ਼ੋਰ ਫੜਨ ਲੱਗਿਆ ਕਿ ਅਰਬ ਦੇਸ਼ਾਂ ਵਿੱਚ ਨਾਟਕ-ਕਲਾ ਵਰਗੀ ਕੋਈ ਕਲਾ ਦੇ ਰੂਪ ਮਿਲਦੇ ਹਨ। ਇਹਨਾਂ ਦੋਹਾਂ ਵਿਚਾਰਾਂ ਨੂੰ ਸਾਹਮਣੇ ਰੱਖਦੇ ਹੋਏ ਅਰਬ ਦੇਸ਼ਾਂ ਤੇ ਬਾਕੀ ਮੁਸਲਿਮ ਦੇਸ਼ਾਂ ਦੀ ਨਾਟ-ਪਰੰਪਰਾ ਬਾਰੇ ਅਧਿਐਨ ਕਰਨਾ ਲਾਜ਼ਮੀ ਹੈ ਕਿਉਂਕਿ ਸੰਸਾਰ ਵਿੱਚ ਮੁੱਢਲੇ ਮਨੁੱਖ ਨੇ ਆਪਣੀ ਰੋਜ਼ਮਰ੍ਹਾ ਦੀ ਜ਼ਿੰਦਗੀ ਦੀਆਂ ਜ਼ਰੂਰਤਾਂ ਦੀ ਪੂਰਤੀ ਲਈ ਕਲਾ ਦਾ ਵਿਕਾਸ ਕੀਤਾ ਜੋ ਕਿ ਚਿੱਤਰਕਾਰੀ ਤੇ ਨਕਲ ਦੇ ਰੂਪ ਵਿੱਚ ਸੀ। ਇਹਨਾਂ ਕਲਾਵਾਂ ਦਾ ਜਨਮ ਸਿਰਫ਼ ਸੁਹਜ ਲਈ ਨਹੀਂ ਹੋਇਆ ਸੀ ਸਗੋਂ ਮਨੁੱਖ ਦੀਆਂ ਜ਼ਰੂਰਤਾਂ ਵਿੱਚੋਂ ਹੋਇਆ ਸੀ। ਸੋ ਇੱਥੇ ਇਹ ਦੇਖਣਾ ਦਿਲਚਸਪ ਹੋਵੇਗਾ ਕਿ ਮਨੁੱਖ ਦੇ ਵਿਕਾਸ ਦੇ ਦੌਰਾਨ ਅਰਬ ਦੇਸ਼ਾਂ ਦੇ ਵਸਨੀਕ ਨਾਟਕ-ਕਲਾ ਨੂੰ ਕਿਸ ਰੂਪ ਵਿੱਚ ਮਾਣ ਰਹੇ ਸਨ ਤੇ ਇਸ ਦੀ ਵਰਤੋਂ ਕਰ ਰਹੇ ਸਨ। ਭਾਵੇਂ ਵਿਦਵਾਨਾਂ ਵੱਲੋਂ ਅਰਬ (ਮੁਸਲਿਮ ਦੇਸ਼ਾਂ) ਦੀ ਅਵਿਕਸਿਤ ਨਾਟ-ਪਰੰਪਰਾ ਦੇ ਪਿੱਛੇ ਇਸਲਾਮੀ ਸਿਧਾਂਤਾਂ ਨੂੰ ਕਾਰਨ ਵਜੋਂ ਪੇਸ਼ ਕੀਤਾ ਜਾਂਦਾ ਹੈ। ਪਰ "ਕੁਰਾਨ ਤੇ ਹਜ਼ਰਤ ਮੁਹੰਮਦ ਦੋਵੇਂ ਹੀ ਰੰਗਮੰਚ ਕਲਾ ਬਾਰੇ ਚੁੱਪ ਹਨ। ਉਹਨਾਂ ਇਸ ਬਾਰੇ ਕੋਈ ਪਾਬੰਦੀ ਦਾ ਜ਼ਿਕਰ ਨਹੀਂ ਕੀਤਾ।"[1] ਇਸ ਲਈ ਨਾਟਕ-ਕਲਾ 'ਤੇ ਧਾਰਮਿਕ ਪਾਬੰਦੀ ਦਾ ਹਵਾਲਾ ਇੰਨਾ ਤਰਕਯੋਗ ਨਹੀਂ ਰਹਿੰਦਾ। ਇੱਥੇ ਇਹ ਵੀ ਜ਼ਿਕਰ ਯੋਗ ਹੈ ਕਿ ਵਿਕਸਿਤ ਨਾਟਕ-ਕਲਾ ਤੋਂ ਪਹਿਲਾਂ ਹਰ ਸਭਿਅਤਾ ਵਿੱਚ ਲੋਕ-ਨਾਟਕ ਤਾਂ ਜ਼ਰੂਰ ਕਿਸੇ ਨਾ ਕਿਸੇ ਰੂਪ ਵਿੱਚ ਰਿਹਾ ਹੈ ਤੇ ਲੋਕ-ਨਾਟਕ ਧਾਰਮਿਕ ਰਸਮਾਂ, ਇਤਿਹਾਸਕ, ਮਿਥਿਹਾਸਕ ਕਹਾਣੀਆਂ ਤੇ ਲੋਕ ਕਹਾਣੀਆਂ ਨਾਲ ਜੁੜੇ ਹੁੰਦੇ ਹਨ। ਲੋਕ-ਕਹਾਣੀਆਂ ਨੂੰ ਪ੍ਰਗਟਾਉਣ ਲਈ ਨਾਟ ਅੰਸ਼ਾਂ ਵਾਲੇ ਰੂਪ ਪੁਤਲੀ-ਨਾਟ, ਕਹਾਣੀਆਂ ਸੁਣਾਉਣਾ, ਨਕਲ ਕਰਨਾ, ਝਾਕੀਆਂ ਕੱਢਣਾ ਤੇ ਸਵਾਂਗ ਕਰਨਾ ਆਦਿ ਹਨ। ਇਸ ਪੱਖ ਤੋਂ ਦੇਖਿਆਂ ਅਰਬ ਵਿੱਚ ਵੀ ਲੋਕ-ਨਾਟਕ ਦਾ ਕੋਈ ਨਾ ਕੋਈ ਰੂਪ ਮੌਜੂਦ ਹੋਵੇਗਾ। ਅੱਗੇ ਅਰਬ ਦੇ ਪ੍ਰਾਪਤ ਤੇ ਪ੍ਰਚਲਿਤ ਨਾਟ ਰੂਪਾਂ ਦੇ ਹਵਾਲੇ ਨਾਲ ਅਰਬ ਨਾਟ-ਪਰੰਪਰਾ ਨੂੰ ਦੇਖਦੇ ਹਾਂ।

ਅਰਬ ਨਾਟ-ਪਰੰਪਰਾ ਬਾਰੇ ਵਿਦਵਾਨਾਂ ਦੇ ਦੋਨਾਂ ਮਤਾਂ ਨੂੰ ਸਨਮੁੱਖ ਰੱਖਦੇ ਹੋਏ ਅਰਬ ਦੀ ਨਾਟ-ਪਰੰਪਰਾ ਬਾਰੇ ਜਾਣਨ ਸਮਝਣ ਦੀ ਕੋਸ਼ਿਸ਼ ਕਰਾਂਗੇ। ਪਹਿਲੇ ਮਤ ਅਨੁਸਾਰ ਅਰਬ ਵਿੱਚ ਨਾਟਕ-ਕਲਾ ਦੀ ਅਣਹੋਂਦ ਹੈ ਜਿਸ ਵਿੱਚ ਮਿਸਰ ਦੇ ਆਲੋਚਕ ਮਹਿਮੂਦ ਤੈਮੂਰ, ਕਰਟ ਪਰੂਫ਼ਰ ਤੇ ਲੰਡਾਊਜ਼ ਦਾ ਨਾਮ ਜ਼ਿਕਰ ਯੋਗ ਹੈ। ਇਹਨਾਂ ਅਨੁਸਾਰ ਅਰਬ ਵਿੱਚ ਥੀਏਟਰ ਦਾ ਉਦਭਵ ਉਨੀਵੀਂ ਸਦੀ ਵਿੱਚ ਜਾ ਕੇ ਹੋਇਆ। ਦੂਜੇ ਮੱਤ ਦੇ ਵਿਦਵਾਨਾਂ ਅਨੁਸਾਰ ਅਰਬ ਵਿੱਚ ਵਿਧੀਵਤ ਥੀਏਟਰ ਦੀ ਭਾਵੇਂ ਅਣਹੋਂਦ ਰਹੀ ਪਰ ਫਿਰ ਵੀ ਅਰਬ ਵਿੱਚ ਰੰਗਮੰਚ ਹੋਣ ਦੇ ਪ੍ਰਮਾਣ ਮਿਲਦੇ ਹਨ। ਅਸੀਂ ਪਹਿਲੇ ਮਤ ਦੇ ਨਾਲ ਦੂਜੇ ਮਤ ਨੂੰ ਸਾਹਮਣੇ ਰੱਖਦੇ ਹੋਏ ਅਰਬ ਦੇਸ਼ ਦੇ ਨਾਟਕ ਤੇ ਰੰਗਮੰਚ ਬਾਰੇ ਜਾਣਨ ਦੀ ਕੋਸ਼ਿਸ਼ ਕਰਦੇ ਹਾਂ।

ਡਾ. ਮਹਿਬੂਰ ਰਹਿਮਾਨ ਆਪਣੇ ਲੇਖ 'Drama in Arabic literature: A Brief study from historical perspective' ਵਿੱਚ ਲਿਖਦੇ ਹਨ ਕਿ "ਅਬਾਸਿਦ ਕਾਲ ਵਿੱਚ ਅਣਘੜੇ ਰੂਪ ਵਿੱਚ ਨਾਟਕੀ ਤੱਤਾਂ ਨੂੰ ਦੇਖਿਆ ਜਾ ਸਕਦਾ ਹੈ। ਅਸੀਂ ਕਲੀਲਾ ਵਾ ਦਿਮਨਾਹ, ਅਲਫ਼ ਲੈਲਾ ਵਾ ਲੈਲਾ, ਅੰਤਰ ਤੇ ਰਿਸਾਲਤ ਅਲ-ਗੁਫਰਾਨ ਦੇ ਰੁਮਾਂਸ

ਆਦਿ ਦੀ ਉਦਾਹਰਣ ਦੇ ਸਕਦੇ ਹਾਂ। ਦਰਅਸਲ ਪੂਰਵ-ਆਧੁਨਿਕ ਅਰਬ ਸਾਹਿਤ ਪਰੰਪਰਾ ਵਿੱਚ ਨਾਟਕੀ ਤੱਤ ਤੇ ਕੁਝ ਨਾਟਕੀ ਰੂਪ ਕਾਰਜਸ਼ੀਲ ਸਨ। ਯੂਸਫ਼ ਇਦਰੀਸ਼ ਦੀ ਟਿੱਪਣੀ ਅਨੁਸਾਰ ਅਰਬ ਵਿੱਚ ਦੋ ਪ੍ਰਕਾਰ ਦੀਆਂ ਨਾਟਕੀ ਸ਼ੈਲੀਆਂ ਮਿਲਦੀਆਂ ਹਨ। ਉਹ ਹਨ- ਤਾਜ਼ੀਆ (ਪੈਸ਼ਨ ਪਲੇ) ਅਤੇ ਦੂਜਾ 'ਖ਼ਿਆਲ-ਅਲ-ਜ਼ਿਲ'। ਬਕਰ ਅਲੀ ਸ਼ੈਦੀ ਆਪਣੀ ਪੀਐੱਚ.ਡੀ. ਦੀ ਡਿਗਰੀ ਲਈ ਪ੍ਰਸਤਾਵਿਤ ਖੋਜ-ਪ੍ਰਬੰਧ ਵਿੱਚ ਅਰਬ ਦੀ ਨਾਟਕ ਕਲਾ ਦੀ ਹੋਂਦ ਦਾ ਪ੍ਰਮਾਣ ਪੇਸ਼ ਕਰਦਾ ਹੈ। ਮਿਸਰ ਦਾ ਵਿਦਵਾਨ ਅਲ ਖ਼ੋਜ਼ਾਈ ਵੀ ਅਰਬ ਵਿੱਚ ਨਾਟਕ ਕਲਾ ਦੀ ਹੋਂਦ ਨੂੰ ਸਵੀਕਾਰ ਕਰਦਾ ਹੈ। ਇਹਨਾਂ ਵਿਦਵਾਨਾਂ ਦੇ ਹਵਾਲੇ ਅਨੁਸਾਰ ਅਰਬ ਵਿੱਚ ਮੁੱਢਲੇ ਨਾਟਕ ਦੇ ਦੋ ਨਾਟਕੀ ਰੂਪ 'ਖ਼ਿਆਲ ਅਲ-ਜ਼ਿਲ' ਤੇ 'ਤਾਜ਼ੀਆ' ਸਵੀਕਾਰ ਕੀਤੇ ਜਾਂਦੇ ਹਨ ਪਰ ਅਰਬ ਨਾਟ-ਪਰੰਪਰਾ ਦੀ ਹੋਂਦ ਦੇ ਸਮਰਥੱਕ ਇਹ ਵਿਦਵਾਨ ਤੇ ਆਲੋਚਕ ਨਾਲ ਹੀ ਇਹ ਵੀ ਸਵੀਕਾਰ ਕਰਦੇ ਹਨ ਕਿ ਇਹਨਾਂ ਤੋਂ ਨਾਟਕ ਦਾ ਵਿਸ਼ਿਸ਼ਟ ਰੂਪ ਵਿਕਸਿਤ ਨਾ ਹੋ ਸਕਿਆ।

ਸੀਰੀਆ ਦੇ ਨਾਟਕਕਾਰ 'ਅਲੀ ਉਕਲਾਹ ਅਰਸਾਨ' ਨੇ ਵੀ ਆਪਣੀ ਪੁਸਤਕ 'ਅਲ ਜ਼ਵਾਹੇਰ ਅਲ ਮਸਰਾਹੀਆ ਇੰਦ ਅਲ ਅਰਬ' ਵਿੱਚ ਅਰਬ ਨਾਟਕ-ਕਲਾ ਦੀ ਹੋਂਦ ਬਾਰੇ ਵਿਸਥਾਰ ਵਿੱਚ ਦੱਸਿਆ ਹੈ। ਅਰਸਾਨ ਅਨੁਸਾਰ ਮਿਸਰ, ਭਾਰਤ, ਜਪਾਨ ਤੇ ਚੀਨ ਵਾਂਗ ਅਰਬ ਵਿੱਚ ਵੀ ਨਾਟਕ-ਕਲਾ ਦੀ ਹੋਂਦ ਰਹੀ ਹੈ ਪਰ ਕਿਸੇ ਖ਼ਾਸ ਕਾਰਨ ਕਰਕੇ ਉਹ ਵਿਕਸਿਤ ਨਹੀਂ ਹੋ ਸਕੀ। ਅਰਬ ਨਾਟਕ-ਕਲਾ ਦੀ ਹੋਂਦ ਦੇ ਪ੍ਰਮਾਣ ਵਜੋਂ ਅਰਸਾਨ ਮੱਕੇ ਵਿੱਚ ਅਦਾ ਕੀਤੀ ਜਾਂਦੀ ਇੱਕ ਧਾਰਮਿਕ ਰਸਮ ਦਾ ਹਵਾਲਾ ਦਿੰਦਾ ਹੈ। ਅਰਸਾਨ ਅਨੁਸਾਰ "ਪੂਰਵ-ਇਸਲਾਮਿਕ ਕਾਲ ਤੋਂ ਮੱਕੇ ਦੀ ਇੱਕ ਰਸਮ ਜਿਸ ਵਿੱਚ ਕਈ ਦੇਵਤਿਆਂ ਦੀ ਪੂਜਾ ਲਈ ਕਾਬੇ ਦੇ ਚਾਰ ਚੁਫੇਰੇ ਨ੍ਰਿਤ ਕੀਤਾ ਜਾਂਦਾ ਸੀ। ਕੁਰਾਨ ਦੀਆਂ ਆਇਤਾਂ ਪੜ੍ਹੀਆਂ ਜਾਂਦੀਆਂ ਸਨ। ਇਸ ਵਿੱਚ ਤਲਬਿਆਹ (ਆਗਿਆਕਾਰਤਾ ਦੇ ਗੀਤ ਜਾਂ ਭਾਣਾ ਮੰਨਣ ਦੇ ਗੀਤ) ਦਾ ਜਾਪ ਕਰਦੇ ਹੋਏ ਕਾਬੇ ਦਾ ਚੱਕਰ ਲਾਇਆ ਜਾਂਦਾ ਸੀ ਅਜਿਹਾ ਸਾਲ ਵਿੱਚ ਦੋ ਵਾਰ ਕੀਤਾ ਜਾਂਦਾ ਸੀ।"[2] ਇਸਲਾਮ ਦੇ ਉਥਾਨ ਤੋਂ ਪਹਿਲਾਂ ਅਰਬ ਲੋਕ ਮੂਰਤੀ ਪੂਜਾ ਕਰਦੇ ਸਨ ਤੇ ਕਾਬੇ ਦੇ ਮੰਦਰ ਵਿੱਚ 360 ਦੇ ਲਗਭਗ ਦੇਵਤੇ ਪੂਜੇ ਜਾਂਦੇ ਸਨ। ਇਹਨਾਂ ਦੇਵਤਿਆਂ ਦੀ ਪੂਜਾ ਲਈ ਕੀਤੀ ਜਾਂਦੀ ਰਸਮ ਦੀ ਵਿਧੀ ਨੂੰ ਅਰਸਾਨ ਨਾਟਕ ਦੇ ਨੇੜਲੇ ਰੂਪ ਵਜੋਂ ਦੇਖਦਾ ਹੈ। ਇਹ ਪੂਜਾ ਵਿਧੀ ਦੇ ਲਈ ਗਾਏ ਜਾਂਦੇ ਦੇਵਤੇ ਦੀ ਉਸਤਤ ਦੇ ਗੀਤ ਜ਼ਰੂਰ ਯੂਨਾਨ ਵਿੱਚ ਡਾਇਓਨੀਸਸ ਦੇਵਤੇ ਦੀ ਉਸਤਤ ਵਿੱਚ ਗੀਤ ਗਾਏ ਜਾਂਦੇ ਗੀਤਾਂ ਵਰਗੇ ਮੰਨ ਸਕਦੇ ਹਾਂ ਕਿਉਂਕਿ ਅਰਬ ਦੇ ਲੋਕ ਕਬੀਲਿਆਂ ਵਿੱਚ ਵੰਡੇ ਹੋਏ ਸਨ ਇਸ ਲਈ ਅਰਬ ਦੇ ਹਰ ਕਬੀਲੇ ਦੀ ਆਪਣੀ 'ਤਲਬੀਆਹ' ਹੁੰਦੀ ਸੀ।

ਅਰਸਾਨ ਇਸ ਧਾਰਮਿਕ ਰਸਮ ਤੋਂ ਇਲਾਵਾ ਮੀਂਹ ਪੈਣ ਲਈ ਕੀਤੀ ਜਾਣ ਵਾਲੀ ਅਰਦਾਸ ਦੀ ਵਿਧੀ ਨੂੰ ਵੀ ਨਾਟਕੀ ਅੰਸ਼ਾਂ ਕਾਰਨ ਨਾਟਕ ਦੇ ਨੇੜੇ ਦੀ ਕਲਾ ਮੰਨਦਾ ਹੈ। ਪੂਰਵ-ਇਸਲਾਮਿਕ ਕਾਲ ਵਿੱਚ 'ਇਸਤਿਸਕਾ' (ਮੀਂਹ ਲਈ ਕੀਤੀ ਜਾਂਦੀ ਦੁਆ) ਨੂੰ ਨਾਟਕੀ ਰੂਪ ਵਿੱਚ ਸਵੀਕਾਰ ਕਰਦਾ ਹੈ। ਇੱਧਰ ਪੰਜਾਬੀ ਸਭਿਆਚਾਰ ਵਿੱਚ ਮੀਂਹ ਲਈ ਅਰਦਾਸ ਕਰਨ ਲਈ ਗੁੱਡੀ ਫੂਕਣ ਦੇ ਤਮਾਸ਼ਾ ਦਾ ਨਾਟਕੀ ਰੂਪ ਪ੍ਰਚਲਿਤ ਰਿਹਾ ਹੈ। ਪੰਜਾਬੀ ਸਭਿਆਚਾਰ ਵਿੱਚ ਪ੍ਰਚਲਿਤ ਰਿਹਾ ਇਹ ਨਾਟਕੀ ਰੂਪ ਅਰਬ ਤੋਂ ਇੱਧਰ ਆਇਆ ਹੋਵੇਗਾ। ਅਰਸਾਨ 'ਇਸਤਿਸਕਾ' ਤੋਂ ਇਲਾਵਾ ਅਰਬ ਦੇ ਛਾਇਆ-ਨਾਟ 'ਕੇਰਾਗੋਜ਼' ਦਾ ਜ਼ਿਕਰ ਕਰਦਾ ਹੈ।

ਇਸ ਤੋਂ ਇਲਾਵਾ ਅਰਬ ਵਿੱਚ 'ਹਿਕਾਇਆ' (ਬਿਰਤਾਂਤ) ਤੇ 'ਹਿਕਾਵਤੀ' (ਬਿਰਤਾਂਤਕ) ਰੂਪ ਮਿਲਦੇ ਹਨ। 'ਹਿਕਾਇਆ' ਇੱਕ ਕਹਾਣੀ ਸੁਣਾਉਣ ਦਾ ਕਲਾ ਰੂਪ ਹੈ। ਜਿਸ ਵਿੱਚ ਇੱਕ ਬਿਰਤਾਂਤਕਾਰ ਕਹਾਣੀਆਂ ਸੁਣਾਉਂਦਾ ਹੈ। ਦਰਅਸਲ ਅਰਬ ਦੇ ਲੋਕ ਚੰਗੇ ਕਵੀ ਹੀ ਨਹੀਂ ਸਨ ਸਗੋਂ ਉਹ ਚੰਗੇ ਬਿਰਤਾਂਤਕਾਰ ਵੀ ਸਨ। ਇੱਕ ਹਜ਼ਾਰ ਕਹਾਣੀਆਂ ਸੁਣਾਉਣ ਦੀ ਸ਼ੈਲੀ ਵਿੱਚੋਂ ਉਹਨਾਂ ਦਾ ਇਹ ਗੁਣ ਵੇਖਿਆ ਜਾ ਸਕਦਾ ਹੈ। 'ਹਿਕਾਇਆ' ਤੋਂ ਬਾਅਦ 'ਮੱਕਾਮਾਹ' ਅਰਬੀ ਵਾਰਤਕ ਦਾ ਰੂਪ ਹੈ, ਇਸਦਾ ਦਾ ਉਦਭਵ 10ਵੀਂ ਸਦੀ ਵਿੱਚ ਹੋਇਆ। ਇਹ ਨਿੱਕਾ ਬਿਰਤਾਂਤਕ ਰੂਪ ਹੈ ਇਸ ਵਿੱਚ ਕਹਾਣੀ ਲੈਅਮਈ ਰੂਪ ਵਿੱਚ ਸੁਣਾਈ ਜਾਂਦੀ ਹੈ। ਬਿਰਤਾਂਤਕਾਰ ਹਰ ਪਾਤਰ ਦੀ

ਅਵਾਜ਼ ਵਿੱਚ ਬੜੀ ਸਫ਼ਾਈ ਨਾਲ ਹਰ ਪਾਤਰ ਨੂੰ ਆਪਣੀ ਆਵਾਜ਼ ਰਾਹੀਂ ਪੇਸ਼ ਕਰਦਾ ਹੈ। ਹਾਲਾਂਕਿ ਇਹ ਵਾਰਤਕ ਰੂਪ ਕਹਾਣੀ ਦੇ ਵਧੇਰੇ ਨੇੜੇ ਮੰਨਿਆ ਜਾਂਦਾ ਹੈ ਪਰ ਬਿਰਤਾਂਤਕਾਰ ਦੁਆਰਾ ਪਾਤਰਾਂ ਦੀ ਵਾਰਤਾਲਾਪ ਨੂੰ ਜਿਸ ਢੰਗ ਨਾਲ ਪੇਸ਼ ਕੀਤਾ ਜਾਂਦਾ ਹੈ ਉਹ ਢੰਗ ਇਸ ਵਾਰਤਕ ਰੂਪ ਨੂੰ ਨਾਟਕ ਕਲਾ ਦੇ ਨੇੜੇ ਵੀ ਲੈ ਜਾਂਦਾ ਹੈ। Mariane Chenou 'ਮੱਕਾਮਾਹ' ਨੂੰ ਨਾਟਕ ਦੀ ਇੱਕ ਵੰਨਗੀ ਮੰਨਦਾ ਹੈ। ਹਾਲਾਂਕਿ ਇਸ ਵਾਰਤਕ ਰੂਪ ਨੂੰ ਕੁਝ ਵਿਦਵਾਨ ਸਿਰਫ਼ ਕਹਾਣੀ ਸੁਣਾਉਣ ਦੀ ਕਲਾ ਮੰਨਦੇ ਹਨ ਕੁਝ ਇਸ ਦੀ ਵਾਰਤਾਲਾਪ ਤੇ ਭਾਸ਼ਾ ਸ਼ੈਲੀ ਕਾਰਨ ਇਸ ਨੂੰ ਨਾਟਕ ਅੰਸ਼ਾਂ ਦੇ ਵਧੇਰੇ ਨੇੜੇ ਮੰਨਦੇ ਹਨ।

'ਤਾਜ਼ੀਆ' ਵਿੱਚ ਵਿਸ਼ੇਸ਼ ਰੂਪ ਵਿੱਚ ਨਾਟਕੀ ਅੰਸ਼ ਵਧੇਰੇ ਮਿਲਦੇ ਹਨ। 'ਤਾਜ਼ੀਆ' ਦੀ ਪੇਸ਼ਕਾਰੀ ਖੁੱਲ੍ਹੇ ਅਸਮਾਨ ਦੇ ਹੇਠ ਪੰਡਾਲ ਵਿੱਚ ਹੁੰਦੀ ਹੈ। ਅਦਾਕਾਰ ਪਾਤਰਾਂ ਦਾ ਰੋਲ ਨਿਭਾਉਂਦੇ ਹਨ। ਪੇਸ਼ਕਾਰੀ ਦੇ ਅੰਤ 'ਤੇ ਹੁਸੈਨ ਦੀ ਸ਼ਹਾਦਤ ਦੀ ਕਹਾਣੀ ਨੂੰ ਵਾਰ-ਵਾਰ ਦਰਦਮਈ ਆਵਾਜ਼ ਵਿੱਚ ਦੁਹਰਾਇਆ ਜਾਂਦਾ ਹੈ। ਜਿਸ ਨੂੰ ਸੁਣ ਕੇ ਦਰਸ਼ਕਾਂ ਦੇ ਅੱਖੋਂ ਹੰਝੂ ਵਗਣ ਲੱਗਦੇ ਹਨ। ਸੀਰੀਆ ਦਾ ਖੋਜਾਰਥੀ 'Qatayh' ਦੱਸਦਾ ਹੈ ਕਿ 'ਤਾਜੀਆ' ਵਿੱਚ ਅਦਾਕਾਰਾਂ ਦੁਆਰਾ ਹੁਸੈਨ ਦੇ ਕਾਤਿਲ ਦੀ ਭੂਮਿਕਾ ਵੀ ਨਿਭਾਈ ਜਾਂਦੀ ਹੈ। ਇਉਂ ਇਹ ਧਾਰਮਿਕ ਨਾਟਕ ਕਰਬਲਾ ਦੇ ਯੁੱਧ ਦੇ ਮੈਦਾਨ ਵਿੱਚ ਵਾਪਰੇ ਦੁਖਾਂਤ ਨੂੰ ਪੇਸ਼ ਕਰਦਾ ਹੈ। ਇਹਨਾਂ ਨਾਟਕੀ ਰੂਪਾਂ ਤੋਂ ਇਲਾਵਾ 'ਸਮਾਜਾਤ' ਤੇ 'ਕੁਰਰੂਜ਼' ਨਾਟਕੀ ਰੂਪਾਂ ਦੇ ਬਾਰੇ ਵੀ ਜਾਣਕਾਰੀ ਮਿਲਦੀ ਹੈ।

ਇਹਨਾਂ ਨਾਟਕੀ ਰੂਪਾਂ ਤੋਂ ਇਲਾਵਾ ਅਰਬ ਤੇ ਬਾਕੀ ਮੁਸਲਿਮ ਦੇਸ਼ਾਂ ਵਿੱਚ ਛਾਇਆ ਪੁਤਲੀ-ਨਾਟ ਦੀ ਪਰੰਪਰਾ ਵੀ ਪ੍ਰਚਲਿਤ ਰਹੀ ਹੈ। ਉਂਜ ਵਿਸ਼ਵ ਵਿੱਚ ਪੁਤਲੀ-ਨਾਟ ਤੇ ਛਾਇਆ ਪੁਤਲੀ-ਨਾਟ ਦਾ ਉਦਭਵ ਭਾਰਤ ਵਿੱਚ ਹੋਇਆ ਪਰ ਬਾਅਦ ਵਿੱਚ ਵਿਸ਼ਵ ਦੇ ਬਾਕੀ ਦੇਸ਼ਾਂ ਵਿੱਚ ਫੈਲਿਆ। ਛਾਇਆ-ਨਾਟਕ ਨੂੰ ਪੁਤਲੀ-ਨਾਟ ਦੀ ਇੱਕ ਵਿਧਾ ਵਜੋਂ ਜਾਣਿਆ ਜਾਂਦਾ ਹੈ। ਛਾਇਆ ਪੁਤਲੀ-ਨਾਟ ਵਿੱਚ ਚਮੜੇ ਦੀਆਂ ਬਣੀਆਂ ਪੁਤਲੀਆਂ ਨੂੰ ਰੌਸ਼ਨੀ ਰਾਹੀਂ ਪਰਦੇ 'ਤੇ ਪਰਛਾਵੇਂ ਰਾਹੀਂ ਦ੍ਰਿਸ਼ ਸਿਰਜਿਆ ਜਾਂਦਾ ਹੈ। ਭਾਰਤ ਵਿੱਚ ਇਹ ਛਾਇਆ-ਨਾਟ ਸਮੁੰਦਰ ਦੇ ਤਟੀ ਇਲਾਕਿਆਂ ਵਿੱਚ ਪ੍ਰਚਲਿਤ ਹੈ ਤੇ ਭਾਰਤ ਦੇ ਇਹਨਾਂ ਖੇਤਰਾਂ ਵਿੱਚੋਂ ਦੱਖਣੀ-ਪੂਰਬੀ ਏਸ਼ੀਆ ਵਿੱਚ ਛਾਇਆ-ਨਾਟ ਵਪਾਰੀਆਂ ਰਾਹੀਂ ਪਹੁੰਚਿਆ। ਇਸੇ ਤਰ੍ਹਾਂ ਅਰਬ ਦੇਸ਼ਾਂ ਤੇ ਤੁਰਕ ਦੇਸ਼ਾਂ ਵਿੱਚ ਵੀ ਛਾਇਆ ਪੁਤਲੀ-ਨਾਟ ਦੀ ਹੋਂਦ ਮਿਲਦੀ ਹੈ। ਅਰਬ ਦਾ ਛਾਇਆ-ਨਾਟ 'ਖ਼ਿਆਲ ਅਲ-ਜ਼ਿਲ' ਹੈ ਜੋ ਕਿ ਭਾਰਤ ਤੇ ਦੱਖਣੀ-ਪੂਰਬੀ ਏਸ਼ੀਆ ਦੀ ਛਾਇਆ-ਨਾਟ ਦੀ ਤਕਨੀਕ ਅਨੁਸਾਰ ਹੀ ਪੇਸ਼ ਕੀਤਾ ਜਾਂਦਾ ਹੈ। 'ਖ਼ਿਆਲ ਅਲ-ਜ਼ਿਲ' ਮੌਖਿਕ ਪਰੰਪਰਾਵਾਂ ਦੇ ਮਾਹੌਲ ਵਿੱਚ ਵਿਕਸਿਤ ਹੋਇਆ ਸੀ ਅਤੇ ਇਸ ਦਾ ਵਿਕਾਸ ਹਿਕਾਇਆ, ਮੱਕਾਮਾਹ ਅਤੇ ਖੁਤਬਾ ਵਰਗੀਆਂ ਮੌਖਿਕ ਪਰੰਪਰਾਵਾਂ ਰਾਹੀਂ ਹੋਇਆ। ਇਸ ਛਾਇਆ-ਨਾਟ ਦੀਆਂ ਜੜ੍ਹਾਂ ਅਲ-ਜਹਿਲੀਆ ਦੇ ਪੂਰਵ-ਇਸਲਾਮਿਕ ਦੌਰ ਵਿੱਚ ਲੱਭੀਆਂ ਜਾ ਸਕਦੀਆਂ ਹਨ।

'ਖ਼ਿਆਲ ਅਲ-ਜ਼ਿਲ' ਦਾ ਸ਼ਾਬਦਿਕ ਅਰਥ 'ਕਲਪਨਾ ਦੇ ਪਰਛਾਵੇਂ' ('fantasy of the shadow') ਤੋਂ ਹੈ। ਹਾਲਾਂਕਿ ਇਸ ਛਾਇਆ-ਨਾਟ ਦਾ ਸਹੀ ਨਾਮ 'ਜ਼ਿਲ ਅਲ-ਖ਼ਿਆਲ' ਹੈ ਭਾਵ 'ਪਰਛਾਵਿਆਂ ਦੀ ਬਣਤਰ' (the shade of the shadow) ਹੈ। ਅਰਬ ਵਿੱਚ 'ਖ਼ਿਆਲ ਅਲ-ਜ਼ਿਲ' ਦਾ ਉਦਭਵ ਕਦੋਂ ਹੋਇਆ ਇਸ ਬਾਰੇ ਵਿਦਵਾਨਾਂ ਦੇ ਵੱਖਰੇ-ਵੱਖਰੇ ਮਤ ਹਨ। ਇਹ ਵੀ ਸੰਭਵ ਹੈ ਕਿ 'ਖ਼ਿਆਲ ਅਲ-ਜ਼ਿਲ' ਦੱਖਣੀ-ਪੂਰਬੀ ਏਸ਼ੀਆ ਜਾਂ ਭਾਰਤ ਤੋਂ ਇਸਲਾਮਿਕ ਦੇਸ਼ਾਂ ਵਿੱਚ ਪਹੁੰਚਿਆ ਹੋਵੇ। ਕੁਝ ਵਿਦਵਾਨਾਂ ਦਾ ਇਹ ਵੀ ਮੰਨਣਾ ਹੈ ਕਿ ਛਾਇਆ-ਨਾਟਕ ਦੀ ਕਲਾ ਮੰਗੋਲਾਂ ਦੁਆਰਾ 12ਵੀਂ ਸਦੀ ਵਿੱਚ ਮੁਸਲਮਾਨਾਂ ਵਿੱਚ ਪਹੁੰਚੀ। ਇਸਦੇ ਨਾਲ ਹੀ ਨੌਵੀਂ ਸਦੀ ਵਿੱਚ 'ਖ਼ਿਆਲ ਅਲ-ਜ਼ਿਲ' ਨਾਟ ਪਰੰਪਰਾ ਦੇ ਹੋਣ ਦੇ ਪ੍ਰਮਾਣ ਵੀ ਮਿਲਦੇ ਹਨ। ਡਾ. ਇਬਰਾਹਿਮ ਹਾਮਿਦ ਅਨੁਸਾਰ 'ਖ਼ਿਆਲ ਅਲ-ਜ਼ਿਲ' 10ਵੀਂ ਸਦੀ ਦੇ ਅਖੀਰ ਵਿੱਚ ਅਰਬ ਦੇਸ਼ਾਂ ਵਿੱਚ ਆਰੰਭ ਹੋਇਆ ਅਤੇ ਫਾਤੀਮਿਦ ਕਾਲ ਦੇ ਅਖੀਰ ਵਿੱਚ ਵਧੇਰੇ ਪ੍ਰਚਲਿਤ ਹੋਇਆ। ਪਰ ਛੇਵੀਂ-ਸੱਤਵੀਂ ਸਦੀ ਵਿੱਚ ਵੀ 'ਖ਼ਿਆਲ ਅਲ-ਜ਼ਿਲ' ਦੀਆਂ ਪੇਸ਼ਕਾਰੀਆ ਦੇ ਪ੍ਰਮਾਣ ਮਿਲਦੇ ਹਨ। ਇਸ ਬਾਰੇ ਬਕਰ ਅਲੀ ਸ਼ੈਦੀ ਨੇ ਆਪਣੇ ਖੋਜ-ਪ੍ਰਬੰਧ ਵਿੱਚ ਲਿਖਿਆ ਹੈ। ਪਰ 'ਖ਼ਿਆਲ ਅਲ-ਜ਼ਿਲ' ਦੇ ਪ੍ਰਚਲਿਤ ਹੋਣ ਦੇ ਪ੍ਰਮਾਣ ਛੇਵੀਂ ਸਦੀ ਤੋਂ ਪਹਿਲਾਂ ਦੇ ਦੌਰ

ਵਿੱਚ ਮਿਲਦੇ ਹਨ ਜਿਸ ਬਾਰੇ ਅਸੀਂ ਪਿੱਛੇ ਜ਼ਿਕਰ ਕੀਤਾ ਹੈ। ਅਰਬ ਵਿੱਚ 'ਖ਼ਿਆਲ ਅਲ-ਜ਼ਿਲ' ਕਿਸ ਤਰ੍ਹਾਂ ਆਰੰਭ ਹੋਇਆ ਇਸ ਦਾ ਪ੍ਰਮਾਣ ਨਹੀਂ ਹੈ ਪਰ ਇਹ ਸਪਸ਼ਟ ਹੈ ਕਿ ਛਾਇਆ-ਨਾਟ ਭਾਰਤ ਤੋਂ ਬਾਕੀ ਮੁਲਕਾਂ ਵਿੱਚ ਅਰਬ ਤੱਕ ਫੈਲਿਆ।

'ਖ਼ਿਆਲ ਅਲ-ਜ਼ਿਲ' ਦੀ ਪੇਸ਼ਕਾਰੀ ਲਈ ਚਮੜੇ ਦੀਆਂ ਬਣੀਆਂ ਰੰਗਦਾਰ ਪੁਤਲੀਆਂ 'ਤੇ ਰੌਸ਼ਨੀ ਰਾਹੀਂ ਸਫ਼ੈਦ ਪਰਦੇ 'ਤੇ ਪਰਛਾਵੇਂ ਰਾਹੀਂ ਦ੍ਰਿਸ਼ ਸਿਰਜਿਆ ਜਾਂਦਾ ਹੈ। ਵਿਸ਼ੇ ਪੱਖੋਂ ਇਹ ਭਾਰਤ ਦੇ ਵਿਸ਼ਾ-ਵਸਤੂ ਨਾਲੋਂ ਭਿੰਨ ਜ਼ਰੂਰ ਰਹੀਆਂ। ਪਰ ਇਸਲਾਮਿਕ ਦੌਰ ਦੇ ਅਰਬ ਵਿੱਚ ਅਜਿਹੀਆਂ ਛਾਇਆ-ਨਾਟ ਦੀਆਂ ਪੇਸ਼ਕਾਰੀਆਂ 'ਤੇ ਪਾਬੰਦੀ ਦੇ ਹਵਾਲੇ ਮਿਲਦੇ ਹਨ ਜੋ ਇਸਲਾਮਿਕ ਵਿਚਾਰਧਾਰਾ ਦੇ ਉਲਟ ਸੀ। ਅਰਬ ਸਭਿਆਚਾਰ ਦੇ ਮੁਤਾਬਿਕ ਛਾਇਆ-ਨਾਟ ਵਿੱਚ ਅਰਬੀ ਲੋਕਾਂ ਦੇ ਧਾਰਮਿਕ, ਸਮਾਜਿਕ, ਸਭਿਆਚਾਰ ਤੇ ਇਤਿਹਾਸ ਨੂੰ ਆਧਾਰ ਬਣਾਇਆ ਜਾਂਦਾ ਸੀ।14ਵੀਂ ਸਦੀ ਵਿੱਚ ਮਿਸਰ ਦੇ ਨਾਟਕਕਾਰ 'ਸ਼ਮਸ ਅਲ-ਦਿਨ ਮੁਹੰਮਦ ਇਬਨ ਦਨਿਆਲ' (ਮੌਤ 1311) ਦੇ ਲਿਖੇ ਤਿੰਨ 'ਖ਼ਿਆਲ ਅਲ-ਜ਼ਿਲ' ਭਾਵ ਛਾਇਆ-ਨਾਟ- 'ਤਾਇਫ਼ ਅਲ-ਖ਼ਿਆਲ, ਅਜ਼ੀਬ ਵਾ ਗ਼ਰੀਬ ਅਤੇ ਅਲ-ਮੁਤਾਇਮ' ਮਿਲਦੇ ਹਨ।

ਅਰਬ ਦੇਸ਼ ਦੇ 'ਖ਼ਿਆਲ ਅਲ-ਜ਼ਿਲ' ਤੋਂ ਇਲਾਵਾ ਤੁਰਕੀ ਦਾ 'ਕੇਰਾਗੋਜ਼' ਵੀ ਪ੍ਰਸਿੱਧ ਛਾਇਆ-ਨਾਟ ਹੈ। ਤੁਰਕੀ ਦੇ ਇਸ 'ਕੇਰਾਗੋਜ਼' ਵਰਗੇ ਮਿਸਰ ਦੇ ਪੁਤਲੀ-ਨਾਟ ਬਾਰੇ ਵੀ ਹਵਾਲੇ ਮਿਲਦੇ ਹਨ ਜੋ ਕਿ ਮਿਸਰੀ ਭਾਸ਼ਾ ਦੇ ਉਚਾਰਣ ਵਿੱਚ 'ਅਰਾਰੂਜ਼' ਹੈ। ਮਿਸਰ ਦਾ 'ਅਰਾਰੂਜ਼' ਤੁਰਕੀ ਦੇ 'ਕੇਰਾਗੋਜ਼' ਵਾਂਗ ਪੁਤਲੀ ਛਾਇਆ-ਨਾਟ ਨਹੀਂ ਸਗੋਂ ਹੱਥ ਪੁਤਲੀ-ਨਾਟ ਹੈ। ਪਰ ਨਾਵਾਂ ਦੀ ਸਮਾਨਤਾ ਹੋਣ ਕਰਕੇ 'ਕੇਰਾਗੋਜ਼' ਤੇ ਮਿਸਰ ਦਾ 'ਅਰਾਰੂਜ਼' ਰਲਗੱਡ ਹੋ ਜਾਂਦੇ ਹਨ ਜਿਸ ਕਾਰਨ ਇਹਨਾਂ ਦੇ ਇੱਕ ਹੋਣ ਦਾ ਭਰਮ ਪੈਦਾ ਹੁੰਦਾ ਹੈ। ਬਕਰ ਅਲ ਸ਼ੈਦੀ ਅਨੁਸਾਰ "ਇਸੇ ਭੁਲੇਖੇ ਕਾਰਨ ਇਹ ਵਿਸ਼ਵਾਸ ਕੀਤਾ ਜਾਣ ਲੱਗਿਆ ਹੈ ਕਿ ਅਰਬ ਦਾ 'ਖ਼ਿਆਲ ਅਲ-ਜ਼ਿਲ' ਔਟੋਮਨ ਸਾਮਰਾਜ ਦੁਆਰਾ ਮਿਸਰ ਵਿੱਚ ਲਿਆਂਦਾ ਗਿਆ ਹੋਵੇਗਾ।"[3] ਜਦਕਿ ਤੁਰਕੀ ਦਾ 'ਕੇਰਾਗੋਜ਼' ਸੁਲਤਾਨ ਸਲੀਮ ਦੇ ਮਿਸਰ 'ਤੇ ਕਾਬਿਜ਼ ਹੋਣ ਉਪਰੰਤ ਮਿਸਰਾਂ ਦੁਆਰਾ ਤੁਰਕੀ ਵਿੱਚ ਆਇਆ। ਇਸ ਨਾਲ ਤੁਰਕੀ ਵਿੱਚ ਵੀ ਪੁਤਲੀ ਛਾਇਆ-ਨਾਟ ਦਾ ਆਰੰਭ ਹੁੰਦਾ ਹੈ। ਇਸ ਦਾ ਵਿਸ਼ਾ-ਵਸਤੂ ਭਾਰਤੀ ਤੇ ਦੂਜੇ ਦੱਖਣੀ-ਪੂਰਬੀ ਏਸ਼ੀਆਈ ਦੇਸ਼ਾਂ ਨਾਲੋਂ ਵੱਖਰਾ ਹੈ। ਮਿਸਰ ਵਿੱਚ ਉਸਰਿਸ ਦੇਵਤੇ ਦੀ ਉਸਤਤ ਲਈ ਕੀਤੇ ਜਾਂਦੇ ਨ੍ਰਿਤ-ਨਾਟ ਦੇ ਹਵਾਲੇ ਵੀ ਮਿਲਦੇ ਹਨ।

ਸਮੁੱਚੇ ਰੂਪ ਵਿੱਚ ਅਰਬ ਵਿੱਚ ਵਿਸ਼ਵ ਦੇ ਬਾਕੀ ਖੇਤਰਾਂ ਨਾਲੋਂ ਵੱਖਰੇ ਹਾਲਾਤਾਂ ਦੇ ਬਾਵਜੂਦ ਇੱਥੋਂ ਦੀ ਨਾਟ-ਪਰੰਪਰਾ ਆਪਣੇ ਵੱਖਰੇ ਅੰਦਾਜ਼ ਵਿੱਚ ਅੱਗੇ ਵੱਲ ਵੱਧ ਰਹੀ ਸੀ। ਅਰਬ ਵਿੱਚ ਦੇਖਣ ਨਾਲੋਂ ਜ਼ਿਆਦਾ ਸੁਣਨ ਨੂੰ ਤਰਜੀਹ ਵਧੇਰੇ ਦਿੱਤੀ ਗਈ ਸੀ ਜਿਸ ਕਾਰਨ ਵਿਸ਼ਵ ਦੀਆਂ ਮੌਖਿਕ ਕਹਾਣੀਆਂ ਦਾ ਵੱਡਾ ਹਿੱਸਾ ਇੱਥੋਂ ਦੀਆਂ ਕਹਾਣੀਆਂ ਦੇ ਰੂਪ ਵਿੱਚ ਦੇਖਿਆ ਜਾ ਸਕਦਾ ਹੈ। ਇਹਨਾਂ ਬਿਰਤਾਂਤਕ ਰੂਪਾਂ ਨੂੰ ਨਿਰੋਲ ਬਿਰਤਾਂਤਕ ਵੀ ਨਹੀਂ ਕਿਹਾ ਜਾ ਸਕਦਾ ਕਿਉਂਕਿ ਇਹਨਾਂ ਵਿੱਚ ਭਾਵੇਂ ਮੁਕੰਮਲ ਨਾਟਕੀ ਤੱਤਾਂ ਦੀ ਘਾਟ ਸੀ ਪਰ ਨਾਟਕੀ ਅੰਸ਼ਾਂ ਦੀ ਅਣਹੋਂਦ ਨਹੀਂ ਸੀ। ਸੋ ਕਹਿ ਸਕਦੇ ਹਾਂ ਕਿ ਅਰਬ ਨਾਟਕ ਵਰਗੀ ਕਲਾ ਤੋਂ ਬਿਲਕੁਲ ਸੱਖਣਾ ਜੀਵਨ ਨਹੀਂ ਜਿਉਂ ਰਿਹਾ ਸੀ ਸਗੋਂ ਉਹ ਨਾਟਕ ਨੂੰ ਕਿਸੇ ਨਾ ਕਿਸੇ ਰੂਪ ਵਿੱਚ ਸਾਂਭੀ ਬੈਠਾ ਸੀ।

**ਹਵਾਲੇ ਤੇ ਟਿੱਪਣੀਆਂ**


1. bakar al sheddy, The roots of the Arab theater, phd thesis, page-39.
2. Ibid, page-77.
3. Ibid, page-133.



ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ
91159-30504


**ਖੁਦ ਨੂੰ ਅਤੇ ਦੂਸਰਿਆਂ ਨੂੰ ਸਮਝਣ ਵਾਸਤੇ ਕਿਤਾਬਾਂ ਦੀ ਜ਼ਰੂਰਤ ਹੈ।**

ਰਸੂਲ ਹਮਜ਼ਾਤੋਵ

# ਰਘੁਬੀਰ ਢੰਡ ਦੀਆਂ ਕਹਾਣੀਆਂ ਦਾ ਵਿਚਾਰਧਾਰਾਈ ਅਧਿਐਨ

ਮਨਮੀਤ ਕੌਰ



ਰਘੁਬੀਰ ਢੰਡ ਇੱਕ ਪ੍ਰਤੀਭਾਵਾਨ ਕਹਾਣੀਕਾਰ ਹੈ। ਜਿਸ ਨੇ ਪੰਜਾਬੀ ਸਾਹਿਤ ਵਿੱਚ ਬਹੁਮੁੱਲੀਆਂ ਮੱਲਾਂ ਮਾਰੀਆਂ ਹਨ। ਉਸ ਦੇ ਕਥਾ ਜਗਤ ਦਾ ਆਪਣਾ ਹੀ ਵੱਖਰਾ ਪ੍ਰਕਾਸ਼ ਦਿਖਾਈ ਦਿੰਦਾ ਹੈ। ਰਘੁਬੀਰ ਢੰਡ ਪੰਜਾਬੀ ਸਾਹਿਤ ਦਾ ਸਥਾਪਿਤ ਤੇ ਪ੍ਰਤੀਬੱਧ ਕਹਾਣੀਕਾਰ ਹੈ। ਉਸ ਦੀਆਂ ਕਹਾਣੀਆਂ ਪ੍ਰਵਾਸੀ ਚੇਤਨਾ, ਮਾਨਸਿਕਤਾ, ਸਮਾਜਿਕਤਾ ਤੇ ਸਭਿਆਚਾਰ ਦੇ ਬਹੁਪੱਖੀ ਪਸਾਰਾਂ ਨੂੰ ਪੇਸ਼ ਕਰਦੀਆਂ ਹਨ। ਰਘੁਬੀਰ ਢੰਡ ਵਿਦੇਸ਼ਾਂ ਵਿੱਚ ਹੰਢਾਏ ਤਲਖ਼ ਤਜ਼ਰਬਿਆਂ ਨੂੰ ਬੜੀ ਡੂੰਘੀ ਸੋਚ ਨਾਲ ਪਾਠਕਾਂ ਸਾਹਮਣੇ ਪੇਸ਼ ਕਰਦਾ ਹੈ। ਉਸ ਦੀਆਂ ਕਹਾਣੀਆਂ ਪਰਵਾਸ ਵਿੱਚ ਵੱਸਦੇ ਮਨੁੱਖ ਦੇ ਜਜ਼ਬਿਆਂ, ਭਾਵਨਾਵਾਂ, ਸੰਬੰਧਾਂ, ਸੰਕਟਾਂ ਤੇ ਦਵੰਦ ਨੂੰ ਪੇਸ਼ ਕਰਦੀਆਂ ਹਨ। ਢੰਡ ਦੀਆਂ ਕਹਾਣੀਆਂ ਵਿੱਚ ਪਰਵਾਸੀ ਜੀਵਨ ਦੇ ਅਨੇਕਾਂ ਪੱਖ ਉੱਭਰ ਕੇ ਸਾਡੇ ਸਾਹਮਣੇ ਆਉਂਦੇ ਹਨ। ਬਾਹਰਲੇ ਦੇਸ਼ਾਂ ਵਿੱਚ ਰਹਿੰਦੇ ਹੋਏ ਪੰਜਾਬੀ ਜਿੱਥੇ ਆਪਣੀ ਧਰਤੀ, ਆਪਣੇ ਲੋਕ ਤੇ ਆਪਣੀ ਮਿੱਟੀ ਨੂੰ ਛੱਡ ਨਾ ਸਕੇ, ਉੱਥੇ ਉਹ ਪੂਰੀ ਤਰ੍ਹਾਂ ਆਪਣੇ ਪੰਜਾਬ ਨੂੰ ਵੀ ਨਾ ਅਪਣਾ ਸਕੇ। ਡਾਲਰਾਂ ਦੀ ਖਿੱਚ ਉਹਨਾਂ ਨੂੰ ਪੱਛਮੀ ਮੁਲਕਾਂ ਵਿੱਚ ਰਹਿਣ ਲਈ ਮਜਬੂਰ ਕਰਦੀ ਹੈ ਤੇ ਰਿਸ਼ਤਿਆਂ ਦਾ ਨਿੱਘ ਉਹਨਾਂ ਨੂੰ ਪੰਜਾਬ ਦੀ ਧਰਤੀ ’ਤੇ ਰੋਜ਼ੀ ਰੋਟੀ ਦਾ ਮਸਲਾ ਰਿਸ਼ਤਿਆਂ ਨਾਲੋਂ ਜ਼ਿਆਦਾ ਭਾਰੂ ਹੁੰਦਾ ਹੈ। ਜਿਸ ਕਾਰਨ ਉਹ ਪੱਛਮੀ ਮੁਲਕਾਂ ਨੂੰ ਜ਼ਿਆਦਾ ਤਰਜੀਹ ਦਿੰਦੇ ਹਨ। ਰਘੁਬੀਰ ਢੰਡ ਦੀਆਂ ਕਈ ਕਹਾਣੀਆਂ ਬਾਰੇ ਵਿਸ਼ੇਸ਼ ਚਰਚਾ ਹੋਈ ਹੈ। ਢੰਡ ਉਨ੍ਹਾਂ ਪੰਜਾਬੀ ਕਹਾਣੀਕਾਰਾਂ ਵਿੱਚੋਂ ਹੈ, ਜਿਨ੍ਹਾਂ ਦੀਆਂ ਕਹਾਣੀਆਂ ਪੜ੍ਹ ਕੇ ਕਿੰਨਾ ਚਿਰ ਤਸੱਲੀ ਰਹਿੰਦੀ ਹੈ ਤੇ ਪਾਠਕ ਨੂੰ ਸੋਚਣ ਲਈ ਮਜਬੂਰ ਕਰਦੀਆਂ ਹਨ। ਅਜਿਹੀਆਂ ਕਹਾਣੀਆਂ ਹੀ ਕਿਸੇ ਭਾਸ਼ਾ ਵਿੱਚ ਕਹਾਣੀ ਦੇ ਵਿਕਾਸ ਦੀਆਂ ਸੂਚਕ ਹੁੰਦੀਆਂ ਹਨ।

ਰਘੁਬੀਰ ਢੰਡ ਦੇ ਹੁਣ ਤਕ ਛਪੇ ਛੇ ਮਹੱਤਵਪੂਰਨ ਕਹਾਣੀ ਸੰਗ੍ਰਹਿ ਪੰਜਾਬੀ ਸਾਹਿਤ ਦੇ ਖੇਤਰ ਵਿਚ ਮੀਲ ਪੱਥਰ ਹਨ: ‘ਬੋਲੀ ਧਰਤੀ’, ‘ਉਸ ਪਾਰ’, ‘ਕਾਇਆ ਕਲਪ’, ‘ਕੁਰਸੀ’, ‘ਸ਼ਾਨੇ ਪੰਜਾਬ’ ਅਤੇ ‘ਕਾਲੀ ਨਦੀ ਦਾ ਸੇਕ’। ‘ਕਾਲੀ ਨਦੀ ਦਾ ਸੇਕ’ ਉਹਨਾਂ ਦੇ ਵਿਛੜ ਜਾਣ ਤੋਂ ਬਾਅਦ ਉਹਨਾਂ ਦੀ ਪਤਨੀ ਪ੍ਰਕਾਸ਼ ਢੰਡ ਅਤੇ ਭਰਾ ਸੋਹਣ ਢੰਡ ਨੇ ਸੰਪਾਦਿਤ ਕੀਤਾ ਹੈ। ‘ਕਾਲੀ ਨਦੀ ਦਾ ਸੇਕ’ ਕਹਾਣੀ ਸੰਗ੍ਰਹਿ ਵਿੱਚ ਉਹਨਾਂ ਦੀਆਂ ਕਈ ਕਹਾਣੀਆਂ ਬਹੁਤ ਹੀ ਸਲਾਹੁਣਯੋਗ ਹਨ। ਇਸ ਕਹਾਣੀ ਸੰਗ੍ਰਹਿ ਦੀ ਪਹਿਲੀ ਕਹਾਣੀ ਦਾ ਨਾਂ ਵੀ ‘ਕਾਲੀ ਨਦੀ ਦਾ ਸੇਕ’ ਹੈ। ਇਸ ਕਹਾਣੀ ਵਿੱਚ ਰਘੁਬੀਰ ਢੰਡ ਨੇ ਪ੍ਰਗਤੀਵਾਦੀ ਵਿਚਾਰਧਾਰਾ ਨੂੰ ਪੇਸ਼ ਕੀਤਾ ਹੈ। ਇਸ ਵਿੱਚ ਨੋਜਵਾਨ ਜੋਸ਼ ਵਿਚ ਆ ਕੇ ਇਨਕਲਾਬ ਲਿਆਉਣ ਲਈ ਹਥਿਆਰ ਚੁੱਕ ਲੈਂਦੇ ਹਨ।

ਇਨਕਲਾਬ ਨਾਅਰਿਆਂ ਨਾਲ ਨਹੀਂ ਸਗੋਂ ਲੋਕਾਂ ਵਿੱਚ ਜਾਗਰੂਕਤਾ ਪੈਦਾ ਕਰਕੇ ਆ ਸਕਦਾ ਹੈ। ਇਸ ਕਹਾਣੀ ਵਿੱਚ ਨਕਸਲਬਾੜੀ ਅੰਦੋਲਨ ਦੀ ਅਸਫ਼ਲਤਾ ਅਤੇ ਅਮੀਰ ਗ਼ਰੀਬ ਵਿੱਚ ਵੱਧ ਰਹੇ ਪਾੜੇ ਦੀ ਗੱਲ ਕੀਤੀ ਹੈ। ਇਸ ਕਹਾਣੀ ਦੀ ਨਾਇਕਾ, ਨਿਤਾਸ਼ਾ ਇਕ ਮਾਰਕਸੀ ਵਿਚਾਰਧਾਰਾ ਵਾਲੀ ਕੁੜੀ ਹੈ, ਜਿਸ ਨੂੰ ਮਜ਼ਦੂਰ ਜਮਾਤ ਦੀਆਂ ਮਜਬੂਰੀਆਂ ਦਾ ਅਹਿਸਾਸ ਹੈ। ਉਹ ਇਕ ਅਜਿਹੇ ਸ਼ਹੀਦ ਮਜ਼ਦੂਰ ਦੀ ਧੀ ਹੈ ਜਿਸ ਨੇ ਮਰਨਾ ਤਾਂ ਕਬੂਲ ਲਿਆ ਸੀ ਪਰ ਬਦੀ ਦੀਆਂ ਤਾਕਤਾਂ ਨਾਲ ਕੋਈ ਸਮਝੌਤਾ ਨਹੀਂ ਕੀਤਾ ਸੀ। ਇਸ ਕਹਾਣੀ ਵਿੱਚ ਉਹਨਾਂ ਲੋਕਾਂ ’ਤੇ ਬਹੁਤ ਵਧੀਆ ਵਿਅੰਗ ਕੀਤਾ ਗਿਆ ਹੈ ਜੋ ਵਜ਼ੀਰ ਬਣ ਕੇ ਦੇਸ਼ ਲੁੱਟ ਰਹੇ ਹਨ। ਲੁੱਟ-ਖਸੁੱਟ ਕਰਨ ਵਾਲੇ ਲੋਕਾਂ ਨੂੰ ਉਹ ਭ੍ਰਿਸ਼ਟ ਆਤਮਾ ਅਤੇ ਥੋਥੀ ਸ਼ਖ਼ਸੀਅਤ ਵਾਲੇ ਦੱਸਦੇ ਹਨ। ਕਹਾਣੀਕਾਰ ਅਨੁਸਾਰ ਇਨਕਲਾਬ ਲਿਆਉਣ ਲਈ ਲੋਕਾਂ ਨੂੰ ਤਿਆਰ ਕਰਨਾ ਪੈਂਦਾ ਅਤੇ ਲੋਕ ਸ਼ਕਤੀ ਦੁਆਰਾ ਹੀ ਇਨਕਲਾਬ ਲਿਆਂਦਾ ਜਾ ਸਕਦਾ ਹੈ। ਜਿਸ ਤਰ੍ਹਾਂ ਕਾਮਰੇਡ ਪਾਲ ਸਿੰਘ ਦੁਆਰਾ ਨਿਤਾਸ਼ਾ ਨੂੰ ਦੱਸਿਆ ਗਿਆ ਹੈ ਕਿ :

ਨਿਤਾਸ਼ਾ ਪੁੱਤਰ, ਆਪਣਾ ਨਿਸ਼ਾਨਾ ਇਨਕਲਾਬ ਹੈ।

ਜਿੰਨੀ ਦੇਰ ਲੋਕ ਇਸ ਲਈ ਤਿਆਰ ਨਹੀਂ ਹੁੰਦੇ। ਸਾਨੂੰ ਆਪਣਾ ਗੁੱਸਾ ਤੇ ਨਫ਼ਰਤ ਉਸ ਦਿਲ ਲਈ ਸੰਭਾਲ ਕੇ ਰੱਖਣੇ ਪੈਣੇ ਨੇ, ਜਦੋਂ ਭੱਠੀਆਂ ਤਪਾਉਣ ਦਾ ਸਮਾਂ ਆਵੇਗਾ ਅਤੇ ਚਾਨਣ ਹੀ ਚਾਨਣ ਵਿਖਾਈ ਦੇਵੇਗਾ।"[1]

ਇਸ ਤਰ੍ਹਾਂ ਇਹ ਲਹਿਰ ਕੁਝ ਚਿਰ ਲਈ ਮਜ਼ਦੂਰ ਵਰਗ ਦੇ ਹੱਕਾਂ ਵਿਚ ਸੋਚਣ ਲਈ ਲਾ ਦਿੰਦੀ ਹੈ। ਇਸ ਤਰ੍ਹਾਂ ਵੀਰਿੰਦਰ ਵਿਚਲਾ ਅਮੀਰ ਕਾਰਖ਼ਾਨੇਦਾਰ ਦਾ ਖ਼ੂਨ ਆਪਣਾ ਅਸਰ ਉਦੋਂ ਦਿਖਾਉਂਦਾ ਹੈ, ਜਦੋਂ ਉਹ ਆਪਣੇ-ਆਪ ਨੂੰ ਇਕ ਅਜਿਹੀ ਮਾਡਰਨ ਲੜਕੀ ਦੀਆਂ ਬਾਹਵਾਂ ਵਿੱਚ ਆਪ-ਮੁਹਾਰਾ ਸੁੱਟ ਦਿੰਦਾ ਹੈ, ਜੋ ਕਿ ਪੱਛਮ ਵਿੱਚੋਂ ਉਹਦਾ ਰਿਸ਼ਤਾ ਲੈਣ ਆਉਂਦੀ ਹੈ। ਪੱਛਮੀ ਚਮਕ ਦਮਕ ਵਿੱਚ ਗੁਆਚੇ ਵੀਰਿੰਦਰ ਲਈ ਨਿਤਾਸ਼ਾ ਅਤੇ ਅਰਚਣਾ ਵਿਚਕਾਰ ਚੋਣ ਕਰਨੀ ਮੁਸ਼ਕਿਲ ਹੋ ਜਾਂਦੀ ਹੈ। ਅੰਤ ਉਹ ਸਰਮਾਏਦਾਰੀ ਖ਼ੂਨ ਨਿਤਾਸ਼ਾ ਨੂੰ ਅਜਿਹੀ ਪੇਸ਼ਕਸ਼ ਕਰਦਾ ਹੈ, ਜੋ ਉਸ ਦੀ ਜਮਾਤ ਦਾ ਅੰਗ ਹੈ ਤੇ ਨਿਤਾਸ਼ਾ ਉਸ ਦੀ ਰਖੇਲ ਬਣ ਕੇ ਰਹਿਣ ਨਾਲੋਂ ਉਸ ਦੇ ਮੂੰਹ 'ਤੇ ਚਪੇੜ ਮਾਰਦੀ ਹੈ ਤੇ ਮੁੜ ਆਪਣੇ ਇਨਕਲਾਬ ਦੇ ਰਾਹ ਤੁਰ ਪੈਂਦੀ ਹੈ। ਇਸ ਤਰ੍ਹਾਂ ਇਸ ਕਹਾਣੀ ਨੂੰ ਇਕ ਪ੍ਰਤੀਕ ਵਜੋਂ ਵਰਤਿਆ ਗਿਆ ਹੈ। ਕਾਲੀ ਨਦੀ ਪ੍ਰਤੀਕ ਦੇ ਤੌਰ 'ਤੇ ਵਰਤਿਆ ਹੈ ਉਹਨਾਂ ਕਾਲੀਆਂ ਕੀਮਤਾਂ ਦਾ ਜਿਹੜੀਆਂ ਮਨੁੱਖ ਕੋਲੋਂ ਉਸ ਦੀ ਮਨੁੱਖਤਾ ਖੋਹ ਲੈਂਦੀਆਂ ਹਨ।

> ਉਸ ਨੇ ਇਕ ਵਾਰ ਫਿਰ ਖੱਬੇ ਪਾਸੇ ਤੱਕਿਆ। ਦੂਰ ਮਲਾਹ ਦੀ ਝੁੱਗੀ ਵਿੱਚ ਮਿੰਨ੍ਹਾਂ-ਮਿੰਨ੍ਹਾਂ ਚਾਨਣ ਸੀ। ਝੀਲ ਦੇ ਪਸਾਰ ਉੱਤੇ ਕਾਲਾ ਪਾਣੀ ਸਰਾਲ ਵਾਂਗ ਸੌਂ ਰਿਹਾ ਸੀ। ਫਿਰ ਉਸ ਨੂੰ ਝੀਲ ਇਕ ਲਾਵੇ ਦੀ ਨਦੀ ਬਣ ਗਈ ਜਾਪੀ। ਉਸ ਨੇ ਪਾਸਾ ਪਰਤ ਲਿਆ.... ਪਰ ਸੇਕ ਸੀ ਕਿ ਹਾਲੀ ਵੀ ਆ ਰਿਹਾ ਸੀ।[2]

'ਬਲਦ' ਨਾਂ ਦੀ ਕਹਾਣੀ ਇਹੀ ਦੱਸਦੀ ਹੈ ਕਿ ਮਨੁੱਖ ਨੂੰ ਆਪਣਾ ਹੱਕ ਪ੍ਰਾਪਤ ਕਰਨ ਲਈ ਡਰਨਾ ਨਹੀਂ ਚਾਹੀਦਾ। ਸਗੋਂ ਹਿੰਮਤ ਤੇ ਸਵੈ-ਵਿਸ਼ਵਾਸ ਨਾਲ ਟਾਕਰਾ ਕਰਨਾ ਚਾਹੀਦਾ ਹੈ। ਇਸ ਵਿੱਚ ਕਹਾਣੀਕਾਰ ਦੱਸਦਾ ਹੈ ਕਿ ਜੇਕਰ ਮਨੁੱਖ ਔਖੇ ਸਮੇਂ ਵਿੱਚ ਕਿਸੇ ਦੀ ਮਦਦ ਕਰਦਾ ਹੈ ਤਾਂ ਮਦਦ ਲੈਣ ਵਾਲੇ ਨੂੰ ਉਸਦਾ ਸ਼ੁਕਰੀਆ ਅਦਾ ਕਰਨਾ ਚਾਹੀਦਾ ਹੈ ਨਾ ਕਿ ਉਸ ਦੁਆਰਾ ਦਿੱਤੀ ਮਦਦ ਦਾ ਨਜਾਇਜ਼ ਫ਼ਾਇਦਾ ਉਠਾ ਕੇ ਇਨਸਾਨੀਅਤ ਦਾ ਘਾਣ ਕੀਤਾ ਜਾਵੇ। ਜਿਸ ਤਰ੍ਹਾਂ ਕਿ ਇਸ ਕਹਾਣੀ ਵਿੱਚ ਕਰਮਦੀਨ ਠੇਠ ਪੰਜਾਬੀ ਹੈ। ਇਹ ਆਪਣੇ ਸਭਿਆਚਾਰ ਨਾਲ ਚੰਗੀ ਤਰ੍ਹਾਂ ਜੁੜਿਆ ਹੋਇਆ ਹੈ। ਪਰ ਇਸ ਦੇ ਉਲਟ ਆਇਤਾਉਲਾ ਚੌਧਰੀ ਜੋ ਕਿ ਦੂਜਿਆਂ ਨਾਲ ਧੱਕੇਸ਼ਾਹੀ, ਗੈਰ-ਮਾਨਵੀ ਮੁੱਲਾਂ ਨਾਲ ਭਰਿਆ ਹੋਇਆ ਹੈ। ਪਰ ਉਸ ਦਾ ਅੰਤ ਬੁਰਾ ਹੀ ਹੁੰਦਾ ਹੈ। ਇਸ ਲਈ ਉਸ ਦੀ ਪਤਨੀ ਸ਼ਕੀਲਾ ਉਸ ਨੂੰ ਵਾਰ-ਵਾਰ ਸਮਝਾਉਣ ਦੀ ਕੋਸ਼ਿਸ਼ ਕਰਦੀ ਹੋਈ ਕਹਿੰਦੀ ਸੀ ਕਿ:

> ਤੁਹਾਨੂੰ ਕਿੰਨੀ ਵਾਰ ਸਮਝਾਉਣ ਦੀ ਕੋਸ਼ਿਸ਼ ਕੀਤੀ ਸੀ ਕਿ ਤੁਸੀਂ ਇਹਨਾਂ ਪੰਜਾਬੀ ਬਲਦਾਂ ਨੂੰ ਨਾ ਛੇੜਨਾ। ਤੁਸੀਂ ਇਹਨਾਂ ਨੂੰ ਨਹੀਂ ਜਾਣਦੇ।[3]

ਇਸ ਤਰ੍ਹਾਂ ਜਦੋਂ ਕਰਮਦੀਨ ਆਪਣੇ ਹੱਕਾਂ ਪ੍ਰਤੀ ਆਇਤਉਲਾ ਨਾਲ ਲੜਾਈ ਕਰਦਾ ਹੈ ਤਾਂ ਉਸ ਨੂੰ ਅਜਿਹਾ ਪਟਕਾਉਂਦਾ ਹੈ ਕਿ ਉਹ ਨਾ ਘਰ ਦਾ ਰਹਿੰਦਾ ਹੈ ਤੇ ਨਾ ਘਾਟ ਦਾ। ਜਦੋਂ ਕੋਈ ਉਹਨਾਂ ਦੇ ਮਾਣ ਨੂੰ ਠੇਸ ਪਹੁੰਚਾਉਂਦਾ ਹੈ ਤਾਂ ਉਹਨਾਂ ਦੀ ਅਣਖ ਤੇ ਸਵੈ-ਮਾਣ ਅਜਿਹਾ ਪੈਦਾ ਹੁੰਦਾ ਹੈ ਕਿ ਅਗਲੇ ਦਾ ਸਿਰ ਲਾਹੁਣ ਨੂੰ ਵੀ ਤਿਆਰ ਹੋ ਜਾਂਦੇ ਹਨ।

'ਚਾਰ ਵਾਕ' ਵਿੱਚ ਕਾਮਰੇਡ ਪ੍ਰੀਤਮ ਸਿੰਘ ਪਿੰਡ ਵਾਪਸ ਆਉਂਦਾ ਹੈ। ਕਾਮਰੇਡ ਪ੍ਰੀਤਮ ਸਿੰਘ ਸਾਧਾਰਨ ਪਾਤਰ ਨਹੀਂ ਸਗੋਂ ਉਹ ਇਤਿਹਾਸ ਨਾਲ ਜੁੜਿਆ ਪਾਤਰ ਹੈ। ਡਾ. ਸੁਤਿੰਦਰ ਸਿੰਘ ਨੂਰ ਨੇ ਚਾਰਵਾਕ ਕਹਾਣੀ ਦੇ ਪ੍ਰਸੰਗ ਵਿੱਚ ਆਪਣੇ ਵਿਚਾਰ ਪੇਸ਼ ਕੀਤੇ ਹਨ ਕਿ:

> ਰਘੁਬੀਰ ਢੰਡ ਦੀ ਕਹਾਣੀ ਚਾਰਵਾਕ ਨੂੰ ਵੀ ਮੈਂ ਉਸ ਦੀਆਂ ਕੁਝ ਚੋਣਵੀਆਂ ਜਾਂ ਚਰਚਾ ਯੋਗ ਕਹਾਣੀਆਂ 'ਚ ਸਮਝਦਾ ਹਾਂ। ਜਦੋਂ ਇਹ ਕਹਾਣੀ ਪਹਿਲੀ ਵਾਰ ਪ੍ਰਕਾਸ਼ਿਤ ਹੋਈ ਸੀ ਤਾਂ ਇਸ ਬਾਰੇ ਦੋ ਤਰ੍ਹਾਂ ਦੇ ਚਰਚੇ ਪੈਦਾ ਹੋਏ ਸਨ। ਇਕ ਦਾਇਰੇ ਵਿੱਚ ਇਹ ਚਰਚਾ ਸਾਹਮਣੇ ਆਇਆ ਸੀ ਕਿ ਇਹ ਕਹਾਣੀ ਘੱਟ ਹੈ ਤੇ ਦੂਜੇ ਵਿੱਚ ਇਹ ਚਰਚਾ ਸਾਹਮਣੇ ਆਇਆ ਸੀ ਕਿ ਇਸ ਕਹਾਣੀ ਬਾਰੇ ਕਹਾਣੀ ਦੀ ਦ੍ਰਿਸ਼ਟੀ ਤੋਂ ਹੋਰ ਵਧੇਰੇ ਸੋਚਣ

ਦੀ ਲੋੜ ਹੈ।[4]

ਰਘੁਬੀਰ ਢੰਡ ਪੰਜਾਬ ਦੀ ਮੌਜੂਦਾ ਸਥਿਤੀ ਤੋਂ ਗੰਭੀਰ ਚਿੰਤਤ ਹੈ। ਕਿਉਂਕਿ ਹਾਲੇ ਸੰਤਾਲੀ ਨੂੰ ਨਹੀਂ ਭੁੱਲੇ ਸੀ ਜਦੋਂ ਕਿ ਮਜ਼ਬੀ ਜਨੂੰਨ ਨੇ ਨੰਗਾ ਹੋ ਕੇ ਖ਼ੂਨ ਦੀ ਹੋਲੀ ਖੇਡੀ ਸੀ ਤੇ ਅੱਜ ਫੇਰ ਉਹੀ ਸਥਿਤੀ ਪੈਦਾ ਹੋ ਗਈ ਹੈ। ਇਹਨਾਂ ਹਾਲਤਾਂ ਦਾ ਵਰਣਨ 'ਚਾਰਵਾਕ' ਵਿੱਚ ਮਿਲਦਾ ਹੈ।

'ਉੱਖਲੀ' ਦਾ ਨਾਇਕ ਨੀਗਰੋ ਪਾਤਰ ਟਰੈਵਰ ਹੈ। ਜੋ ਕਿ ਨਸਲਵਾਦ ਦਾ ਸ਼ਿਕਾਰ ਬਣਦਾ ਹੈ। ਜਿਸ ਵਿੱਚ ਅੰਤਾਂ ਦੀ ਹਲੀਮੀ, ਦੋਸਤਾਂ ਦੇ ਕੰਮ ਆਉਣ ਵਾਲਾ ਤੇ ਮਸ਼ੀਨੀਕਰਨ ਦੇ ਦੌਰ ਵਿੱਚ ਰਹਿੰਦਿਆਂ ਵੀ ਭਾਵਨਾਵਾਂ ਨੂੰ ਪਛਾਣਨ ਤੇ ਉਨ੍ਹਾਂ ਦੀ ਕਦਰ ਕਰਨ ਵਾਲਾ ਹੈ। ਪਰ ਜਦੋਂ ਕੋਈ ਉਸ ਦੇ ਸਵੈ-ਮਾਨ ਨੂੰ ਠੇਸ ਪਹੁੰਚਾਉਂਦਾ ਹੈ ਤਾਂ ਉਹ ਉਸ ਦਾ ਬਦਲਾ ਲੈਣਾ ਜਾਣਦਾ ਹੈ:

> ਰਘੁਬੀਰ ਢੰਡ ਅਨੁਸਾਰ ਗੋਰੇ ਲੋਕਾਂ ਨੇ ਹਮੇਸ਼ਾ ਕਾਲੀ ਨਸਲ ਦੇ ਲੋਕਾਂ ਨੂੰ ਦੁਰਕਾਰਿਆ ਹੈ। ਇਸ ਕਰਕੇ ਅੱਜ ਦੁਨੀਆਂ ਦੇ ਗੈਰ ਗੋਰੇ ਲੋਕ, ਭਾਵੇਂ ਉਹ ਏਸ਼ੀਆ ਦੇ ਹੋਣ ਜਾਂ ਅਫ਼ਰੀਕਾ ਦੇ, ਗੋਰੀ ਨਸਲ ਨੂੰ ਨਫ਼ਰਤ ਕਰਦੇ ਹਨ। ਇਹ ਉਸ ਦੀ ਕਹਾਣੀ 'ਉਖਲੀ' ਤੋਂ ਪਤਾ ਲਗਦਾ ਹੈ। ਇਸ ਕਹਾਣੀ ਵਿੱਚ ਉਸਨੇ ਗੋਰੇ ਲੋਕਾਂ ਦੀ ਗ਼ੁਲਾਮੀ ਨੂੰ ਕਾਲੇ ਲੋਕਾਂ ਦੀ ਮਜਬੂਰੀ ਦੱਸਿਆ ਹੈ, ਜਦ ਕਿ ਕਾਲੇ ਲੋਕਾਂ ਵਿੱਚ ਵੀ ਸਵੈ-ਮਾਨ ਅਤੇ ਗ਼ੈਰਤ ਬਿਰਾਜਮਾਨ ਹੈ।[5]

'ਦਾਇਰੇ ਤੋਂ ਪਾਰ', 'ਸਰਾਲ' ਅਤੇ 'ਅਧੂਰੀ ਕਹਾਣੀ' ਵਿੱਚ ਪਰਵਾਸੀ ਭਾਰਤੀਆਂ ਦੀਆਂ ਸੰਤਾਨਾਂ ਦੁਆਰਾ ਆਪਣੇ ਸਭਿਆਚਾਰਕ ਵਿਰਸੇ ਨੂੰ ਭੁੱਲ ਕੇ ਪੱਛਮੀ ਸਭਿਅਤਾ ਵਿੱਚ ਲੀਨ ਹੋਣ ਦੀ ਗੱਲ ਕੀਤੀ ਹੈ। ਇਹਨਾਂ ਕਹਾਣੀਆਂ ਵਿੱਚ ਇਹ ਦਰਸਾਇਆ ਹੈ ਕਿ ਕਿਵੇਂ ਭਾਰਤੀਆਂ ਦੇ ਬੱਚੇ ਡਾਲਰਾਂ, ਪੌਂਡਾਂ ਦੀ ਘੁੰਮਣ-ਘੇਰੀ ਵਿੱਚ ਪੈ ਕੇ ਆਪਣੇ ਮਾਪਿਆਂ ਤੋਂ ਬੇ-ਮੁੱਖ ਹੋਏ ਹਨ। ਕਿਵੇਂ ਮਾਪੇ ਆਪਣੀ ਔਲਾਦ ਦੇ ਬੇ-ਮੁੱਖ ਹੋਣ ਦਾ ਸੰਤਾਪ ਸਹਿ ਰਹੇ ਹਨ।

ਜਿਵੇਂ ਕਿ 'ਦਾਇਰੇ ਤੋਂ ਪਾਰ' ਤੇ 'ਮਣਕੇ ਤੇ ਲੜੀਆਂ' ਦੇ ਮੁੱਖ ਪਾਤਰ ਮਾਸਟਰ ਧਰਮਪਾਲ ਅਤੇ ਸ਼ੀਲ ਆਪਣੇ ਪੁੱਤਰਾਂ ਦਾ ਮਾਪਿਆਂ ਤੋਂ ਬੇ-ਮੁੱਖ ਹੋਣ ਦਾ ਸੰਤਾਪ ਝੇਲ ਰਹੇ ਹਨ। ਕਿਉਂਕਿ ਉਹਨਾਂ ਨੂੰ ਪੱਛਮੀ ਸਭਿਅਤਾ ਨੇ ਮੋਹ ਲਿਆ ਹੇ ਤੇ ਇਸ ਕਰਕੇ ਹੀ ਉਹ ਪੱਛਮੀ ਕਲਚਰ ਅਨੁਸਾਰ ਜੀਵਨ ਜਾਂਚ ਨੂੰ ਤਰਜੀਹ ਦੇ ਰਹੇ ਹਨ। ਉਹਨਾਂ ਨੂੰ ਆਪਣੇ ਭਾਰਤੀ ਸਭਿਆਚਾਰ ਪ੍ਰਤੀ ਕੋਈ ਮੋਹ ਨਹੀਂ ਹੈ। ਇਹ ਕਾਰਨ ਹਨ ਕਿ ਉਹ ਆਪਣੇ ਮਾਪਿਆਂ ਨਾਲ ਜੀਵਨ ਬਤੀਤ ਕਰਨ ਵਿੱਚ ਕਠਨਾਈ ਮਹਿਸੂਸ ਕਰਦੇ ਹਨ। ਕਿਉਂਕਿ ਉਹਨਾਂ ਨੇ ਪੱਛਮੀ ਪ੍ਰਭਾਵ ਇੰਨਾ ਕਬੂਲ ਲਿਆ ਹੈ ਕਿ ਆਪਣੇ ਤੋਂ ਵੱਡਿਆਂ ਦਾ ਮਾਣ ਸਤਿਕਾਰ ਕਰਨਾ ਤਾਂ ਦੂਰ ਦੀ ਗੱਲ ਉਹ ਉਹਨਾਂ ਨਾਲ ਸਿੱਧੇ ਮੂੰਹ ਗੱਲ ਕਰਨ ਵਿੱਚ ਵੀ ਔਖ ਮਹਿਸੂਸ ਕਰਦੇ ਹਨ। ਇਸ ਪ੍ਰਕਾਰ 'ਦਾਇਰੇ ਤੋਂ ਪਾਰ' ਕਹਾਣੀ ਵਿੱਚ ਅਸੀਂ ਦੇਖਦੇ ਹਾਂ ਕਿ ਪੱਛਮੀ ਸਭਿਅਤਾ ਨਾਲ ਪ੍ਰਣਾਈ ਨੌਜਵਾਨ ਪੀੜ੍ਹੀ ਕਿਵੇਂ ਸ਼ਰਮ ਦੀਆਂ ਸਾਰੀਆਂ ਹੱਦਾਂ ਟੱਪ ਰਹੀ ਪ੍ਰਤੀਤ ਹੁੰਦੀ ਹੈ। 'ਦਾਇਰੇ ਤੋਂ ਪਾਰ' ਕਹਾਣੀ ਵਿੱਚ ਕਹਾਣੀਕਾਰ ਇਸ ਸਾਰੀ ਵਿਥਿਆ ਨੂੰ ਦਰਸਾਉਂਦਾ ਹੈ:

> ਉਹ ਉਲਝਿਆ ਹੋਇਆ ਵੀ ਸਭ ਕੁੱਝ ਪ੍ਰਵਾਨ ਕਰਦਾ ਰਿਹਾ ਸੀ। ਰਜਿਸਟਰੇਸ਼ਨ ਤੇ ਵੀ ਚੱਲਿਆ ਗਿਆ ਸੀ, ਚਰਚ ਵੀ, ਮਾਡਲੇ ਰੈਸਟੋਰੈਂਟ ਵਿੱਚ ਵੀ ਤੇ ਉਸ ਨੇ ਬਿਲ ਵੀ ਤਾਰ ਦਿੱਤਾ ਸੀ। ਪਰ ਤਿੰਨੇ ਥਾਂ ਉਹ ਗੁਆਚੀ ਹੋਈ ਗਾਂ ਵਾਂਗ ਬੈਠਾ ਰਿਹਾ ਸੀ, ਤੇ ਮੁੰਡੇ ਉਹਦੇ ਸਾਹਮਣੇ ਆਪਣੀਆਂ ਗੋਰੀਆਂ ਨੂੰ ਚੁੰਮੀ ਜਾ ਰਹੇ ਸਨ। ਉਹਦੇ ਸਾਹਮਣੇ ਆਰਤੀ ਇਕ ਵਾਰ ਫਿਰ ਮਰ ਗਈ। ਪਤਾ ਈ ਗੋਰੀਆਂ ਨੂੰਹਾਂ ਨੇ ਰਸਮ ਤੋਂ ਬਾਅਦ ਉਸ ਨੂੰ ਕੀ ਆਖਿਆ ਸੀ? ਹਾਂ ਪਤਾ ਹੈ, ਹੈਲੋ, ਮਿਸਟਰ ਬਾਟਾ।' ਵਿਆਹ ਵਿਚ ਕੁਝ ਇੰਡੀਅਨ ਮੁੰਡੇ-ਕੁੜੀਆਂ ਸਨ ਜਿਹੜੇ ਗੋਰਿਆਂ ਦੇ ਪਿਉ ਸਨ।[6]

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਕਿਵੇਂ ਸਾਡੇ ਲੋਕਾਂ ਦੁਆਰਾ ਵਿਦੇਸ਼ਾਂ ਵਿੱਚ ਉਦਰੇਵਾ ਭੂ-ਹੇਰਵਾ, ਪੀੜ੍ਹੀ ਪਾੜਾ ਹੰਢਾਇਆ ਜਾ ਰਿਹਾ ਹੈ, ਨੂੰ ਕਹਾਣੀਕਾਰ ਆਪਣੀਆਂ ਕਹਾਣੀਆਂ ਵਿੱਚ ਪੇਸ਼ ਕਰਦਾ ਹੈ।

ਬਾਹਰੋਂ ਆਏ ਲੋਕ' ਅਤੇ 'ਲਹੂ ਨਾਲ ਖਿੱਚੀਆਂ ਲਕੀਰਾਂ' ਕਹਾਣੀਆਂ ਵਿੱਚ ਅਸੀਂ ਦੇਖਦੇ ਹਾਂ ਕਿਵੇਂ ਧਰਮਾਂ ਤੇ ਮਜ਼ਬਾਂ ਦੇ ਨਾਮ 'ਤੇ ਲੜਾਈਆਂ ਹੁੰਦੀਆਂ ਹਨ। ਜਿਸ

ਦਾ ਸੰਤਾਪ ਅੱਜ ਤੱਕ ਸਾਡੇ ਲੋਕ ਹੰਢਾ ਰਹੇ ਹਨ। 'ਬਾਹਰੋਂ ਆਏ ਲੋਕ' ਕਹਾਣੀ ਵਿੱਚ ਮੁੱਖ ਪਾਤਰ ਬਿੰਦੂ ਹੈ ਜੋ ਕਿ ਇੰਗਲੈਂਡ ਵਿੱਚ ਰਹਿੰਦੀ ਹੈ। ਆਪਣੇ ਪਿਤਾ ਦੀ ਮੌਤ ਉਪਰੰਤ ਭਾਰਤ ਆਉਂਦੀ ਹੈ ਫਿਰ ਭਾਰਤ ਦਾ ਦੰਗਿਆਂ ਫ਼ਸਾਦਾਂ ਵਾਲਾ ਮਾਹੌਲ ਉਸ ਵਿੱਚ ਹਰ ਸਮੇਂ ਸਹਿਮ ਬਣਾਈ ਰੱਖਦਾ ਹੈ।

'ਲਹੂ ਨਾਲ ਖਿੱਚੀਆਂ ਲਕੀਰਾਂ' ਕਹਾਣੀ ਵਿੱਚ ਵੀ ਵਿਦੇਸ਼ਾਂ ਵਿੱਚ ਰਹਿੰਦੇ ਲੋਕਾਂ ਦੇ ਮਨਾ ਵਿੱਚ ਹਾਲੇ ਵੀ ਮਜ਼ਬਾਂ ਤੇ ਧਰਮਾਂ ਦੀ ਲੜਾਈ ਦਾ ਡਰ ਘਰ ਕਰੀ ਬੈਠਾ ਹੈ। ਉਹਨਾਂ ਦੇ ਅਵਚੇਤਨ ਮਨ ਵਿੱਚ ਕਿਤੇ ਨਾ ਕਿਤੇ ਧਰਮਾਂ ਦੇ ਨਾਂ ਤੇ ਹੁੰਦੇ ਦੰਗੇ ਫ਼ਸਾਦਾਂ ਦੀ ਯਾਦ ਉਹਨਾਂ ਨੂੰ ਅਜਿਹੇ ਮੰਦਭਾਗੇ ਹਾਲਾਤ ਭੁੱਲਣ ਨਹੀਂ ਦਿੰਦੀ। ਕਿਸ ਤਰ੍ਹਾਂ ਸਿਆਸਤੀ ਲੋਕ ਆਪਣੀਆਂ ਚਾਲਾਂ ਚੱਲ ਕੇ ਲੋਕਾਂ ਵਿੱਚ ਦੰਗੇ ਫ਼ਸਾਦ ਕਰਵਾਉਂਦੇ ਹਨ। ਮਜ਼ਬ ਨੂੰ ਸਿਆਸਤ ਵਿੱਚ ਸ਼ਾਮਲ ਕਰਕੇ ਇਸ ਦੇ ਸੰਚਾਲਕਾਂ ਨੂੰ ਤੱਤੀਆਂ ਤਵੀਆਂ ਤੇ ਭੰਨ-ਭੁੰਨ ਕੇ ਅਤੇ ਚਰਖੜੀਆਂ ਤੇ ਚਾੜ੍ਹ ਮਾਰ ਸੁੱਟਿਆ ਅਤੇ ਲੋਕਾਂ ਦੇ ਜਜ਼ਬਿਆਂ ਨੂੰ ਪੈਟਰੋਲ ਵਿੱਚ ਬਦਲ ਕੇ ਮਜ਼ਬਾਂ ਦੀ ਅੱਗ ਲਾ ਦਿੱਤੀ। ਜਦੋਂ ਇੱਕ ਬੱਚਾ ਜਨਮ ਲੈ ਕੇ ਸੰਸਾਰ 'ਤੇ ਆਉਂਦਾ ਹੈ ਤਾਂ ਉਸ ਦਾ ਕੋਈ ਧਰਮ ਨਹੀਂ ਹੁੰਦਾ ਸਗੋਂ ਉਸ ਵਿੱਚ ਰੂਹਾਨੀਅਤ ਦਿਖਾਈ ਦਿੰਦੀ ਹੈ। ਪਰ ਇਨਸਾਨ ਦੀ ਮਾੜੀ ਸੋਚ ਉਸ ਨੂੰ ਮਜ਼ਬ ਦੇ ਘੇਰੇ ਵਿੱਚ ਕੈਦ ਕਰ ਲੈਂਦੀ ਹੈ। 'ਮਜ਼ਬ ਨਹੀਂ ਸਿਖਾਤਾ ਆਪਸ ਮੇਂ ਬੈਰ ਰਖਨਾ, ਹਿੰਦੀ ਹੈ ਹਮ ਵਤਨ ਹੈਂ ਹਿੰਦੋਸਤਾਂ ਹਮਾਰਾ' ਰਘੁਬੀਰ ਢੰਡ ਦੀ ਕਲਾ 'ਤੇ ਵਿਚਾਰ ਕਰਦੇ ਹੋਏ ਪ੍ਰਿੰ. ਸੁਖਦੇਵ ਸਿੰਘ ਰਾਣਾ ਦਾ ਵਿਚਾਰ ਹੈ ਕਿ :

> ਜਿੱਥੋਂ ਤੱਕ ਰਘੁਬੀਰ ਢੰਡ ਦੀ ਕਲਾ ਦਾ ਸੰਬੰਧ ਹੈ ਇਸ ਬਾਰੇ ਕਹਿਣਾ ਸੂਰਜ ਨੂੰ ਦੀਵਾ ਦਿਖਾਉਣ ਦੇ ਤੁੱਲ ਹੈ। 'ਕਾਲੀ ਨਦੀ ਦਾ ਸੇਕ' ਵਿੱਚ ਉਹ ਇੱਕ ਥਾਂ ਲਿਖਦਾ ਹੈ 'ਪੱਛਮ ਵਿੱਚ ਡੁੱਬ ਰਹੇ ਸੂਰਜ ਦੀ ਲਾਲੀ ਪੂਰਬ ਦੇ ਸੰਘਣੇ ਬੱਦਲਾਂ 'ਤੇ ਇੰਜ ਪੈ ਰਹੀ ਸੀ ਜਿਵੇਂ ਪੱਛਮੀ ਬੰਗਾਲ ਵਿੱਚ ਅਹਿੰਸਾਵਾਦੀਆਂ ਹੱਥੋਂ ਕੋਹੇ ਲੋਕਾਂ ਦਾ ਖ਼ੂਨ ਧਰਤੀ ਮਾਂ ਦੇ ਚੀਰ ਦੀ ਕਹਿਕਸ਼ਾ ਵਿੱਚ ਸੰਧੂਰ ਭਰ ਰਿਹਾ ਹੋਵੇ। ਢੰਡ ਥੋੜ੍ਹੇ ਸ਼ਬਦਾਂ ਵਿੱਚ ਇੰਨੀ ਵੱਡੀ ਸਚਾਈ ਕਹਿੰਦਾ ਹੈ ਕਿ ਉਸ ਦੀ ਗੱਲ ਦਿਲ ਦੀਆਂ ਡੂੰਘਾਈਆਂ ਤੱਕ ਉਤਰ ਜਾਂਦੀ ਹੈ।[7]

ਰਘੁਬੀਰ ਢੰਡ ਦੀਆਂ ਕਹਾਣੀਆਂ ਦੇ ਪਾਤਰ ਆਮ ਲੋਕਾਂ ਦੇ ਬਹੁਤ ਨੇੜੇ ਜਾਪਦੇ ਹਨ। ਕਾਲੀ ਨਦੀ ਦਾ ਸੇਕ ਦੀ ਪਾਤਰ ਨਿਤਾਸ਼ਾ, 'ਬਲਦ' ਦਾ ਕਰਮਦੀਨ, 'ਚਾਰਵਾਕ' ਦਾ ਕਾਮਰੇਡ ਪ੍ਰੀਤਮ ਸਿੰਘ, 'ਉੱਖਲੀ' ਦਾ ਟਰੈਵਰ, 'ਦਾਇਰੇ ਤੋਂ ਪਾਰ' ਦਾ ਮਾਸਟਰ ਧਰਮ ਪਾਲ, 'ਮਣਕੇ ਤੇ ਲੜੀਆਂ' ਦੀ ਸ਼ੀਲ, 'ਬਾਹਰੋਂ ਆਏ ਲੋਕ' ਦੀ ਬਿੰਦੂ ਇਹਨਾਂ ਨੂੰ ਕਦੇ ਵੀ ਪਾਠਕ ਭੁੱਲ ਨਹੀਂ ਸਕਦੇ।

ਰਘੁਬੀਰ ਢੰਡ ਦੀਆਂ ਕਹਾਣੀਆਂ ਵਿੱਚ ਪੇਸ਼ ਹੋਈ ਪਰਵਾਸੀ ਚੇਤਨਾ ਬਾਰੇ ਇਹ ਕਿਹਾ ਜਾ ਸਕਦਾ ਹੈ ਕਿ ਉਸ ਨੇ ਪਰਵਾਸੀ ਜੀਵਨ ਨੂੰ ਵਿਗਿਆਨਿਕ ਦ੍ਰਿਸ਼ਟੀਕੋਣ ਨਾਲ ਦੇਖਿਆ, ਪਰਖਿਆ ਅਤੇ ਫਿਰ ਕਹਾਣੀਆਂ ਵਿੱਚ ਪੇਸ਼ ਕੀਤਾ ਹੈ। ਢੰਡ ਆਪਣੀਆਂ ਕਹਾਣੀਆਂ ਵਿੱਚ ਹਰ ਆਰਥਿਕ, ਸਮਾਜਕ ਤੇ ਰਾਜਨੀਤਕ ਸਮੱਸਿਆ ਦਾ ਹੱਲ ਸ਼੍ਰੇਣੀ ਘੋਲ ਵਿੱਚੋਂ ਲੱਭਦਾ ਹੈ।

**ਹਵਾਲੇ ਤੇ ਟਿੱਪਣੀਆਂ**


1. ਪ੍ਰਕਾਸ਼ ਢੰਡ/ਸੋਹਣ ਢੰਡ (ਸੰਪਾ. ), ਕਾਲੀ ਨਦੀ ਦਾ ਸੇਕ, ਪੰਨਾ 43
2. ਉਹੀ, ਪੰਨਾ 51
3. ਉਹੀ, ਪੰਨਾ 62
4. ਮੋਹਨ ਭੰਡਾਰੀ (ਸੰਪਾ.) ਡਾ. ਰਘਬੀਰ ਢੰਡ ਸਿਮਰਤੀ ਗ੍ਰੰਥ, ਰਘੁਬੀਰ ਢੰਡ ਦੀ ਕਹਾਣੀ ਚਾਰਵਾਕ (ਡਾ.ਸਤਿੰਦਰ ਸਿੰਘ ਨੂਰ), ਪੰਨਾ 150
5. ਉਹੀ, ਕਾਲੀ ਨਦੀ ਦਾ ਸੇਕ (ਪ੍ਰਿੰ. ਸੁਖਦੇਵ ਸਿੰਘ ਰਾਣਾ), ਪੰਨਾ 204
6. ਪ੍ਰਕਾਸ਼ ਢੰਡ, ਸੋਹਣ ਢੰਡ (ਸੰਪਾ.), ਕਾਲੀ ਨਦੀ ਦਾ ਸੇਕ, ਪੰਨਾ 104
7. ਮੋਹਨ ਭੰਡਾਰੀ (ਸੰਪਾ.) ਡਾ. ਰਘਬੀਰ ਢੰਡ ਸਿਮਰਤੀ ਗ੍ਰੰਥ, ਕਾਲੀ ਨਦੀ ਦਾ ਸੇਕ (ਪ੍ਰਿੰ. ਸੁਖਦੇਵ ਸਿੰਘ ਰਾਣਾ), ਪੰਨਾ 205



ਖੋਜਾਰਥੀ,
ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ
84377-84614

# ਲਾਲ ਸਿੰਘ ਦਿਲ ਦੀ ਕਵਿਤਾ ਵਿਚ ਰਾਜਸੀ ਅਵਚੇਤਨ ਦੀ ਪੇਸ਼ਕਾਰੀ

ਗੁਰਦੀਪ ਸਿੰਘ



ਕਵਿਤਾ ਇਕ ਵੇਗ ਦੀ ਤਰ੍ਹਾਂ ਅਚਾਨਕ ਨਹੀਂ ਫੁੱਟ ਪੈਂਦੀ ਉਸ ਪਿੱਛੇ ਉਹ ਸਥਿਤੀਆਂ/ਪ੍ਰਸਥਿਤੀਆਂ ਕੰਮ ਕਰ ਰਹੀਆਂ ਹੁੰਦੀਆਂ ਹਨ ਜੋ ਕਵੀ ਦਾ ਅਵਚੇਤਨ ਸਿਰਜਦੀਆਂ ਹਨ ਤੇ ਹੌਲੀ-ਹੌਲੀ ਉਸ ਦੀ ਵਿਚਾਰਧਾਰਾ ਦਾ ਅੰਗ ਬਣਦੀਆਂ ਹਨ ਅਤੇ ਉਸ ਦੀ ਰਚਨਾ ਵਿਚ ਦਿਖਾਈ ਦਿੰਦੀ ਹੈ। ਲਾਲ ਸਿੰਘ ਦਿਲ ਦਾ ਰਾਜਸੀ ਅਵਚੇਤਨ ਸਦੀਆਂ ਤੋਂ ਦੇਵਤਾ-ਰਾਕਸ਼, ਆਰੀਅਨ-ਦਰਾਵੜ੍ਹ, ਉੱਚ-ਨੀਚ ਆਦਿ ਸ਼ਬਦਾਂ ਰਾਹੀਂ ਸੱਤਾ ਧਿਰ ਵੱਲੋਂ ਸਿਰਜੇ ਪ੍ਰਵਚਨ ਦੇ ਵਿਰੋਧ ਵਿਚ ਪੈਦਾ ਹੁੰਦਾ ਹੈ ਜੋ ਉਸ ਦੀ ਰਚਨਾ ਵਿਚ ਸਿੱਧੇ/ਅਸਿੱਧੇ ਰੂਪ ਵਿਚ ਦਿਖਾਈ ਦਿੰਦਾ ਹੈ। ਤਸਕੀਨ ਅਨੁਸਾਰ "ਕਵਿਤਾ ਨੂੰ ਕਿਸੇ ਵਿਸ਼ੇਸ਼ ਜਾਤ ਧਰਮ ਇਲਾਕੇ ਦੇ ਹਿੱਤਾਂ ਤੋਂ ਪਰਖਣ ਅਤੇ ਉਸ ਦੀ ਚੜ੍ਹਤ ਨੂੰ ਆਪਣੇ ਜਾਤੀ ਹਿੱਤ ਵਿਚ ਵਾਚਣ ਨਾਲੋਂ ਕਵਿਤਾ ਨੂੰ ਕਵਿਤਾ ਦੇ ਹਿੱਤ ਤੋਂ ਵਾਚਣ ਦੀ ਜ਼ਰੂਰਤ ਹੁੰਦੀ ਹੈ। (ਕਵਿਤਾ) ਆਪਣੇ ਅੰਦਰ ਕਿਸੇ ਹਿੱਤ ਦੇ ਸਰੋਕਾਰਾਂ ਦੀ ਆਵਾਜ਼ ਕਦੋਂ ਬਣ ਜਾਂਦੀ ਹੈ ਬਾਰੇ ਕਵੀ ਨੂੰ ਵੱਧ ਚਿੰਤਤ ਅਤੇ ਚੇਤੰਨ ਹੋਣਾ ਚਾਹੀਦਾ ਹੈ ਕਿਉਂਕਿ ਰਚਨਾ ਦੇ ਉਗਮਣ ਸਮੇਂ ਉਸ ਦਾ ਰਚੇਤਾ ਅਚੇਤ ਅਤੇ ਸੁਚੇਤ ਦੇ ਦਵੰਦ ਵਿਚੋਂ ਉਸ ਦੀ ਤਲਾਸ਼ ਕਰਦਾ ਹੈ। ਰਚੇਤਾ ਭਾਵੇਂ ਕਿ ਸੁਚੇਤ ਪੱਧਰ 'ਤੇ ਰਚਨਾ ਨੂੰ ਘੜਨ ਦਾ ਯਤਨ ਕਰਦਾ ਹੈ ਪਰੰਤੂ ਸਦੀਆਂ ਤੋਂ ਉਸ ਅੰਦਰ ਵਿਚਰਦੀਆਂ ਮਾਨਸਿਕ ਗ੍ਰੰਥੀਆਂ ਵਿਚ ਮਰੀਆਂ ਪੀੜ੍ਹੀਆਂ ਦੇ ਵਿਚਾਰ ਵੀ ਅਵਚੇਤਨ ਰਾਹੀਂ ਰਚਨਾ ਵਿਚ ਸ਼ਾਮਲ ਹੁੰਦੇ ਹਨ[1]" ਜਿਸ ਨੂੰ ਫਰੈਡਰਿਕ ਜੇਮਸ (Fredric Jameson) ਰਾਜਸੀ ਅਵਚੇਤਨ ਦਾ ਨਾਮ ਦਿੰਦਾ ਹੈ। ਉਸ ਅਨੁਸਾਰ ਰਾਜਸੀ ਅਵਚੇਤਨ ਕੇਵਲ ਉਸ ਕਿਰਤ ਵਿਚ ਵਿਦਮਾਨ ਨਹੀਂ ਹੁੰਦਾ ਜਿਸ ਦਾ ਸੰਬੰਧ ਸਿੱਧੇ ਰੂਪ ਵਿਚ ਰਾਜਨੀਤੀ ਨਾਲ ਹੋਵੇ ਸਗੋਂ ਮਨੁੱਖ ਸਿਰਜਤ ਹਰ ਸਮਾਜਿਕ ਸਭਿਆਚਾਰਕ ਕਿਰਤ ਅੰਤਿਮ ਰੂਪ ਵਿਚ ਰਾਜਸੀ ਹੀ ਹੁੰਦੀ ਹੈ।

ਰਾਜਸੀ ਅਵਚੇਤਨ ਦਾ ਜ਼ਿਕਰ ਫਰੈਡਰਿਕ ਜੇਮਸਨ ਆਪਣੀ ਕਿਤਾਬ *The Political Unconsious* ਵਿਚ ਕਰਦਾ ਹੈ। ਇਹ ਸੰਕਲਪ ਹੈ ਕੀ? ਸਭ ਤੋਂ ਪਹਿਲਾ ਇਹ ਜਾਣਨਾ ਬਣਦਾ ਹੈ। ਜੇਮਸਨ ਦੀ ਸਥਾਪਤੀ ਹੈ ਕਿ ਰਾਜਸੀ ਅਵਚੇਤਨ ਉਹ ਇਤਿਹਾਸਕ ਯਥਾਰਥ ਹੈ ਜੋ ਕਿਸੇ ਬਿਰਤਾਂਤ ਸਿਰਜਨਾ ਦੀ ਅੰਤਰੀਵ ਸੰਰਚਨਾ ਵਿਚ ਕਾਰਜ਼ਸ਼ੀਲ ਵਿਚਾਰਧਰਾਈ ਪ੍ਰਬੰਧਾਂ ਰਾਹੀਂ ਪੇਸ਼ ਹੁੰਦਾ ਹੈ। ਅਵਚੇਤਨ ਵਿਭਿੰਨ ਸਭਿਆਚਾਰਕ ਪਾਠ (text) ਪ੍ਰਬੰਧਾਂ ਦਾ ਪ੍ਰੇਰਨਾ ਸਰੋਤ ਹੈ ਅਤੇ ਭਿੰਨ-ਭਿੰਨ ਪਾਠ ਪ੍ਰਬੰਧਾਂ ਰਾਹੀਂ ਹੀ ਆਪਣੀ ਹੋਂਦ ਦਾ ਪ੍ਰਗਟਾਵਾ ਕਰਦਾ ਹੈ। ਜੇਮਸਨ, ਮਾਰਕਸ ਅਤੇ ਏਂਗਲਜ਼ ਦੇ ਹਵਾਲੇ ਨਾਲ ਕਹਿੰਦਾ ਹੈ ਕਿ ''ਸਾਰੇ ਅਜੋਕੇ ਸਮਾਜ ਦਾ ਇਤਿਹਾਸ ਜਮਾਤੀ ਸੰਘਰਸ਼ਾਂ ਦਾ ਇਤਿਹਾਸ ਹੈ : "ਆਜ਼ਾਦ ਅਤੇ ਗ਼ੁਲਾਮ, ਅਮੀਰ/ਕੁਲੀਨ ਅਤੇ ਗ਼ਰੀਬ ਮਾਲਕ ਅਤੇ ਦਾਸ ਕਾਰਖ਼ਾਨੇ ਦਾ ਮਾਲਕ ਅਤੇ ਮਜ਼ਦੂਰ- ਇਕ ਸ਼ਬਦ ਵਿਚ ਜ਼ੁਲਮ ਕਰਨ ਵਾਲਾ ਅਤੇ ਦੱਬੇ-ਕੁਚਲੇ ਇਕ ਦੂਜੇ ਦੇ ਨਿਰੰਤਰ ਵਿਰੋਧ ਵਿਚ ਖੜ੍ਹੇ ਹਨ।"[2] ਫਰੈਡਰਿਕ ਜੇਮਸਨ ਅਨੁਸਾਰ :

> ਬਿਰਤਾਂਤਕ ਕਿਰਤ ਵਿਚੋਂ ਬੁਨਿਆਦੀ ਇਤਿਹਾਸ ਦੀ ਦਮਨ ਅਤੇ ਦਫ਼ਨ ਕੀਤੀ ਗਈ ਅਸਲੀਅਤ ਨੂੰ ਲੱਭਣ ਦਾ ਯਤਨ ਕਰਨਾ ਰਾਜਸੀ ਅਵਚੇਤਨ ਦੇ ਸੰਕਲਪ ਦੀ ਮਹਤੱਵਪੂਰਨ ਲੋੜ ਹੈ।[3]

ਫਰੈਡਰਿਕ ਜੇਮਸਨ ਦੇ ਇਸ ਸੰਕਲਪ ਦੀ ਰੌਸ਼ਨੀ ਵਿਚ ਅਸੀਂ ਲਾਲ ਸਿੰਘ ਦਿਲ ਦੀ ਰਚਨਾ ਨੂੰ ਵਾਚਣ ਦੀ ਕੋਸ਼ਿਸ਼ ਕਰਾਂਗੇ। ਲਾਲ ਸਿੰਘ ਦਿਲ ਦੀ ਕਵਿਤਾ ਵਿਚ ਰਾਜਸੀ ਅਵਚੇਤਨ ਦਾ ਆਧਾਰ ਦੋ ਪੱਧਰਾਂ ਪਹਿਲਾ ਭਾਰਤੀ ਸੰਸਕ੍ਰਿਤੀ ਵਿਚ ਮੌਜੂਦ ਵਰਣ ਵਿਵਸਥਾ ਵਿਚ ਪਿਆ ਹੈ। ਕਿਉਂਕਿ ਲੇਖਕ ਦੀ ਰਚਨਾ ਨੂੰ ਉਸ ਦੀ ਜਾਤ/ਵਰਣ ਜਿਸ ਵਰਗ ਨਾਲ ਉਸ ਦਾ ਸੰਬੰਧ ਹੈ ਉਸ ਤੋਂ ਵੱਖ ਕਰਕੇ ਨਹੀਂ ਵਾਚਿਆ ਜਾ ਸਕਦਾ ਅਤੇ ਦੂਜਾ ਆਜ਼ਾਦੀ

ਉਪਰੰਤ ਭਾਰਤ ਦੀ ਅਰਥ-ਵਿਵਸਥਾ ਦਾ ਪੂੰਜੀਵਾਦੀਆਂ ਦੇ ਹੱਥ ਵਿਚ ਇਕੱਠਾ ਹੋਣ ਦੇ ਵਿਰੋਧ ਵਿਚ ਦਿਖਾਈ ਦਿੰਦਾ ਹੈ। ਇਸ ਦਾ ਕਾਰਨ ਦੇਸ਼ ਨੂੰ ਬ੍ਰਿਟਿਸ਼ ਸਾਮਰਾਜ ਤੋਂ ਆਜ਼ਾਦੀ ਮਿਲਣ ਤੋਂ ਬਾਅਦ ਬਣੀ ਦੇਸੀ ਕੇਂਦਰੀ ਸਰਕਾਰ ਦਾ ਦੇਸ਼ ਭਗਤਾਂ ਦੁਆਰਾ ਆਜ਼ਾਦ ਦੇਸ਼ ਲਈ ਲਏ ਸੁਪਨਿਆਂ ਅਤੇ ਆਮ ਜਨਤਾ ਦੀਆਂ ਉਮੀਦਾਂ 'ਤੇ ਪੂਰਾ ਨਾ ਉਤਰ ਸਕਣਾ ਸੀ। ਸਰਕਾਰ ਦੀਆਂ ਗ਼ਲਤ ਨੀਤੀਆਂ ਦੇ ਵਿਰੋਧ ਵਿਚ ਦੇਸ਼ ਅੰਦਰ ਸੰਘਰਸ਼ ਪੈਦਾ ਹੋਣੇ ਲਾਜ਼ਮੀ ਸਨ। ਇਨ੍ਹਾਂ ਸੰਘਰਸ਼ਾਂ ਵਿਚੋਂ 1967 ਵਿਚ ਪੱਛਮੀ ਬੰਗਾਲ ਦੇ ਇਕ ਛੋਟੇ ਜਿਹੇ ਪਿੰਡ ਨਕਸਲਬਾੜੀ ਵਿਚ ਕਿਸਾਨ ਮਜ਼ਦੂਰਾਂ ਵੱਲੋਂ ਕੀਤੀ ਹਥਿਆਰਬੰਦ ਕ੍ਰਾਂਤੀ ਮਹੱਤਵਪੂਰਨ ਸੀ। ਜਿਸ ਦਾ ਮਕਸਦ ਦੇਸ਼ ਦੇ ਮਜ਼ਦੂਰਾਂ ਤੇ ਕਿਸਾਨਾਂ ਨੂੰ ਉਨ੍ਹਾਂ ਦੇ ਹੱਕ ਦਿਵਾਉਣ ਲਈ ਜਾਗੀਰਦਾਰੀ/ਸਾਮੰਤਵਾਦੀ ਪ੍ਰਥਾ ਨੂੰ ਖ਼ਤਮ ਕਰਨਾ ਸੀ ਤੇ ਸਮਾਜਵਾਦੀ ਅਰਥਚਾਰੇ ਵਾਲੇ ਨਿਜ਼ਾਮ ਦੀ ਉਸਾਰੀ ਕਰਨਾ ਸੀ।

ਆਜ਼ਾਦੀ ਉਪਰੰਤ ਨਵੀਂ ਉੱਭਰਦੀ ਅਰਥ-ਵਿਵਸਥਾ ਦਾ ਦੁਖਾਂਤ ਦਲਿਤ ਕਿਰਤੀ ਸ਼੍ਰੇਣੀ ਨਿਮਨ ਕਿਰਸਾਨੀ ਅਤੇ ਮਜ਼ਦੂਰ ਸ਼੍ਰੇਣੀ ਨੂੰ ਭੁਗਤਨਾ ਪਿਆ ਹੈ। ਪੂੰਜੀਵਾਦੀ ਸਮਾਜ ਸੱਤਾ ਧਿਰ ਵੱਲੋਂ ਹਮੇਸ਼ਾਂ ਨਿਮਨ ਵਰਗ ਦੀ ਹੋਈ ਲੁੱਟ-ਖਸੁੱਟ ਉਸ ਦੇ ਅਵਚੇਤਨ ਦਾ ਹਿੱਸਾ ਬਣਦੀ ਹੈ। ਲਾਲ ਸਿੰਘ ਦਿਲ ਨੇ **ਸਤਲੁਜ ਦੀ ਹਵਾ, ਬਹੁਤ ਸਾਰੇ ਸੂਰਜ, ਸੱਥਰ, ਨਾਗ ਲੋਕ, ਅਤੇ ਅੱਜ ਬਿੱਲਾ ਫਿਰ ਆਇਆ** ਕਾਵਿ ਸੰਗ੍ਰਹਿ ਪੰਜਾਬੀ ਸਾਹਿਤਕ ਜਗਤ ਨੂੰ ਦਿੱਤੇ ਹਨ। ਉਹ ਪੂੰਜੀਵਾਦੀ ਸਮਾਜ ਵਿਚ ਦਲਿਤ ਤੇ ਕਿਰਤੀ ਸ਼੍ਰੇਣੀ ਦੇ ਯਥਾਰਥ ਨੂੰ ਆਪਣੀ ਕਾਵਿ ਚੇਤਨਾ ਦਾ ਵਿਸ਼ਾ ਬਣਾਉਂਦਾ ਹੈ।

ਨਵ-ਪ੍ਰਗਤੀਵਾਦੀ ਲਹਿਰ ਨਾਲ ਸਿਰਫ਼ ਆਰਥਿਕ ਸ਼ੋਸ਼ਣ ਦੇ ਸ਼ਿਕਾਰ ਲੋਕਾਂ ਨੂੰ ਹੀ ਨਹੀਂ ਸਗੋਂ ਸਾਂਸਕ੍ਰਿਤਿਕ ਸ਼ੋਸ਼ਣ ਦੇ ਸ਼ਿਕਾਰ ਲੋਕਾਂ ਦੀ ਵੀ ਮਾਰਕਸ ਦੇ ਸਿਧਾਂਤਾਂ ਨਾਲ ਆਜ਼ਾਦੀ ਦੀ ਆਸ ਬੱਝਦੀ ਹੈ ਪਰ ਉਸ ਦੀ ਜਾਤ/ਵਰਣ ਦੇ ਲੋਕਾਂ ਦੀ ਇਹ ਤ੍ਰਾਸਦੀ ਰਹੀ ਹੈ ਕਿ ਧਰਮ ਜਾਂ ਕੋਈ ਵੀ ਵਿਗਿਆਨਕ ਫ਼ਲਸਫ਼ਾ ਉਹਨਾਂ ਦੀ ਹੋਣੀ ਨੂੰ ਬਦਲ ਨਾ ਸਕਿਆ। ਇਸ ਬਾਰੇ ਅਮਰਜੀਤ ਚੰਦਨ ਦੇ ਵਿਚਾਰ ਧਿਆਨ ਦੇਣ ਯੋਗ ਹਨ :

> ਲਾਲ ਸਿੰਘ ਦਿਲ ਦਾ ਹੋਣਾ ਸਮਝਣ ਲਈ ਪੰਜਾਬ ਦੀ ਸਭ ਤੋਂ ਵੱਡੀ ਸਮਾਜੀ ਲਾਹਨਤ ਜਾਤਪਾਤ ਦੀ ਤੇ ਲਾਲ ਦੀ ਜ਼ਿੰਦਗੀ ਦੀ ਗੱਲ ਕਰਨੀ ਜ਼ਰੂਰੀ ਹੈ। ਜਾਤਪਾਤ ਦੀ ਬਿਮਾਰੀ ਤਰੱਕੀ ਪਸੰਦ ਸਿਆਸਤ ਤੇ ਸਾਹਿਤ ਦੀ ਕੋਈ ਚਿੰਤਾ ਹੀ ਨਹੀਂ ਸੀ। ਯੂਰਪੀ ਸਮਾਜ ਦਾ ਵਰਗ ਸੰਘਰਸ਼ ਦਾ ਸੰਬੋਧ ਭਾਰਤੀ ਸਮਾਜ ਦੀ ਇਸ ਸਮਾਜੀ ਲਾਹਨਤ ਨੂੰ ਮੰਨਦਾ ਹੀ ਨਹੀਂ। ਖੱਤਰੀ ਤੇ ਜੱਟ ਗ਼ਲਬੇ ਵਾਲੀ ਤਰੱਕੀ ਪਸੰਦ ਸਿਆਸੀ ਲਹਿਰ ਨੇ ਵਰਗ ਸੰਘਰਸ਼ ਦਾ ਨਾਂ ਲੈ ਕੇ ਇਹ ਕੁਹਜਾ ਪੱਖ ਹਮੇਸ਼ਾਂ ਦਬਾਈ ਰੱਖਿਆ। ਇਹ ਬੰਧੇਜ ਲੇਖਕਾਂ ਨੇ ਵੀ ਆਪਣੇ 'ਤੇ ਲਾਇਆ ਹੋਇਆ ਸੀ। ਉਨ੍ਹਾਂ ਨੂੰ ਲੱਗਦਾ ਸੀ ਕਿ ਸਾਂਝੀਵਾਲਤਾ ਦੇ ਨਵੇਂ 'ਵਿਗਿਆਨਕ' ਫ਼ਲਸਫ਼ੇ ਦੇ ਪੈਰੋਕਾਰ ਬਣ ਕੇ ਅਖੌਤੀ ਵੱਡੀਆਂ ਤੇ ਵੱਢੀਆਂ ਟੁੱਕੀਆਂ ਜਾਤਾਂ ਦਾ ਫ਼ਰਕ ਮੁੱਕ ਗਿਆ ਹੈ ਪਰ ਪੰਜਾਬ ਵਿਚ ਕੋਈ ਵੀ ਧਰਮ ਤੇ ਕੋਈ ਵੀ ਦਰਸ਼ਨ ਇਹ ਲਾਅਨਤ ਖ਼ਤਮ ਨਹੀਂ ਕਰ ਸਕਿਆ।[4]

ਇਹ ਅਵਚੇਤਨ ਸਭ ਤੋਂ ਪਹਿਲਾ ਉਸ ਦੀ ਕਵਿਤਾ 'ਸ਼ਾਮ ਦਾ ਰੰਗ' ਵਿਚ ਦਿਖਾਈ ਦਿੰਦਾ ਹੈ ਜਦੋਂ ਉਹ ਲਿਖਦਾ ਹੈ :

ਛੱਡ ਤੁਰੇ ਹਨ
ਇਕ ਹੋਰ ਗ਼ੈਰਾਂ ਦੀ ਜ਼ਮੀਨ
ਛੱਜਾਂ ਵਾਲੇ
ਜਾ ਰਿਹਾ ਏ ਲੰਮਾ ਲਾਰਾ
ਝਿੜਕਾਂ ਦੇ ਭੰਡਾਰ ਲੱਦੀ
ਲੰਮੇ ਸਾਇਆਂ ਦੇ ਨਾਲ-ਨਾਲ
ਗਧਿਆਂ 'ਤੇ ਬੈਠੇ ਨੇ ਜੁਆਕ
ਪਿਉਆਂ ਦੇ ਹੱਥਾਂ 'ਚ ਕੁੱਤੇ ਹਨ
ਮਾਵਾਂ ਦੀ ਪਿੱਠ ਪਿੱਛੇ
ਬੰਨੇ ਪਤੀਲੇ ਹਨ
ਪਤੀਲਿਆਂ 'ਚ ਮਾਵਾਂ ਦੇ ਪੁੱਤ ਸੁੱਤੇ ਹਨ
ਜਾ ਰਿਹਾ ਹੈ ਲੰਮਾ ਲਾਰਾ
ਮੋਢਿਆਂ 'ਤੇ ਚੁੱਕੀ ਕੁੱਲੀਆਂ ਦੇ ਬਾਂਸ
ਇਹ ਭੁੱਖਾਂ ਦੇ ਮਾਰੇ ਕੌਣ ਆਰੀਆ ਹਨ?

ਇਹ ਜਾ ਰਹੇ ਨੇ ਰੋਕਣ
ਕਿਸ ਭਾਰਤ ਦੀ ਜ਼ਮੀਨ [5]

ਇੱਥੇ ਦਿਲ ਉਹਨਾਂ ਲੋਕਾਂ ਵੱਲ ਇਸ਼ਾਰਾ ਕਰਦਾ ਹੈ ਜੋ ਗੈਰ ਆਰਿਆਈ ਹਨ ਜਿੰਨ੍ਹਾਂ ਨੂੰ ਆਰੀਆ ਲੋਕਾਂ ਨੇ ਖ਼ਾਨਾ-ਬਦੋਸ਼ੀ ਜੀਵਨ ਜਿਊਣ ਲਈ ਮਜ਼ਬੂਰ ਕੀਤਾ ਜਿਸ ਦਾ ਜ਼ਿਕਰ ਡਾ. ਮਨਜ਼ੂਰ ਏਜਾਜ਼ ਆਪਣੀ ਕਿਤਾਬ **ਪੰਜਾਬ ਦਾ ਲੋਕ ਇਤਿਹਾਸ** ਵਿਚ ਥਾਂ ਪਰ ਥਾਂ ਕਰਦਾ ਹੈ। ਡਾ. ਸਰਬਜੀਤ ਸਿੰਘ ਵੀ ਇਨ੍ਹਾਂ ਲੋਕਾਂ ਨੂੰ ਦੇਸ਼ ਦੇ ਵਾਰਸ ਆਖਦਾ ਹੈ। ਉਹਨਾਂ ਦੇ ਅਨੁਸਾਰ, "ਲਾਲ ਸਿੰਘ ਦਿਲ ਦੀ ਕਵਿਤਾ ਵਿਚ ''ਉਸਦਾ ਦਮਿਤ ਦਮਨਕ੍ਰਿਤ ਮਜ਼ਲੂਮ ਲੋਕਾਈ ਦਾ ਕੇਂਦਰ ਵਿਚ ਆਉਣਾ ਜੋ ਹੱਡ ਮਾਸ ਦੇ ਮਨੁੱਖ ਤਾਂ ਹਨ ਪਰੰਤੂ ਉਨ੍ਹਾਂ ਨੂੰ ਮਨੁੱਖਤਾ ਦਾ ਨਾ ਦਰਜਾ ਪ੍ਰਾਪਤ ਹੈ ਅਤੇ ਨਾ ਹੀ ਮਨੁੱਖ ਹੋਣ ਦੀ ਚੇਤਨਾ ਹੈ। ਇਹ ਉਹ ਲੋਕ ਹਨ ਜਿਨ੍ਹਾਂ ਦੀ ਨਾ ਜ਼ਮੀਨ ਹੈ ਨਾ ਘਰ ਹੈ। ਕੋਈ ਪੱਕਾ ਟਿਕਾਣਾ ਨਹੀਂ। ਇਹ ਖ਼ਾਨਾਬਦੋਸ਼ੀ ਜੀਵਨ ਭੋਗਦੇ ਉਹ ਭਾਰਤੀ ਹਨ ਜੋ ਇਸ ਦੇਸ਼ ਦੇ ਵਾਰਸ ਹਨ।"[6]

ਹਰਿਭਜਨ ਸਿੰਘ ਦਿਲ ਦੀ ਕਵਿਤਾ ਬਾਰੇ ਲਿਖਦਾ ਹੈ ਕਿ "ਮੈਨੂੰ ਜਾਪਦਾ ਹੈ ਮੈਂ ਕਿਸੇ 'ਦੂਜੇ ਸਤਾਰੇ' ਦਾ ਬੰਦਾ ਹਾਂ ਤੇ ਪੱਥਰ ਹੋ ਚੁੱਕਾ ਹੈ।"[7] ਕਿਉਂਕਿ ਉਸ ਦੀਆਂ ਕਵਿਤਾਵਾਂ ਸਿੱਧੇ ਦਿਲ ਅਤੇ ਦਿਮਾਗ਼ 'ਤੇ ਵਾਰ ਕਰਦੀਆਂ ਹਨ :

ਇਹ ਗੱਲ ਦੱਸੀ ਜਾਏ
ਜੇ ਦੂਜੇ ਸਤਾਰੇ ਦੇ ਲੋਕਾਂ ਨੂੰ
ਪੱਥਰ ਹੋ ਜਾਵਣ
ਨਾ ਮੁੜ ਉਠਣ
ਪਸ਼ੂਆਂ ਨੂੰ ਇਸ ਦਾ ਜੇ ਅਨੁਭਵ ਹੋ ਜਾਏ
ਜੰਗਲਾਂ ਨੂੰ ਨੱਸ ਜਾਵਣ
ਮਨੁੱਖਤਾ ਤੋਂ ਡਰਦੇ ਚੀਖਦੇ[8]

ਡਾ. ਸਰਬਜੀਤ ਸਿੰਘ ਵੀ ਲਾਲ ਸਿੰਘ ਦਿਲ ਨੂੰ "ਪਥਰਾਈ ਮਨੁੱਖਤਾ ਦਾ ਪ੍ਰਵਕਤਾ"[9] ਆਖ ਕੇ ਸੰਬੋਧਨ ਕਰਦੇ ਹਨ। ਇਨ੍ਹਾਂ ਹੀ ਨਹੀਂ ਲਾਲ ਸਿੰਘ ਦਿਲ ਆਪਣੀ ਸਵੈ-ਜੀਵਨੀ ਦਾਸਤਾਨ ਵਿਚ ਹਰੀਸ਼ ਚੰਦਰ ਦੇ ਪ੍ਰਸੰਗ ਰਾਹੀਂ ਦੱਸਦਾ ਹੈ ਕਿ ਕਿਵੇਂ ਹਰੀਸ਼ ਚੰਦਰ ਦੇ ਚੰਡਾਲ ਹੋ ਜਾਣ 'ਤੇ ਉਸ ਦੀ ਘਰਵਾਲੀ ਵੀ ਆਪਣੇ ਭਿੱਟੇ ਜਾਣ ਤੋਂ ਡਰਦੀ ਹੈ ਤੇ ਰਾਸ ਧਾਰੀਆਂ ਇਸ ਬਿਰਤਾਂਤ ਨੂੰ ਦੱਸਣ ਵਾਲੇ ਵੀ ਇਸ ਗੱਲ ਤੋਂ ਸੁਚੇਤ ਹਨ ਕਿ ਇੱਥੇ ਉਹਨਾਂ ਲੋਕਾਂ (ਚੰਡਾਲਾ/ਜ਼ਮੀਨ ਵਿਹੁਣੇ) ਦੇ ਦਰਦ ਨੂੰ ਕਲਾ ਵਿਚ ਘੁਸੇੜਿਆਂ ਗਿਆ ਹੈ ਜਿਨ੍ਹਾਂ ਨੂੰ ਜ਼ਿੰਦਗੀ ਵਿਚ ਦੁਰਕਾਰਿਆ ਜਾਂਦਾ ਹੈ। ਲਾਲ ਸਿੰਘ ਦਿਲ ਦੀ ਰਚਨਾ ਵਿਚ ਆਪਣੀ ਹੀ ਧਰਤੀ ਤੋਂ ਗ਼ੈਰ ਹੋ ਜਾਣ ਦਾ ਬਿਰਤਾਂਤ ਸਾਫ਼ ਦਿਖਾਈ ਦਿੰਦਾ ਹੈ। ਡਾ. ਸੁਖਦੇਵ ਸਿੰਘ ਦੇ ਅਨੁਸਾਰ:

> ਉਸ ਦੀ ਕਵਿਤਾ ਦਾ ਕੇਂਦਰ ਸਭ ਕੁਝ ਤੋਂ ਵੰਚਿਤ ਕਰ ਦਿੱਤੇ ਗਏ ਉਹ ਦਲਿਤ ਲੋਕ ਹਨ ਜਿਨ੍ਹਾਂ ਨੂੰ ਸੱਤਾਂ ਦੀ ਸਿਆਸਤ ਅਤੇ ਮੰਨੂੰਵਾਦੀ ਵਰਣ-ਵਿਵਸਥਾ ਨੇ ਮਨੁੱਖਾਂ ਤੋਂ 'ਚੰਡਾਲ' ਬਣਾ ਦਿੱਤਾ ਹੈ।[10]

ਲਾਲ ਸਿੰਘ ਦਿਲ ਦੀ ਕਵਿਤਾ ਵਿਚ ਸੰਸਕ੍ਰਿਤੀ ਅਤੇ ਨਸਲ ਦੇ ਇਤਿਹਾਸ ਦਾ ਗਿਆਨ ਸਾਫ਼ ਦਿਖਾਈ ਦਿੰਦਾ ਹੈ। ਜਿਸ ਦਾ ਸਬੂਤ ਉਹ ਆਪਣੀ ਰਚਨਾ ਵਿਚ ਥਾਂ ਪਰ ਥਾਂ ਦਿੰਦਾ ਹੈ :

ਜੋ ਦਿਨ ਰਾਤ ਭਾਰਾ ਰਥ ਖਿੱਚਦਾ ਹੈ
ਇਸ ਦੇ ਕੰਨਾ 'ਚ ਰਾਮ ਵੇਲੇ ਦਾ ਸਿੱਕਾ ਢਲਿਆ ਹੈ।
ਕੌਣ ਹੈ ਜੋ/ਇਹਨਾਂ ਸਰਹੱਦਾਂ ਦੇ ਨਾਲ
ਖ਼ੂਨ ਦੇ ਹੈ ਦਰਿਆ ਚਲਾਉਂਦਾ ਹਰ ਵਰ੍ਹੇ
ਇਕ ਮੇਰੇ ਵਤਨ ਦੀ ਦੂਜੀ ਸ਼ਕਲ ਹੈ
ਇਕ ਮੇਰੀ ਕੌਮ ਕੋਈ ਹੋਰ ਵੀ ਹੈ।[11]

ਲਾਲ ਸਿੰਘ ਦਿਲ ਦਲਿਤਾਂ ਦੀ ਹੋਣੀ ਨੂੰ ਆਰੀਆਂ ਵੱਲੋਂ ਦ੍ਰਾਵਿੜਾਂ (ਗ਼ੈਰ-ਆਰੀਅਨ) ਨਾਲ ਕਿਤੇ ਸ਼ੋਸ਼ਣ ਵਜੋਂ ਪੇਸ਼ ਕਰਦਾ ਹੈ ਜਿਸ ਸਦਕਾ ਉਹ ਦ੍ਰਾਵਿੜ ਤੋਂ ਅਨੁਸੂਚਿਤ ਜਾਤੀ ਦਾ ਸੰਤਾਪ ਭੋਗਦੇ ਹਨ। ਲਾਲ ਸਿੰਘ ਦਿਲ ਦਾ ਅਵਚੇਤਨ ਦ੍ਰਾਵਿੜ ਜਾਤੀ ਦੀ ਅਮੀਰ ਸਭਿਅਤਾ ਨਾਲ ਜੁੜਿਆ ਹੋਇਆ ਹੈ। ਉਸ ਦੀ ਰਚਨਾ ਵਿਚਲੀਆਂ ਸ਼ੋਸ਼ਿਤ ਅਨੁਸੂਚਿਤ ਔਰਤਾਂ ਆਦਿ-ਵਾਸਣਾਂ ਦੇ ਰੂਪ ਵਿਚ ਆਪਣੇ ਆਦਿ-ਕਾਲੀਨ ਦ੍ਰਾਵਿੜ ਸਭਿਆਚਾਰ ਨੂੰ ਯਾਦ ਕਰਦੀਆਂ ਹਨ :

- ਅਸੀਂ ਰਾਣੀਆਂ ਸਾਂ
ਜੰਗਲਾਂ 'ਚ ਨੌਕਰ ਵਿਆਹੇ
ਇਹ ਦਾਤੀਆਂ

ਸਾਡੇ ਮਰਦਾਂ ਦੇ ਹੱਥਾਂ ਦੀਆਂ ਦਾਤੀਆਂ।[12]

ਲਾਲ ਸਿੰਘ ਦਿਲ ਦੀ ਕਵਿਤਾ ਵਿਚ ਸੰਸਕ੍ਰਿਤਿਕ ਪੱਧਰ 'ਤੇ ਸੰਸਕ੍ਰਿਤੀ ਹੋਣ ਵਾਲੀ ਘਿਰ ਕਬੀਲਿਆਂ ਦੇ ਲੋਕ (ਬੰਗਾਲੇ ਆਦਿ ਵਾਸੀ ਛੱਜਘਾੜੇ, ਬੰਦੂ, ਕੰਨਾਂ ਦੀ ਮੈਲ ਕੱਢਣ ਵਾਲੇ, ਕੁੰਜੜੇ, ਗਧੀਲੇ, ਤੇਲੀ, ਹੀਜੜੇ, ਭੀਲ) ਹਨ ਜਿਨ੍ਹਾਂ ਦਾ ਜ਼ਿਕਰ ਉਸ ਦੀਆਂ ਕਵਿਤਾਵਾਂ ; **ਆਦਿ ਵਾਸਣਾਂ, ਜਾਤ ਬੇਗਾਨੀਆਂ, ਉੱਚੀ ਜਾਤ ਭੀਲ : ਬਹਾਦਰ ਦਰਾਵੜ, ਕੁੜੇਲੀ ਪਿੰਡ ਦੀਆਂ ਵਾਸਣਾਂ, ਕਾਂਗਲਾ ਤੇਲੀ, ਹੀਜੜੇ, ਉੱਚੀ ਨੀਵੀਂ ਸਭਿਅਤਾ, ਦੀਵਾ, ਪੈੱਨ ਤੇ ਕਾਪੀ, ਪੁਰਤਨਤਾ** ਆਦਿ ਵਿਚ ਦੇਖਿਆ ਜਾ ਸਕਦਾ ਹੈ। ਆਪਣੀ ਜੀਵਨੀ ਦਾਸਤਾਨ ਵਿਚ ਉਹ ਭਾਪੇ, ਕਮੋ, ਸੈਣੀ, ਲੁਬਾਣੇ, ਪਸੀਏ, ਜ਼ਿਕਰ ਕਰਦਾ ਹੈ।

'ਸ਼ਾਮ ਦਾ ਰੰਗ' ਕਵਿਤਾ ਵਿਚ ਲਾਲ ਸਿੰਘ ਦਿਲ ਜ਼ਮੀਨ ਵਿਹੂਣੇ ਬਾਜ਼ੀਗਰ ਗੱਡੀਆਂ ਵਾਲਿਆਂ ਦੀ ਉਪਮਾ ਭਾਰਤੀ ਸ਼ਹੀਦਾਂ ਨਾਲ ਕਰਦਾ ਹੈ, "ਜਿਨ੍ਹਾਂ ਨੇ ਆਰੀਆਂ ਅਸੱਭਿਆ ਗ਼ੁਲਾਮੀ ਕਬੂਲਣ ਦੀ ਬਜਾਏ ਸੰਘਰਸ਼ ਜਾਰੀ ਰੱਖਿਆ।"[13]

ਜਾ ਰਿਹਾ ਏ ਲੰਮਾ ਲਾਰਾ
ਝਿੜਕਾਂ ਦੇ ਭੰਡਾਰ ਲੱਦੀਂ
ਲੰਮੇ ਸਾਇਆਂ ਦੇ ਨਾਲ-ਨਾਲ[14]

ਲਾਲ ਸਿੰਘ ਦਿਲ ਦੀ ਰਚਨਾ ਵਿਚ ਸਿਰਫ਼ ਰਾਜਸੀ ਅਵਚੇਤਨ ਦੀ ਪੇਸ਼ਕਾਰੀ ਹੀ ਨਹੀਂ ਹੁੰਦੀ ਸਗੋਂ ਭਾਰੂ ਵਿਚਾਰਧਾਰਾ ਦੇ ਭਾਰ ਹੇਠ ਦੱਬੇ ਹੋਏ ਵਰਗਾਂ ਦੀ ਵਿਚਾਰਧਾਰਾ ਦੀ ਸੁਰ ਨੂੰ ਵੀ ਉੱਚਾ ਕਰਦਾ ਹੋਇਆ ਦਿਖਾਈ ਦਿੰਦਾ ਹੈ। ਇਸ ਸੰਦਰਭ ਵਿਚ ਇਹ ਕਰਮ ਦੱਬੇ ਕੁਚਲੇ ਵਰਗਾਂ ਦਾ ਰਾਜਸੀ ਅਵਚੇਤਨ ਹੋ ਨਿਬੜਦਾ ਹੈ।

ਲਾਲ ਸਿੰਘ ਦਿਲ ਦੱਬੇ-ਕੁਚਲੇ ਲੋਕਾਂ ਲਈ ਆਵਾਜ਼ ਬੁਲੰਦ ਕਰਦਾ ਹੋਇਆ ਸਮਕਾਲੀ ਪ੍ਰਸੰਗ ਵਿਚ ਪ੍ਰੋਲਤਾਰੀ ਦੀ ਪਛਾਣ ਅਤੇ ਉਸ ਦੇ ਦੁੱਖਾਂ ਨੂੰ ਵੀ ਆਪਣੀ ਕਵਿਤਾ ਦਾ ਹਿੱਸਾ ਬਣਾਉਂਦਾ ਹੈ। ਡਾ. ਸਰਬਜੀਤ ਲਿਖਦੇ ਹਨ ਕਿ, "ਇਹ ਪਛਾਣ ਸਨਅਤੀ ਕਾਮੇ ਉੱਪਰ ਹੀ ਕੇਂਦਰਿਤ ਨਹੀਂ ਸਗੋਂ ਜਾਗੀਰੂ ਸਮਾਜ ਦੀ ਰਹਿੰਦ-ਖੂੰਹਦ ਅੰਦਰ ਉਸ ਸਮੁੱਚੇ ਸ਼ਿਲਪੀ ਵਰਗ ਨਾਲ ਲਬਰੇਜ਼ ਹੈ ਜੋ ਅਜੇ ਦਸਤਕਾਰੀ ਨਾਲ ਜੁੜਿਆ ਹੋਇਆ ਹੈ। ਇਸ ਕਰਕੇ ਇਸ ਸਮੇਂ ਦੀ ਕਵਿਤਾ ਵਿਚ ਮਜ਼ਦੂਰ ਜਮਾਤ ਦੇ ਦਾਅ-ਪੇਚਾਂ ਦੀ ਥਾਵੇਂ ਸਾਮੰਤੀ ਸੂਰਮਗਤੀ ਲਲਕਾਰ ਬਣਦੀ ਹੈ।"[15] ਕਿਰਤੀ ਸ਼੍ਰੇਣੀ ਅਤੇ ਦਲਿਤ ਪਰਿਵਾਰਾਂ 'ਚੋਂ ਹਰ ਪ੍ਰਕਾਰ ਦੀ ਦਹਿਸ਼ਤ ਅਤੇ ਵਹਿਸ਼ਤ ਭੋਗ ਚੁੱਕੇ ਲੋਕਾਂ ਦੀ ਹੱਡ ਬੀਤੀ ਨੂੰ ਜੱਗ ਬੀਤੀ ਨੂੰ ਲਾਲ ਸਿੰਘ ਆਪਣੀ ਰਚਨਾ ਵਿਚ ਪੇਸ਼ ਕਰਦਾ ਹੈ:

- ਇਕ ਮੇਰੇ ਵਤਨ ਦੀ ਦੂਜੀ ਸ਼ਕਲ ਹੈ
ਇਕ ਮੇਰੀ ਕੌਮ ਕੋਈ ਹੋਰ ਵੀ ਹੈ
ਜਿੱਥੇ ਕਿਤੇ ਇਕ ਵੀ ਮੁਹੱਲਾ
ਅੱਧ-ਭੁੱਖਾ
ਅੱਧ-ਸੁੱਤਾ
ਸੌਂ ਰਿਹਾ ਹੈ[16]

- ਜਦ ਮਜੂਰਨ ਤਵੇ 'ਤੇ
ਦਿਲ ਨੂੰ ਪਕਾਉਂਦੀ ਹੈ
ਚੰਨ ਟਾਹਲੀ ਥੀਂ ਹੱਸਦਾ ਹੈ
ਬਾਲ ਛੋਟੇ ਨੂੰ ਪਿਉ
ਬਹਿ ਕੇ ਵਰਾਉਂਦਾ ਹੈ
ਤੇ ਬਾਲ ਜਦ ਦੂਜਾ ਵੱਡਾ
ਤੜਾਗੀ ਦੇ ਘੁੰਗਰੂ ਵਜਾਉਂਦਾ ਹੈ
ਤੇ ਨੱਚਦਾ ਹੈ
ਇਹ ਗੀਤ ਨਹੀਂ ਮਰਦੇ
ਨਾ ਦਿਲਾਂ 'ਚੋਂ ਨਾਚ ਮਰਦੇ ਨੇ...।[17]

ਇਸ ਤਰ੍ਹਾਂ ਲਾਲ ਸਿੰਘ ਦਿਲ ਦੀ ਕਵਿਤਾ ਦਾ ਸਾਰਾ ਚੌਖਟਾ ਉਸ ਦੇ ਜਾਤੀ ਜਮਾਤੀ ਅਵਚੇਤਨ ਨਾਲ ਜੁੜਿਆ ਹੋਇਆ ਹੈ। ਜਿਸ ਦੀ ਪੇਸ਼ਕਾਰੀ ਉਸ ਦੀ ਰਚਨਾ ਵਿਚ ਇਤਿਹਾਸਕ ਮਿਥਿਹਾਸਕ ਹਵਾਲਿਆਂ ਤੋਂ ਹੁੰਦੀ ਹੈ। ਜ਼ਮੀਨਾਂ ਦੇ ਮਾਲਕਾਂ ਤੋਂ ਖਾਨਾਬਦੋਸ਼ੀਆਂ ਦੀ ਤਰਾਂ ਦਰ-ਦਰ ਭਟਕਣ ਦਾ ਦੁੱਖ ਉਸ ਦੀ ਕਵਿਤਾ ਵਿਚ ਥਾਂ ਪਰ ਥਾਂ ਦਿਖਾਈ ਦਿੰਦਾ ਹੈ। ਡਾ. ਸੁਖਦੇਵ ਸਿੰਘ ਅਨੁਸਾਰ, "ਇਹ ਕਵਿਤਾ ਦਮਨਕਾਰੀ ਸਮਾਜਕ ਵਿਵਸਥਾ ਅਤੇ ਸਥਾਪਤੀ ਦੇ ਹਰ ਜ਼ੁੱਜ ਨੂੰ ਵੰਗਾਰਦੀ ਤੇ ਵਿਸਥਾਪਿਤ ਕਰਦੀ ਹੈ। ਇਸ ਕਵਿਤਾ ਵਿਚ ਮਨੂੰਵਾਦੀ ਰਵਾਇਤਾਂ ਵਰਣ/ਜਾਤੀ ਪ੍ਰਥਾ

ਸਾਮੰਤੀ ਸੰਸਕਾਰਾਂ ਬੁਰਜ਼ੂਆ ਰਾਜਨੀਤੀ ਅਖੌਤੀ ਲੋਕਤੰਤਰ ਸਾਮੰਤੀ ਰਿਸ਼ਤਾ-ਨਾਤਾ ਪ੍ਰਬੰਧ ਬ੍ਰਾਹਮਣਵਾਦੀ ਕਰਮਕਾਂਡ ਅਤੇ ਵਿਤਕਰੇ ਮੂਲਕ ਅਰਥ-ਵਿਵਸਥਾ ਦਾ ਤਿੱਖਾ ਵਿਰੋਧ ਹੋਇਆ ਹੈ।[18] ਲਾਲ ਸਿੰਘ ਦਿਲ ਜਾਤੀਵਾਦੀ ਸਾਂਸਕ੍ਰਿਤੀ ਦੇ ਅਵਚੇਤਨੀ ਸੰਕਟਾਂ ਪ੍ਰਤੀ ਸੁਚੇਤ ਹੈ ਜੋ ਭਾਸ਼ਾ ਵਿਚਲੇ ਪ੍ਰਤੀਕਾਂ ਰਾਹੀ ਰਚਨਾਂ ਵਿਚ ਪੇਸ਼ ਹੁੰਦੇ ਹਨ।

**ਹਵਾਲੇ ਤੇ ਟਿੱਪਣੀਆਂ :**


1. ਤਸਕੀਨ, ਸੱਤਾ ਦਾ ਪ੍ਰਵਚਨ ਅਤੇ ਪੰਜਾਬੀ ਕਵਿਤਾ, “ਕਵਿਤਾ ਦੀ ਰਾਜਨੀਤੀ : ਬਲਬੀਰ ਮਾਧੋਪੁਰੀ”, ਪੰਨਾ 135
2. Quoted by Fredric Jameson, The Political Unconscious : Narrative as a socially Symbolic, page no. 4
3. Fredric Jameson, Ibid.
4. ਲਾਲ ਸਿੰਘ ਦਿਲ, ਦਾਸਤਾਨ, ‘ਭੂਮਿਕਾ’’, ਪੰਨਾ 5
5. ਲਾਲ ਸਿੰਘ ਦਿਲ, ਨਾਗਲੋਕ, ਪੰਨਾ 39-40
6. ਡਾ. ਸਰਬਜੀਤ ਸਿੰਘ, ਪੰਜਾਬੀ ਕਵਿਤਾ : ਪ੍ਰਸੰਗ ਤੇ ਪ੍ਰਵਚਨ, ਪੰਨਾ 84
7. ਲਾਲ ਸਿੰਘ ਦਿਲ, ਨਾਗ ਲੋਕ, ਪੰਨਾ 15
8. ਉਹੀ
9. ਡਾ. ਸਰਬਜੀਤ ਸਿੰਘ, ਉਹੀ, ਪੰਨਾ 92
10. ਡਾ. ਸੁਖਦੇਵ ਸਿੰਘ, ਕਾਵਿ ਸਰੋਕਾਰ, ਪੰਨਾ 111
11. ਲਾਲ ਸਿੰਘ ਦਿਲ, ਨਾਗ ਲੋਕ, ਪੰਨਾ 48
12. ਉਹੀ, ਪੰਨਾ 108
13. ਲਾਲ ਸਿੰਘ ਦਿਲ, ਦਾਸਤਾਨ , ਪੰਨਾ 80
14. ਉਹੀ, ਨਾਗ ਲੋਕ, ਪੰਨਾ 39
15. ਡਾ. ਸਰਬਜੀਤ ਸਿੰਘ, ਉਹੀ, ਪੰਨਾ 87-88
16. ਲਾਲ ਸਿੰਘ ਦਿਲ, ਨਾਗਲੋਕ, ਪੰਨਾ 87
17. ਉਹੀ, ਪੰਨਾ 53
18. ਡਾ. ਸੁਖਦੇਵ ਸਿੰਘ, ਉਹੀ, ਪੰਨਾ 118



ਪੰਜਾਬੀ ਅਧਿਐਨ ਸਕੂਲ,ਪੰਜਾਬੀ ਵਿਭਾਗ,
ਪੰਜਾਬ ਯੂਨੀਵਰਸਿਟੀ ਚੰਡੀਗੜ੍ਹ।
90419-93986




## ਮੌਸਮ

ਗੁਰਵਿੰਦਰ ਸਿੰਘ ਸੰਧੂ

ਲਿਖ ਕੇ ਰੱਖ ਲਿਆ ਕਰੋ ਦੋਸਤੋ
ਕਿਸੇ ’ਤੇ ਕੀਤੇ ਹੋਏ ਅਹਿਸਾਨਾਂ ਨੂੰ
ਹੁਣ
ਪੈਸਾ, ਪੈਸਾ ਨਹੀਂ ਰਿਹਾ
ਰੱਬ ਬਣ ਗਿਐ
ਮੌਸਮ ਬਦਲ ਗਿਐ
ਤੇ ਨਾਲੇ ਬਦਲ ਗਿਐ
ਰੱਬ

## ਕੁਦਰਤ

ਬੱਚਾ ਰੋ ਰਿਹਾ ਸੀ
ਉਸਨੇ ਬੱਚੇ ਨੂੰ ਚੁੱਪ ਕਰਾਉਣ ਦਾ ਥੋੜ੍ਹਾ ਯਤਨ ਕੀਤਾ
ਬੱਚਾ ਸ਼ਾਇਦ ਕੁੱਝ ਮੰਗ ਰਿਹਾ ਸੀ
ਉਸਨੇ ਸਾਹਮਣੇ ਲੱਗੇ ਬੂਟੇ ਤੋਂ
ਇੱਕ ਫੁੱਲ ਤੋੜਿਆ ਤੇ ਬੱਚੇ ਦੇ ਹੱਥ ਫੜਾ ਦਿੱਤਾ
ਅਣਭੋਲ ਬੇਸਮਝ
ਫੁੱਲ ਵਰਗਾ ਬੱਚਾ ਅਗਲੇ ਹੀ ਪਲ
ਹੱਸਣ ਲੱਗ ਪਿਆ
ਪਰ
ਹੁਣ ਬੂਟਾ ਰੋ ਰਿਹਾ ਸੀ।


ਪਿੰਡ ਤੇ ਡਾਕ- ਕੋਟਲਾ ਅਜਨੇਰ,
ਜ਼ਿਲ੍ਹਾ-ਫਤਿਹਗੜ੍ਹ ਸਾਹਿਬ (ਪੰਜਾਬ)
96460-95901

# ਸੁਖਮਨੀ ਸਾਹਿਬ ਵਿੱਚ ਭਗਤੀ ਦਾ ਸੰਕਲਪ

ਗੁਰਦੀਪ ਸਿੰਘ ਬਾਵਾ



'ਭਗਤੀ' ਭਾਰਤੀ ਅਧਿਆਤਮਕ-ਚਿੰਤਨ ਦਾ ਪੁਰਾਤਨ ਸੰਕਲਪ-ਮੂਲਕ ਸ਼ਬਦ ਹੈ। ਪੰਜਾਬੀ ਵਿਆਕਰਣ ਅਨੁਸਾਰ ਸ਼ਬਦ 'ਭਗਤੀ' ਨਾਂਵ ਹੈ ਅਤੇ 'ਭਗਤ' ਇਸ ਦਾ ਵਿਸ਼ੇਸ਼ਣ। ਪਰਮੇਸ਼ਰ ਦੀ ਸੇਵਾ, ਪੂਜਾ, ਧਿਆਨ, ਉਸਦੇ ਨਾਮ ਦਾ ਸਿਮਰਨ ਕਰਨ ਤੇ ਲਿਵ ਵਿੱਚ ਰਹਿਣ ਨੂੰ ਹੀ ਭਗਤੀ ਕਿਹਾ ਜਾਂਦਾ ਹੈ।

ਭਾਈ ਕਾਨ੍ਹ ਸਿੰਘ ਨਾਭਾ 'ਗੁਰਮਤਿ-ਮਾਰਤੰਡ' ਵਿੱਚ 'ਭਗਤ' ਸ਼ਬਦ ਦੀ ਵਿਉਤਪਤੀ ਸੰਸਕ੍ਰਿਤ ਦੇ ਧਾਤੂ 'ਭਜ' ਤੋਂ ਦੱਸਦੇ ਹਨ ਜਿਸ ਦਾ ਅਰਥ ਹੈ ਵੰਡਣਾ, ਸੇਵਾ ਕਰਨੀ, ਸਿਮਰਨ ਕਰਨਾ- (ਜੋ ਵੰਡ ਵਰਤਾ ਕੇ ਛਕਦਾ ਹੈ, ਸੰਸਾਰ ਦੀ ਸੇਵਾ ਕਰਦਾ ਹੈ ਅਤੇ ਕਰਤਾਰ ਨੂੰ ਮਨੋ ਨਹੀਂ ਵਿਸਾਰਦਾ।) 'ਫ਼ਾਰਸੀ' ਵਿੱਚ ਇਸ ਦਾ ਸਮਾਨਾਰਥਕ ਸ਼ਬਦ 'ਬੰਦਗੀ' ਮੰਨਿਆ ਜਾਂਦਾ ਹੈ, ਇਸ ਦੇ ਅਰਥ ਹਨ ਭਗਤੀ ਜਾਂ ਸ਼ਰਧਾ, ਪ੍ਰਣਾਮ ਜਾਂ ਸਲਾਮ।

'ਅਰਬੀ' ਭਾਸ਼ਾ ਵਿੱਚ ਇਸ ਨੂੰ 'ਇਬਾਦਤ' ਕਿਹਾ ਜਾਂਦਾ ਹੈ।

ਭਗਤੀ ਦੀ ਪਰਿਭਾਸ਼ਾ ਦੀ ਗੱਲ ਕਰੀਏ ਤਾਂ 'ਹਿੰਦੂ ਧਰਮ ਕੋਸ਼' ਵਿੱਚ ਭਗਤੀ ਦਾ ਅਰਥ ਸੇਵਾ ਕਰਨਾ, ਭਜਨ ਕਰਨਾ, ਸ਼ਰਧਾ, ਪ੍ਰੇਮ ਅਤੇ ਇਸ਼ਟ ਵਿੱਚ ਵਿਸ਼ਵਾਸ ਪ੍ਰਤੀ ਵਚਨਬੱਧਤਾ ਹੈ।

'ਹਿੰਦੀ ਸ਼ਬਦ ਕੋਸ਼' ਅਨੁਸਾਰ ਭਗਤੀ ਦੇ ਅਰਥ ਅਰਾਧਨਾ, ਸਿਮਰਨ, ਸੇਵਾ, ਪੂਜਾ, ਸ਼ਰਧਾ, ਉਪਾਸ਼ਨਾ, ਅਨੁਰਾਗਤਾ, ਪ੍ਰੇਮ ਅਤੇ ਪਿਆਰ ਹਨ।

ਸੋ ਇਸ ਤੋਂ ਸਪੱਸ਼ਟ ਹੋਇਆ ਕਿ ਭਗਤੀ ਮਨੁੱਖਾ-ਜੀਵਨ ਦਾ ਪਰਮ ਅਤੇ ਉੱਚਤਮ ਮਨੋਰਥ ਹੈ ਅਤੇ ਇਸ ਤੋਂ ਬਿਨਾ ਮਨੁੱਖਾ ਜੀਵਨ ਬੇਲੋੜਾ ਹੈ। ਇਹ ਪਰਮਾਤਮਾ ਨਾਲ ਜੁੜਨ ਅਤੇ ਭਾਵੁਕ ਪੱਧਰ 'ਤੇ ਸੰਬੰਧਿਤ ਹੋਣ ਦਾ ਦੂਸਰਾ ਨਾਮ ਹੈ। ਇਹ ਪਰਮਾਤਮਾ ਦਾ ਸੰਯੋਗ ਪ੍ਰਾਪਤ ਕਰਨ ਲਈ ਅਧਿਆਤਮਕ ਫ਼ਿਲਾਸਫ਼ੀ ਦਾ ਇੱਕ ਪ੍ਰਮਾਣਿਕ ਮਾਧਿਅਮ ਹੈ।

ਭਾਰਤੀ ਅਧਿਆਤਮਕ ਚਿੰਤਨ ਦੀ ਪਰੰਪਰਾ ਵਿੱਚ ਭਗਤੀ ਇੱਕ ਪੁਰਾਤਨ ਸੰਕਲਪ-ਮੂਲਕ ਸ਼ਬਦ ਹੈ। ਵੇਦਾਂ, ਉਪਨਿਸ਼ਦਾਂ, ਭਗਵਦ-ਗੀਤਾ ਅਤੇ ਹੋਰ ਮਤਾਂ-ਮਤਾਂਤਰਾਂ ਵਿੱਚ ਭਗਤੀ ਦੀਆਂ ਅਨੇਕਾਂ ਪੱਧਤੀਆਂ ਦਾ ਜ਼ਿਕਰ ਕਿਸੇ ਨਾ ਕਿਸੇ ਰੂਪ ਵਿੱਚ ਹੋਇਆ ਮਿਲਦਾ ਹੈ। ਇਹ ਭਗਤੀ-ਪੱਧਤੀਆਂ ਆਪਣੀ ਪ੍ਰਕਿਰਤੀ ਕਰਕੇ ਭਾਵੇਂ ਅਲੱਗ-ਅਲੱਗ ਦਿੱਸਦੀਆਂ ਹਨ ਪਰ ਇਨ੍ਹਾਂ ਵਿੱਚ ਇੱਕ ਅੰਦਰੂਨੀ ਸਾਂਝ ਕਾਇਮ ਰਹੀ ਹੈ ਕਿਉਂਕਿ ਇਨ੍ਹਾਂ ਵਿੱਚ ਕੀਰਤਨ-ਭਗਤੀ, ਪ੍ਰੇਮਾ-ਭਗਤੀ, ਦਾਸ-ਭਗਤੀ, ਸ੍ਰਵਣ-ਭਗਤੀ, ਸਖਾ-ਭਗਤੀ, ਬੰਦਨਾ ਤੇ ਪਾਦ-ਸੇਵਨ ਕਿਸੇ ਨਾ ਕਿਸੇ ਰੂਪ ਵਿੱਚ ਦ੍ਰਿਸ਼ਟੀ-ਗੋਚਰ ਹੁੰਦੇ ਰਹੇ ਹਨ। ਸਾਡਾ ਉਦੇਸ਼ ਇੱਥੇ ਕੇਵਲ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਾਹਕਾਰ ਰਚਨਾ 'ਸੁਖਮਨੀ' ਸਾਹਿਬ ਵਿੱਚ ਭਗਤੀ ਦੇ ਵਿਭਿੰਨ ਸਿਧਾਂਤਾਂ ਅਤੇ ਰੂਪਾਂ ਬਾਰੇ ਵਰਣਨ ਕਰਨਾ ਹੈ।

ਵਿਸ਼ਾਲ ਪਰਿਪੇਖ ਵਿੱਚ 'ਭਗਤੀ' ਗੁਰਮਤਿ ਦਾ ਕੇਂਦਰੀ-ਧੁਰਾ ਹੈ। ਭਾਵੇਂ ਇਸ ਸੰਕਲਪ ਦੀ ਸਿੱਖ ਗੁਰੂਆਂ, ਭਗਤੀ-ਲਹਿਰ ਨਾਲ ਜੁੜੇ ਭਗਤਾਂ, ਸੰਤਾਂ ਤੇ ਸੂਫ਼ੀਆਂ ਨੇ ਵੀ ਗੱਲ ਕੀਤੀ ਹੈ ਪਰ ਸ੍ਰੀ ਗੁਰੂ ਅਰਜਨ ਦੇਵ ਜੀ ਨੇ 'ਸੁਖਮਨੀ ਸਾਹਿਬ' ਵਿੱਚ ਪ੍ਰਭੂ-ਪ੍ਰੇਮਾ-ਭਗਤੀ ਦੇ ਸੰਕਲਪ ਨੂੰ ਅਨੇਕਾਂ ਮਾਧਿਅਮਾਂ ਰਾਹੀਂ ਵਿਸਥਾਰਿਆ ਹੈ ਜਿਨ੍ਹਾਂ ਵਿੱਚ ਨਾਮ-ਸਿਮਰਨ, ਸੇਵਾ, ਸਮਰਪਣ, ਸਾਧ-ਸੰਗਤ, ਸਮ-ਦ੍ਰਿਸ਼ਟੀ, ਨਿਰਭੈਤਾ, ਸ਼ਰਧਾ, ਨਿਰਮਾਣਤਾ, ਸਹਿਣਸ਼ੀਲਤਾ, ਨਿਸ਼ਕਾਮਤਾ, ਸਹਿਜ, ਸੰਤੋਖ, ਸੱਚਾਈ, ਨਿਰਵੈਰਤਾ, ਪਰ-ਨਿੰਦਾ-ਤਿਆਗ ਆਦਿ ਸਾਰੇ ਸਦਾਚਾਰਕ ਗੁਣ ਪ੍ਰਭੂ-ਭਗਤੀ ਨਾਲ ਅੰਤਰ-ਸੰਬੰਧਿਤ ਹਨ।

ਗੁਰੂ ਸਾਹਿਬ ਨੇ ਬਾਣੀ 'ਸੁਖਮਨੀ' ਸਾਹਿਬ ਦੇ ਸ਼ੁਰੂ ਵਿੱਚ ਵੀ ਭਗਤੀ ਦਾ ਮੂਲ-ਧੁਰਾ ਨਾਮ-ਸਿਮਰਨ ਨੂੰ ਦੱਸਿਆ ਹੈ ਜੋ ਕਿ ਆਤਮਕ-ਸੁੱਖ ਦੀ ਬੁਨਿਆਦ ਹੈ। ਪ੍ਰਭੂ ਦਾ ਨਾਮ ਸਿਮਰਨ ਸਾਰੇ ਕਰਮਾਂ-ਧਰਮਾਂ ਤੋਂ ਸ੍ਰੇਸ਼ਟ ਹੈ।

ਇਸ ਨਾਲ ਸਾਰੇ ਪਾਪ, ਦੁੱਖ, ਕਲੇਸ਼ ਮਿਟ ਜਾਂਦੇ ਹਨ ਅਤੇ ਅੰਤਮ-ਲਕਸ਼ ਆਤਮਿਕ-ਅਨੁਭਵ ਵਿੱਚ ਸੁੱਖ ਸ਼ਾਂਤੀ ਦਾ ਅਹਿਸਾਸ ਹੈ ਜਿਸ ਨਾਲ ਪਰਮ-ਗਤੀ ਜਾਂ ਮੋਖ ਦੀ ਪ੍ਰਾਪਤੀ ਹੁੰਦੀ ਹੈ। ਇਸ ਲਈ ਮਨੁੱਖੀ-ਜੀਵ ਨੂੰ ਜੀਵਨ-ਬਖਸ਼ਿਸ਼ ਕਰਨ ਵਾਲੇ ਪ੍ਰਭੂ ਨੂੰ ਸਦਾ-ਸਦਾ ਮਨ ਵਿੱਚ ਵਸਾਉਣਾ ਚਾਹੀਦਾ ਹੈ ਕਿਉਂਕਿ ਸਵਾਸ-ਸਵਾਸ ਨਾਮ ਸਿਮਰਨ ਕਰਕੇ ਆਤਮਕ-ਸੁੱਖ ਦੀ ਪ੍ਰਾਪਤੀ ਹੁੰਦੀ ਹੈ। ਗੁਰੂ ਸਾਹਿਬ ਦਾ ਸਪੱਸ਼ਟ ਫੁਰਮਾਨ ਹੈ:

ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ ॥
ਕਲਿ ਕਲੇਸ ਤਨ ਮਾਹਿ ਮਿਟਾਵਉ ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 262)

ਗੁਨ ਗਾਵਤ ਤੇਰੀ ਉਤਰਸਿ ਮੈਲੁ ॥
ਬਿਨਸਿ ਜਾਇ ਹਉਮੈ ਬਿਖੁ ਫੈਲੁ ॥
ਹੋਹਿ ਅਚਿੰਤੁ ਬਸੈ ਸੁਖ ਨਾਲਿ ॥
ਸਾਸਿ ਗ੍ਰਾਸਿ ਹਰਿ ਨਾਮੁ ਸਮਾਲਿ ॥
(ਸ਼੍ਰੀ ਗੁਰੂ ਗ੍ਰੰਥ ਸਾਹਿਬ, ਅੰਗ 289)

ਪ੍ਰਭੂ ਸਿਮਰਨ ਕਰਨ ਨਾਲ ਦੁਸ਼ਮਣ ਟਲ ਜਾਂਦੇ ਹਨ, ਬਿਘਨ ਨਹੀਂ ਲਗਦੇ, ਡਰ ਨਹੀਂ ਲਗਦਾ, ਰਿੱਧੀਆਂ, ਸਿੱਧੀਆਂ, ਗਿਆਨ, ਤੱਤ-ਬੁੱਧੀ, ਜਪ-ਤਪ ਆਦਿ ਸਭ ਆਪਣੇ ਆਪ ਪ੍ਰਾਪਤ ਹੋ ਜਾਂਦੇ ਹਨ। ਇਸ ਤਰ੍ਹਾਂ ਤੀਰਥਾਂ ਦਾ ਸਹੀ ਫਲ ਮਿਲਦਾ ਹੈ। ਤ੍ਰਿਸ਼ਨਾ ਬੁਝ ਜਾਂਦੀ ਹੈ ਤੇ ਮਨ ਦੀ ਮੈਲ ਉਤਰ ਜਾਂਦੀ ਹੈ। ਅਜਿਹੇ ਸਿਮਰਨ ਨਾਲ ਜੁੜੇ ਵਿਅਕਤੀ, ਧਨਵੰਤੇ, ਪਤਵੰਤੇ, ਜਨ-ਪਰਵਾਨ, ਪ੍ਰਧਾਨ, ਬੇਮੁਹਤਾਜੇ, ਸੁਖਵਾਸੀ, ਅਬਿਨਾਸੀ, ਪਰ-ਉਪਕਾਰੀ ਤੇ ਸੁਹਣੇ ਮੁਖ ਵਾਲੇ ਬਣ ਜਾਂਦੇ ਹਨ। ਅਜਿਹੀਆਂ ਆਤਮਾਵਾਂ ਦਾ ਜੀਵਨ-ਢੰਗ ਸ਼ੁੱਧ ਤੇ ਪਵਿੱਤਰ ਹੋ ਜਾਂਦਾ ਹੈ ਕਿਉਂਕਿ ਉਹ ਆਪਣੇ ਮਨ ਨੂੰ ਜਿੱਤ ਲੈਂਦੇ ਹਨ:

ਪ੍ਰਭ ਕਾ ਸਿਮਰਨੁ ਸਭ ਤੇ ਊਚਾ ॥
ਪ੍ਰਭ ਕੈ ਸਿਮਰਨਿ ਉਧਰੇ ਮੂਚਾ ॥
ਪ੍ਰਭ ਕੈ ਸਿਮਰਨਿ ਤ੍ਰਿਸਨਾ ਬੁਝੈ ॥
ਪ੍ਰਭ ਕੈ ਸਿਮਰਨਿ ਸਭੁ ਕਿਛੁ ਸੁਝੈ ॥
ਪ੍ਰਭ ਕੈ ਸਿਮਰਨਿ ਨਾਹੀ ਜਮ ਤ੍ਰਾਸਾ ॥
ਪ੍ਰਭ ਕੈ ਸਿਮਰਨਿ ਪੂਰਨ ਆਸਾ ॥
(ਸ਼੍ਰੀ ਗੁਰੂ ਗ੍ਰੰਥ ਸਾਹਿਬ, ਅੰਗ 263)

ਪ੍ਰਭ ਕਉ ਸਿਮਰਹਿ ਸੇ ਧਨਵੰਤੇ ॥
ਪ੍ਰਭ ਕਉ ਸਿਮਰਹਿ ਸੇ ਪਤਿਵੰਤੇ ॥
(ਸ਼੍ਰੀ ਗੁਰੂ ਗ੍ਰੰਥ ਸਾਹਿਬ, ਅੰਗ 263)

ਪ੍ਰਭ ਕਉ ਸਿਮਰਹਿ ਸੇ ਸੁਖਵਾਸੀ ॥
ਪ੍ਰਭ ਕਉ ਸਿਮਰਹਿ ਸਦਾ ਅਬਿਨਾਸੀ ॥
(ਸ਼੍ਰੀ ਗੁਰੂ ਗ੍ਰੰਥ ਸਾਹਿਬ, ਅੰਗ 263)

ਅਧਿਆਤਮਕ-ਜੀਵਨ ਦੇ ਵਿਕਾਸ ਲਈ ਜਿੱਥੇ ਪ੍ਰਭੂ-ਸਿਮਰਨ ਅਤੇ ਹੋਰ ਨੈਤਿਕ ਗੁਣ ਜ਼ਰੂਰੀ ਹਨ, ਉੱਥੇ ਨੇਕ-ਪੁਰਸ਼ਾਂ ਦੀ ਸੰਗਤ ਵੀ ਅਤਿਅੰਤ ਲੋੜੀਂਦੀ ਹੈ। ਇਸੇ ਲਈ ਗੁਰੂ ਸਾਹਿਬ ਨੇ ਸ੍ਰੇਸ਼ਟ-ਪੁਰਖਾਂ ਨਾਲ ਮੇਲ-ਜੋਲ ਅਤੇ ਸਾਧ-ਸੰਗਤ ਦੀ ਮਹਿਮਾ ਦਾ ਵਿਸ਼ੇਸ਼ ਜ਼ਿਕਰ ਕੀਤਾ ਹੈ। ਇਸ ਸੰਗਤ ਨੂੰ ਮਾਣਨ ਵਾਲੇ ਵਿਅਕਤੀ ਦੇ ਮਨ ਤੋਂ ਬੁਰਾਈਆਂ ਦੀ ਮੈਲ ਲਹਿ ਜਾਂਦੀ ਹੈ ਅਤੇ ਨਾਮ-ਰੰਗ ਵਿੱਚ ਰੰਗਿਆ ਹੋਇਆ ਜਗਿਆਸੂ 'ਸਚਿਆਰਾ' ਬਣ ਕੇ ਪ੍ਰਭੂ ਨਾਲ ਅਭੇਦਤਾ ਪ੍ਰਾਪਤ ਕਰ ਲੈਂਦਾ ਹੈ। ਉਹ ਸਵਾਸ-ਸਵਾਸ ਪ੍ਰਭੂ ਪਿਆਰੇ ਨੂੰ ਯਾਦ ਕਰਦਾ ਹੈ ਤੇ ਉਸ ਨੂੰ ਸਭ ਜੀਵਾਂ ਵਿੱਚ ਪ੍ਰਭੂ ਦੀ ਮੂਰਤ ਨਜ਼ਰ ਆਉਣ ਲਗ ਪੈਂਦੀ ਹੈ। ਅਜਿਹੇ ਜਗਿਆਸੂ ਨੂੰ ਸਾਧੂ-ਜਨ ਅਤੇ ਪ੍ਰਭੂ ਵਿੱਚ ਕੋਈ ਅੰਤਰ ਨਹੀਂ ਦਿੱਸਦਾ। ਗੁਰੂ ਸਾਹਿਬ ਦਾ ਫੁਰਮਾਨ ਹੈ:

ਸਾਧ ਕੀ ਸੋਭਾ ਸਾਧ ਬਨਿ ਆਈ ॥
ਨਾਨਕ ਸਾਧ ਪ੍ਰਭ ਭੇਦੁ ਨ ਭਾਈ ॥੮॥੭॥
(ਸ਼੍ਰੀ ਗੁਰੂ ਗ੍ਰੰਥ ਸਾਹਿਬ, ਅੰਗ 272)

ਸਾਧ ਦੀ ਸੰਗਤ ਵਿੱਚ ਰਹਿੰਦਿਆਂ ਗੁਰੂ-ਆਗਿਆ ਦਾ ਪਾਲਣ ਅਤੇ ਆਤਮ ਸਮਰਪਣ ਦੀ ਭਾਵਨਾ ਦੇ ਨਾਲ ਨਾਲ ਸੇਵਾ-ਭਾਵ ਵੀ ਗ੍ਰਹਿਣ ਕਰਨਾ ਚਾਹੀਦਾ ਹੈ। ਇਹ ਸਭ ਗੁਣ ਅਧਿਆਤਮਕ ਪਦਵੀ ਦੀ ਪ੍ਰਾਪਤੀ ਲਈ ਧਾਰਨ ਕਰਨੇ ਅਤਿਅੰਤ ਜ਼ਰੂਰੀ ਹਨ। ਇਨ੍ਹਾਂ ਸਾਰੇ ਗੁਣਾਂ ਨੂੰ ਧਾਰਨ ਕਰਨ ਦਾ ਉਪਦੇਸ਼ ਵੀ ਇਨ੍ਹਾਂ ਨੂੰ ਧਰਮ-ਕਰਮ ਦਾ ਅੰਗ ਬਣਾ ਕੇ ਹੀ ਦ੍ਰਿੜ੍ਹਾਇਆ ਗਿਆ ਹੈ। ਗੁਰੂ ਉਹ ਹੈ ਜੋ ਸਤਿਪੁਰਖ ਨਾਲ ਅਭੇਦ ਹੈ, ਉਸੇ ਦੀ ਰਾਹਿਨੁਮਾਈ ਸੇਵਕ ਨੂੰ ਪ੍ਰਭੂ ਨਾਲ ਅਭੇਦ ਕਰਨ ਵਾਲੇ ਰਸਤੇ ਵੱਲ ਤੋਰ ਸਕਦੀ ਹੈ। ਸੇਵਕ ਲਈ ਵੱਡੀ ਤੇ ਲੋੜੀਂਦੀ ਸ਼ਰਤ ਨਿਸ਼ਕਾਮਤਾ ਤੇ ਨਿਮਰਤਾ ਧਾਰਨ ਕਰਨ ਦੀ ਹੈ:

ਗੁਰ ਕੈ ਗ੍ਰਿਹਿ ਸੇਵਕੁ ਜੋ ਰਹੈ ॥
ਗੁਰ ਕੀ ਆਗਿਆ ਮਨ ਮਹਿ ਸਹੈ ॥

ਆਪਸ ਕਉ ਕਰਿ ਕਛੁ ਨ ਜਨਾਵੈ ॥
ਹਰਿ ਹਰਿ ਨਾਮੁ ਰਿਦੈ ਸਦ ਧਿਆਵੈ ॥
ਮਨੁ ਬੇਚੈ ਸਤਿਗੁਰ ਕੈ ਪਾਸਿ ॥
ਤਿਸੁ ਸੇਵਕ ਕੇ ਕਾਰਜ ਰਾਸਿ ॥
ਸੇਵਾ ਕਰਤ ਹੋਇ ਨਿਹਕਾਮੀ ॥
ਤਿਸ ਕਉ ਹੋਤ ਪਰਾਪਤਿ ਸੁਆਮੀ ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 286)

ਸੇਵਾ ਨਾਲ ਆਪਣੀ ਕੁਲ ਦਾ ਉਧਾਰ ਹੁੰਦਾ ਹੈ। ਮਨ ਨਿਰਮਲ ਹੁੰਦਾ ਹੈ ਅਤੇ ਆਵਾਗਵਨ ਮੁੱਕ ਜਾਂਦਾ ਹੈ। ਸਥਿਰਤਾ ਪ੍ਰਾਪਤ ਹੁੰਦੀ ਹੈ ਜੋ ਕਿ ਮਨੁੱਖਾ-ਜਨਮ ਦਾ ਅਸਲ-ਮਨੋਰਥ ਹੈ। ਦੁਨੀਆ ਵਿੱਚ ਨਿਮਰਤਾ ਸਹਿਤ ਸੇਵਾ ਕਰਨ ਨਾਲ ਪ੍ਰਭੂ ਦੀ ਦਰਗਾਹ ਵਿੱਚ ਬੈਠਣ ਲਈ ਥਾਂ ਮਿਲਦੀ ਹੈ। ਇਸ ਆਸ਼ੇ ਦਾ ਵਰਣਨ ਗੁਰੂ ਸਾਹਿਬ 'ਸੁਖਮਨੀ ਸਾਹਿਬ' ਦੀ ਅਠਾਰ੍ਹਵੀਂ ਅਸਟਪਦੀ ਦੇ ਸ਼ੁਰੂ ਵਿੱਚ ਹੀ ਕਰਦੇ ਹੋਏ ਫੁਰਮਾਉਂਦੇ ਹਨ:

ਸਤਿਗੁਰੁ ਸਿਖ ਕੀ ਕਰੈ ਪ੍ਰਤਿਪਾਲ ॥
ਸੇਵਕ ਕਉ ਗੁਰੁ ਸਦਾ ਦਇਆਲ ॥
ਸਿਖ ਕੀ ਗੁਰੁ ਦੁਰਮਤਿ ਮਲੁ ਹਿਰੈ ॥
ਗੁਰ ਬਚਨੀ ਹਰਿ ਨਾਮੁ ਉਚਰੈ ॥
ਸਤਿਗੁਰੁ ਸਿਖ ਕੇ ਬੰਧਨ ਕਾਟੈ ॥
ਗੁਰ ਕਾ ਸਿਖੁ ਬਿਕਾਰ ਤੇ ਹਾਟੈ ॥
ਸਤਿਗੁਰੁ ਸਿਖ ਕਉ ਨਾਮ ਧਨੁ ਦੇਇ ॥
ਗੁਰ ਕਾ ਸਿਖੁ ਵਡਭਾਗੀ ਹੇ ॥
ਸਤਿਗੁਰੁ ਸਿਖ ਕਾ ਹਲਤੁ ਪਲਤੁ ਸਵਾਰੈ ॥
ਨਾਨਕ ਸਤਿਗੁਰੁ ਸਿਖ ਕਉ
ਜੀਅ ਨਾਲਿ ਸਮਾਰੈ ॥੧॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 286)

ਗੁਰੂ ਸਾਹਿਬ ਨੇ ਨਾਮ-ਸਿਮਰਨ, ਸਾਧ-ਸੰਗਤ, ਸੇਵਾ ਅਤੇ ਆਤਮ-ਸਮਰਪਣ ਵਰਗੇ ਮਹਾਨ ਗੁਣਾਂ ਦੇ ਧਾਰਨੀ ਮਨੁੱਖ ਨੂੰ ਬ੍ਰਹਮ-ਗਿਆਨੀ ਦੀ ਪਦਵੀ ਬਖ਼ਸ਼ੀ ਹੈ। 'ਬ੍ਰਹਮ ਗਿਆਨੀ' ਸੰਪੂਰਨ-ਮਨੁੱਖ ਦੀ ਉੱਚਤਮ-ਪਦਵੀ ਹੈ। ਜਿੱਥੇ ਉਹ ਸਮਦ੍ਰਿਸ਼ਟੀ ਨਾਲ ਮਾੜੇ-ਚੰਗੇ, ਉੱਚੇ-ਨੀਵੇਂ, ਰਾਜਾ-ਰੰਕ, ਦੁਸ਼ਮਣ-ਮਿੱਤਰ, ਧਨੀ-ਨਿਰਧਨ ਸਭ ਨੂੰ ਸਮਾਨ-ਦ੍ਰਿਸ਼ਟੀ ਨਾਲ ਦੇਖਦਾ, ਸਭ ਵਿੱਚ ਪ੍ਰਭੂ-ਜੋਤ ਨੂੰ ਅਨੁਭਵ ਕਰਦਾ ਹੈ, ਉੱਥੇ ਹੀ ਉਹ ਸਥਿਰ-ਚਿੱਤ ਹੋ ਕੇ ਰਾਗ ਦੋਖ ਤੇ ਸੁੱਖ-ਦੁੱਖ ਵਿੱਚ ਸਮਾਨ ਰਹਿੰਦਾ ਹੈ। ਇਹ ਸਮ-ਦ੍ਰਿਸ਼ਟੀ ਹੀ ਸਰਬੱਤ ਦਾ ਭਲਾ ਤੇ ਸ਼ੁਭ ਕਰਮਾਂ ਦਾ ਅਹਿਸਾਸ ਕਰਵਾਉਂਦੀ ਉਸ ਨੂੰ ਜੀਵਨ-ਮੁਕਤ ਦੇ ਮਨੋਰਥ ਤੱਕ ਲੈ ਜਾਂਦੀ ਹੈ। ਗੁਰੂ ਸਾਹਿਬ ਦਾ ਫੁਰਮਾਨ ਹੈ:

(ੳ) ਬ੍ਰਹਮ ਗਿਆਨੀ ਕੈ ਦ੍ਰਿਸਟਿ ਸਮਾਨਿ ॥
ਜੈਸੇ ਰਾਜ ਰੰਕ ਕਉ ਲਾਗੈ ਤੁਲਿ ਪਵਾਨ ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 272)

(ਅ) ਬ੍ਰਹਮ ਗਿਆਨੀ ਸਦਾ ਸਮਦਰਸੀ ॥
ਬ੍ਰਹਮ ਗਿਆਨੀ ਕੀ ਦ੍ਰਿਸਟਿ ਅੰਮ੍ਰਿਤੁ ਬਰਸੀ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 272-273)

ਅਜਿਹੀ ਸਮਦ੍ਰਿਸ਼ਟੀ ਰੱਖਣ ਵਾਲੇ ਵਿਅਕਤੀ ਨੂੰ ਮਰਨ ਪਿੱਛੋਂ ਵੀ ਮੁਕਤੀ ਲੈਣ ਦੀ ਲੋੜ ਨਹੀਂ, ਉਹ ਤਾਂ ਜਿਉਂਦਿਆਂ ਹੀ ਮੁਕਤ ਹੈ ਕਿਉਂਕਿ ਉਹ ਸਭ ਦੇ ਭਲੇ ਲਈ ਵਰਤਦਾ ਹੈ ਅਤੇ ਸਭ ਉਸ ਦੇ ਸ਼ੁਭ-ਚਿੰਤਕ ਹੁੰਦੇ ਹਨ। ਕੇਵਲ ਗੁਰਮਤਿ ਹੀ ਇੱਕ ਅਜਿਹਾ ਭਗਤੀ-ਮਾਰਗ ਸੁਝਾਉਂਦੀ ਹੈ ਜਿਸ ਵਿੱਚ ਜਿਉਂਦੇ ਜੀਅ ਮਨੁੱਖ ਮੁਕਤੀ ਪ੍ਰਾਪਤ ਕਰ ਸਕਦਾ ਹੈ। ਗੁਰੂ ਸਾਹਿਬ ਫੁਰਮਾਉਂਦੇ ਹਨ:

ਪ੍ਰਭ ਕੀ ਆਗਿਆ ਆਤਮ ਹਿਤਾਵੈ ॥
ਜੀਵਨ ਮੁਕਤਿ ਸੋਊ ਕਹਾਵੈ ॥

ਜੋ ਵਰਤਾਏ ਸਾਈ ਜੁਗਤਿ ॥
ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ ॥੭॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 275)

ਗੁਰੂ ਸਾਹਿਬ ਗੁਰੂ ਅਰਜਨ ਦੇਵ ਜੀ ਆਪਣੇ ਸਮੇਂ ਦੇ ਮਹਾਨ ਧਾਰਮਿਕ-ਚਿੰਤਕ, ਡੂੰਘੇ ਮਨੋਵਿਗਿਆਨੀ, ਮਹਾਨ ਪਰਉਪਕਾਰੀ ਤੇ ਜੀਵਨ ਉਸਰਈਏ, ਕੁਰਬਾਨੀ ਦੇ ਪੁੰਜ, ਸਮਾਜ-ਸੁਧਾਰਕ, ਗ਼ਰੀਬਾਂ ਦੇ ਮਸੀਹਾ, ਅਨੁਭਵੀ ਮਾਰਗ-ਦਰਸ਼ਕ ਮਨੁੱਖੀ ਸੇਵਾ ਪ੍ਰਤੀ ਸਮਰਪਿਤ, ਮਹਾਨ-ਸੰਪਾਦਕ, ਸੰਗੀਤਕਾਰ, ਕੁਦਰਤ-ਪ੍ਰੇਮੀ, ਧਾਰਮਿਕ ਸਹਿਣਸ਼ੀਲਤਾ ਦੀ ਅਦੁੱਤੀ-ਮਿਸਾਲ ਤੇ ਮਹਾਨ ਗੁਰੂ-ਕਵੀ ਸਨ। ਇਤਨੇ ਸਾਰੇ ਮਹਾਨ ਗੁਣਾਂ ਦਾ ਮੁਜੱਸਮਾ ਮੇਰੀ ਜਾਚੇ ਸੰਸਾਰ ਦੇ ਇਤਿਹਾਸ ਵਿੱਚ ਮਿਲਣਾ ਅਸੰਭਵ ਹੈ। ਬਾਣੀ ਸੁਖਮਨੀ (ਇਨ੍ਹਾਂ ਦੀ ਮਹਾਨ ਰਚਨਾ) ਗੁਰਬਾਣੀ ਦੇ ਸਮੁੱਚੇ ਸਿਧਾਂਤਾਂ ਦਾ ਨਿਰੂਪਣ ਕਰਦੀ ਹੈ ਅਤੇ ਪ੍ਰਭੂ-ਭਗਤੀ ਨਾਲ ਜੁੜੇ ਹੋਏ ਮਹਾਨ ਨੈਤਿਕ ਗੁਣਾਂ ਦਾ ਉਪਦੇਸ਼ ਸੰਚਾਰਤ

ਕਰਦੀ ਹੋਈ ਮਨੁੱਖੀ-ਜੀਵ ਨੂੰ ਉਸ ਦੇ ਸਰਵ-ਉੱਚ ਮੁਕਾਮ (ਜੀਵਨ-ਮੁਕਤੀ) ਤੱਕ ਲੈ ਜਾਂਦੀ ਹੈ ਜਿਸ ਨਾਲ ਮਨੁੱਖ 'ਸਚਿਆਰ' ਤੇ 'ਬ੍ਰਹਮ ਗਿਆਨੀ' ਬਣ ਕੇ ਆਤਮਿਕ-ਸੁੱਖ ਦੀ ਪ੍ਰਾਪਤੀ ਕਰਨ ਦੇ ਸਮਰੱਥ ਹੋ ਜਾਂਦਾ ਹੈ।

ਸੈਕਟਰ-67,
ਐਸ.ਏ.ਐਸ, ਨਗਰ, ਮੋਹਾਲੀ।
98773-04609



## ਗ਼ਜ਼ਲ

ਜਸਵਿੰਦਰ ਸ਼ਾਇਰ 'ਪਪਰਾਲਾ'

ਹਰ ਸ਼ੈਅ ਦਾਅ ਤੇ ਲਾ ਦਿੱਤੀ ਸੱਜਣਾ ਤੇਰੇ ਖ਼ਾਤਿਰ।
ਆਪਣੇ ਲਈ ਤਾਂ ਮੈਂ ਕੁੱਝ ਬਚਾਇਆ ਹੀ ਨਹੀਂ।

ਖ਼ੁਸ਼ੀਆਂ ਦੇ ਪਲ ਹੋਗੇ ਜ਼ਿੰਦਗੀ ਤੋਂ ਕੋਹਾਂ ਦੂਰ,
ਗ਼ਮਾਂ ਨੇ ਸਾਨੂੰ ਕਦੀ ਵੀ ਭੁਲਾਇਆ ਹੀ ਨਹੀਂ।

ਭਟਕਦੇ ਰਹੇ ਹਮੇਸ਼ਾਂ ਹੀ ਗ਼ਮਾਂ ਦੇ ਹਨੇਰੇ 'ਚ,
ਉਮੀਦਾਂ ਦਾ ਦੀਵਾ ਕਦੀ ਜਲਾਇਆ ਹੀ ਨਹੀਂ।

ਉਹ ਰੁੱਸਦੇ ਰਹੇ ਅਸੀਂ ਮਨਾਉਂਦੇ ਰਹੇ ਲੱਖ ਵਾਰੀ,
ਉਹਨੇ ਕਦੇ ਸਾਨੂੰ ਰੁੱਸੇ ਨੂੰ ਮਨਾਇਆ ਹੀ ਨਹੀਂ।

ਜਿਸ ਖ਼ਾਤਿਰ ਛੱਡ ਦਿੱਤੀ ਇਹ ਦੁਨੀਆਂਦਾਰੀ ਮੈਂ,
ਉਸ ਬੇਦਰਦ ਫੇਰ ਵੀ ਸਾਨੂੰ ਅਪਣਾਇਆ ਹੀ ਨਹੀਂ।

ਜੋ ਸੀ ਪੱਲੇ ਸਾਡੇ ਲੁੱਟ ਲੈ ਗਿਆ ਝੂਠਾ ਬੇਦਰਦੀ,
ਕਿਸਮਤ ਸਾਡੀ ਮੌਤ ਨੇ ਵੀ ਗਲ ਲਾਇਆ ਨਹੀਂ।

ਪਿੰਡ-ਪਪਰਾਲਾ, ਡਾਕ ਗਗੜਪੁਰ
ਤਹਿ-ਗੂਹਲਾ, ਜ਼ਿਲ੍ਹਾ-ਕੈਥਲ,
(ਹਰਿਆਣਾ)-136034
99965-68220



## ਧੂੰਏ ਦੀ ਲਕੀਰ

ਕੇਵਲਜੀਤ ਸਿੰਘ ਕੰਵਲ

ਉਮਰ ਦੀ ਢਲਾਣ 'ਤੇ
ਜ਼ਿੰਦਗੀ ਦੀ ਸ਼ਾਮ ਨੂੰ
ਕੁਦਰਤ ਦੀ ਠੰਡ ਵਿੱਚ
ਦੁਪਹਿਰ ਦੀ ਕੋਸੀ ਜਿਹੀ
ਧੁੱਪ 'ਚ ਸੇਕ ਰਿਹਾ ਹਾਂ
ਪਲ–ਪਲ ਪਤਝੜ ਦੇ
ਪੱਤਿਆਂ ਵਾਂਗ
ਝੜ ਰਹੇ ਹਨ
ਹਰ ਦਿਨ ਮੁੱਠੀ ਵਿੱਚੋਂ
ਰੇਤ ਵਾਂਗ
ਖਿਸਕ ਰਿਹਾ ਹੈ
ਮੀਂਹ ਤੋਂ ਬਾਦ
ਚਿੱਟੇ ਹੋਏ ਬੱਦਲ
ਅਸਮਾਨ ਵਿਚ ਉੱਡਦੇ
ਖਿੰਡਰਦੇ-ਖਿੰਡਰਦੇ
ਅਲੋਪ ਹੁੰਦੇ ਜਾ ਰਹੇ ਹਨ
ਜ਼ਿੰਦਗੀ ਦਾ ਸਫ਼ਰ
ਆਖਰੀ ਪੜਾਂ 'ਤੇ
ਪਹੁੰਚ ਗਿਆ ਹੈ
ਧੂੰਏ ਵਿਚ ਸਮਾਉਣ ਲਈ
ਧੂੰਏ ਦੀ ਲਕੀਰ
ਬਣਨ ਲਈ 'ਕੰਵਲ'

ਮੋਤੀਆ, ਰਾਇਟਸ,
ਢਕੋਲੀ ਕੇ ਏਰੀਆ, ਮੋਹਾਲੀ
98775-66190

# ਹਰਿਆਣਾ ਦਾ ਨਾਇਕ- ਰਾਓ ਤੁਲਾ ਰਾਮ

ਜਤਿੰਦਰ ਮੋਹਨ



ਹਰਿਆਣੇ ਦਾ ਦੱਖਣੀ ਹਿੱਸਾ ਅਹੀਰਾਂ ਦੀ ਧਰਤੀ ਵਜੋਂ ਜਾਣਿਆ ਜਾਂਦਾ ਹੈ। ਵੀਰਾਂ ਦੀ ਇਹ ਧਰਤੀ ਅਹੀਰਵਾਲ ਦੇ ਨਾਂ ਨਾਲ ਵੀ ਪ੍ਰਸਿੱਧ ਹੈ। ਇਸ ਦਾ ਕੁੱਝ ਇਲਾਕਾ ਰਾਜਸਥਾਨ ਵਿੱਚ ਵੀ ਹੈ। ਅਜੋਕਾ ਹਰਿਆਣਾ ਵੀਰਾਂ ਦੀ ਧਰਤੀ ਹੈ। ਇਤਿਹਾਸ ਦੇ ਪੰਨਿਆਂ ਨੂੰ ਪਲਟਦਿਆਂ ਹੀ ਮਹਾਂਭਾਰਤ ਦਾ ਯੁੱਧ ਕਿਸਦੇ ਯਾਦ ਨਹੀਂ ਆਉਂਦਾ? ਇਸ ਤਰ੍ਹਾਂ ਦੇਸ਼ ਦੀ ਆਜ਼ਾਦੀ ਦੇ ਘੋਲ ਵਿੱਚ ਆਪਣਾ ਯੋਗਦਾਨ ਪਾਉਣ ਵਾਲੇ ਅਨੇਕਾਂ ਵੀਰਾਂ ਵਿੱਚੋਂ ਰਾਓ ਤੁਲਾ ਰਾਮ ਵੀ ਅਜਿਹਾ ਮਹਾਨ ਵੀਰ ਹੈ ਜਿਸ ਨੇ ਗ਼ੁਲਾਮੀ ਦਾ ਜੂਲਾ ਲਾਹੁਣ ਲਈ ਆਪਣਾ ਬਲੀਦਾਨ ਦਿੱਤਾ।

ਰਾਓ ਤੁਲਾ ਰਾਮ ਦਾ ਜਨਮ 9 ਦਸੰਬਰ 1825 ਈ: ਨੂੰ ਰਾਮਪੁਰਾ (ਰਿਵਾੜੀ) ਵਿੱਚ ਹੋਇਆ। ਉਨ੍ਹਾਂ ਦੇ ਪਿਤਾ ਜੀ ਦਾ ਨਾਂ ਰਾਓ ਪੂਰਨ ਸਿੰਘ ਤੇ ਮਾਤਾ ਦਾ ਨਾਂ ਰਾਣੀ ਗਿਆਨ ਕੌਰ ਜਾਂ ਕੁੰਵਰ ਸੀ। ਰਿਵਾੜੀ ਨੂੰ ਉਸ ਸਮੇਂ ਅਹੀਰਵਾਲ ਦਾ ਲੰਡਨ ਕਿਹਾ ਜਾਂਦਾ ਸੀ। ਆਪ ਜੀ ਦੀ ਪੜ੍ਹਾਈ ਪੰਜ ਸਾਲ ਦੀ ਉਮਰ ਵਿੱਚ ਸ਼ੁਰੂ ਹੋਈ। ਰਾਓ ਤੁਲਾ ਰਾਮ ਹਿੰਦੀ, ਉਰਦੂ, ਅੰਗਰੇਜ਼ੀ ਤੇ ਫ਼ਾਰਸੀ ਬੜੀ ਚੰਗੀ ਤਰ੍ਹਾਂ ਜਾਣਦੇ ਸਨ। ਰਾਜ ਘਰਾਣੇ ਨਾਲ ਸੰਬੰਧਿਤ ਹੋਣ ਕਾਰਨ ਆਪ ਜੀ ਨੂੰ ਘੋੜਸਵਾਰੀ ਤੇ ਤਲਵਾਰਬਾਜ਼ੀ ਦੀ ਸਿਖਲਾਈ ਦਿੱਤੀ ਗਈ ਤੇ ਆਪ ਨੇ ਨਿਪੁੰਨਤਾ ਹਾਸਲ ਕੀਤੀ।

ਅਹੀਰਵਾਲ ਦਾ ਇਤਿਹਾਸ ਵੀ ਬਹੁਤ ਪੁਰਾਣਾ ਹੈ। ਇਸ ਉੱਤੇ ਜ਼ਿਆਦਾ ਚਰਚਾ ਕਰਨੀ ਵਾਜ਼ਿਬ ਨਹੀਂ ਪਰ ਇਹ ਦੱਸਣਾ ਜ਼ਰੂਰੀ ਹੈ ਕਿ ਅੰਗਰੇਜ਼ਾਂ ਦੀ ਵਿਸਥਾਰਵਾਦੀ ਯੋਜਨਾ ਤਹਿਤ 1803 ਈ: ਵਿੱਚ ਰਾਓ ਤੁਲਾ ਰਾਮ ਦੇ ਦਾਦਾ ਰਾਓ ਤੇਜ਼ ਸਿੰਘ ਦੇ ਰਾਜ ਨੂੰ ਅੰਗਰੇਜ਼ਾਂ ਨੇ ਆਪਣੇ ਰਾਜ ਵਿੱਚ ਮਿਲਾ ਲਿਆ। ਕਿਹਾ ਜਾਂਦਾ ਹੈ ਕਿ ਉਸ ਸਮੇਂ ਰਾਓ ਤੇਜ਼ ਸਿੰਘ ਕੋਲ਼ ਕੇਵਲ 58 ਪਿੰਡ ਹੀ ਰਹਿ ਗਏ। 1823 ਈ: ਵਿੱਚ ਉਸਦੀ ਮੌਤ ਤੋਂ ਬਾਅਦ ਉਨ੍ਹਾਂ ਦੀ ਜਾਇਦਾਦ ਉਨ੍ਹਾਂ ਦੇ ਤਿੰਨੇ ਪੁੱਤਰਾਂ ਵਿੱਚ ਵੰਡੀ ਜਾਣੀ ਸੁਭਾਵਕ ਹੀ ਸੀ। ਉਨ੍ਹਾਂ ਦੀ ਜਾਇਦਾਦ ਦੇ ਵਾਰਸ ਉਨ੍ਹਾਂ ਦੇ ਤਿੰਨ ਪੁੱਤਰ ਰਾਓ ਪੂਰਨ ਸਿੰਘ, ਰਾਓ ਨੱਥੂ ਸਿੰਘ ਤੇ ਰਾਓ ਜਵਾਹਰ ਸਿੰਘ ਸਨ। ਰਾਓ ਜਵਾਹਰ ਸਿੰਘ ਦੇ ਕੋਈ ਔਲਾਦ ਨਾ ਹੋਣ ਕਾਰਨ ਇਹ ਜਾਇਦਾਦ ਰਾਓ ਪੂਰਨ ਸਿੰਘ ਤੇ ਨੱਥੂ ਸਿੰਘ ਵਿਚਕਾਰ ਵੰਡੀ ਗਈ। ਰਾਓ ਪੂਰਨ ਸਿੰਘ ਦੇ ਵਾਰਸ ਰਾਓ ਤੁਲਾ ਰਾਮ ਬਣੇ।

ਰਾਓ ਤੁਲਾ ਰਾਮ ਅਜੇ ਚੌਦਾਂ ਸਾਲ ਦੇ ਹੀ ਸਨ ਕਿ ਪਿਤਾ ਦਾ ਸਾਇਆ ਸਿਰ ਤੋਂ ਉੱਠ ਗਿਆ। ਪਿਤਾ ਦੀ ਮੌਤ ਤੋਂ ਬਾਅਦ ਆਪ ਰਾਜਗੱਦੀ ’ਤੇ ਬੈਠੇ। ਅੰਗਰੇਜ਼ਾਂ ਦਾ ਰਾਜ ਵਧ ਰਿਹਾ ਸੀ। ਉਹ ਜਾਇਜ਼ ਤੇ ਨਜਾਇਜ਼ ਢੰਗ ਨਾਲ ਦੇਸੀ ਰਾਜਿਆਂ ਦੇ ਰਾਜ ਹੜੱਪ ਰਹੇ ਸਨ । ਜਿਹੜੇ ਰਾਜਿਆਂ ਨੇ ਉਨ੍ਹਾਂ ਦੀ ਅਧੀਨਤਾ ਸਵੀਕਾਰ ਕਰ ਲਈ ਤੇ ਉਨ੍ਹਾਂ ਦਾ ਸਾਥ ਦੇਣ ਲੱਗੇ, ਉਨ੍ਹਾਂ ਦਾ ਕੋਈ ਨੁਕਸਾਨ ਨਾ ਹੋਇਆ। ਸੋ ਰਾਓ ਤੁਲਾ ਰਾਮ ਨਾਲ ਵੀ ਅਜਿਹਾ ਹੀ ਵਾਪਰਿਆ ਕਿ ਅੰਗਰੇਜ਼ਾਂ ਨੇ ਉਨ੍ਹਾਂ ਦਾ ਰਾਜ ਸੀਮਤ ਕਰ ਦਿੱਤਾ। ਕੁੱਝ ਇਲਾਕੇ ਹੀ ਉਨ੍ਹਾਂ ਕੋਲ ਬਚੇ ਸਨ। ਰੋਹ ਵਿੱਚ ਆਏ ਰਾਓ ਤੁਲਾ ਰਾਮ ਨੇ ਆਪਣੀ ਫੌਜ਼ ਨੂੰ ਸੰਗਠਿਤ ਕਰਨਾ ਸ਼ੁਰੂ ਕਰ ਦਿੱਤਾ।

1857 ਈਸਵੀ ਦਾ ਉਹ ਵਰ੍ਹਾ ਵੀ ਆ ਗਿਆ ਜਿਸ ਨੂੰ ਅਸੀਂ ਭਾਰਤ ਦੀ ਆਜ਼ਾਦੀ ਦੀ ਪਹਿਲੀ ਲੜਾਈ ਦੇ ਤੌਰ ’ਤੇ ਜਾਣਦੇ ਹਾਂ। ਦੇਸ਼ ਵਿੱਚ ਕ੍ਰਾਂਤੀ ਦੀ ਲਹਿਰ ਲੋਕਾਂ ਦੇ ਦਿਲਾਂ ਵਿੱਚ ਅੱਗ ਵਾਂਗ ਭੜਕ ਗਈ। ਫਿਰ ਅਹੀਰਵਾਲ ਵਰਗੀ ਵੀਰਾਂ ਦੀ ਧਰਤੀ ਕਿਵੇਂ ਅਛੂਤੀ ਰਹਿੰਦੀ। ਰਾਓ ਤੁਲਾ ਰਾਮ ਤੇ ਉਸ ਦੇ ਚਚੇਰੇ ਭਰਾ ਭਾਈ ਰਾਓ ਗੋਪਾਲ ਦੇਵ ਨੇ ਦਿੱਲੀ ਦੇ ਬਾਦਸ਼ਾਹ ਬਹਾਦਰ ਸ਼ਾਹ ਦਾ ਸਾਥ ਦਿੱਤਾ ਤੇ ਉਸਦੀ ਵਿੱਤੀ ਸਹਾਇਤਾ ਵੀ ਕੀਤੀ। ਕਿਹਾ ਜਾਂਦਾ ਹੈ ਕਿ ਉਸ ਸਮੇਂ

ਰਾਓ ਤੁਲਾ ਰਾਮ ਨੇ ਬਹਾਦਰ ਸ਼ਾਹ ਨੂੰ 45000/ਰੁਪਏ ਅਤੇ ਹੋਰ ਖਾਦ ਸਮਗਰੀ ਵੀ ਭੇਜੀ। ਵਿਦਰੋਹ ਦੀ ਲਹਿਰ ਮੇਰਠ ਤੋਂ ਦਿੱਲੀ ਤੱਕ ਫੈਲ ਗਈ। ਅਜਿਹੀ ਸਥਿਤੀ ਵਿੱਚ ਦਿੱਲੀ ’ਤੇ ਕੰਟਰੋਲ ਕਰਨਾ ਅੰਗਰੇਜ਼ਾਂ ਦੀ ਮਜਬੂਰੀ ਸੀ। ਦਿੱਲੀ ’ਤੇ ਕਬਜ਼ਾ ਕਰਨ ਲਈ ਰਾਓ ਤੁਲਾ ਰਾਮ ਦਾ ਇਲਾਕਾ ਪਾਰ ਕਰਨਾ ਅੰਗਰੇਜ਼ਾਂ ਲਈ ਮੁਸ਼ਕਲ ਹੀ ਨਹੀਂ ਸੀ ਬਲਕਿ ਜੋਖ਼ਮ ਭਰਿਆ ਵੀ ਸੀ। ਆਸ-ਪਾਸ ਦੀਆਂ ਸਾਰੀਆਂ ਰਿਆਸਤਾਂ ਹੀ ਲਗਭਗ ਅੰਗਰੇਜ਼ਾਂ ਦੇ ਖ਼ਿਲਾਫ਼ ਸਨ। ਉਨ੍ਹਾਂ ਲਈ ਦਿੱਲੀ ਤੋਂ ਵੱਧ ਰਾਓ ਤੁਲਾ ਰਾਮ ਨੂੰ ਕੰਟਰੋਲ ਕਰਨਾ ਜ਼ਰੂਰੀ ਸੀ।

17 ਮਈ, 1857 ਈਸਵੀ ਨੂੰ ਰਾਓ ਤੁਲਾ ਰਾਮ ਨੇ ਆਪਣੇ ਪੰਜ ਸੌ ਸਾਥੀਆਂ ਨਾਲ ਮਿਲ ਕੇ ਰਿਵਾੜੀ ਦੀ ਤਹਿਸੀਲ ’ਤੇ ਕਬਜ਼ਾ ਕਰ ਲਿਆ ਤੇ ਤਹਿਸੀਲਦਾਰ ਨੂੰ ਗੱਦੀਉਂ ਲਾਹ ਕੇ ਖ਼ਜ਼ਾਨੇ ਦੀ ਸਾਰੀ ਰਕਮ ਆਪਣੇ ਕਬਜ਼ੇ ਵਿੱਚ ਕਰ ਲਈ। ਸਾਰੀਆਂ ਇਮਾਰਤਾਂ ’ਤੇ ਰਾਓ ਤੁਲਾ ਰਾਮ ਦਾ ਕਬਜ਼ਾ ਹੋ ਗਿਆ। ਭਾਵੇਂ ਰਿਵਾੜੀ ਤੇ ਰਾਓ ਤੁਲਾ ਰਾਮ ਦਾ ਕਬਜ਼ਾ ਹੋ ਗਿਆ ਪਰ ਮੁੱਖ ਰਾਜ ਪ੍ਰਬੰਧ ਰਾਮਪੁਰਾ ਤੋਂ ਹੀ ਚਲਦਾ ਸੀ। ਕਹਿੰਦੇ ਹਨ ਕਿ ਲੋਕਾਂ ਦੇ ਸਹਿਯੋਗ ਤੋਂ ਬਿਨਾਂ ਤੇ ਪਰਜਾ ਦੀ ਦਿਲੀ ਹਮਦਰਦੀ ਤੋਂ ਬਿਨਾਂ ਲੜਨਾ ਬਹੁਤ ਹੀ ਔਖਾ ਹੈ। ਪਰਜਾ ਦੀ ਦੇਸ਼ ਭਗਤੀ ’ਤੇ ਸਹਿਯੋਗ ਰਾਓ ਤੁਲਾ ਰਾਮ ਨਾਲ ਸੀ।

ਇਸ ਲਈ ਜਨਤਾ ਨੇ ਰਾਓ ਤੁਲਾ ਰਾਮ ਨੂੰ ਦਾਨ ਦੇ ਰੂਪ ਵਿੱਚ ਧਨ ਦੇਣਾ ਸ਼ੁਰੂ ਕਰ ਦਿੱਤਾ। ਇਸ ਤਰ੍ਹਾਂ ਪ੍ਰਾਪਤ ਹੋਈ ਰਕਮ ’ਤੇ ਕੁੱਝ ਕਰਜ਼ ਲੈ ਕੇ ਰਾਓ ਸਾਹਿਬ ਨੇ ਪੰਜ ਹਜ਼ਾਰ ਸੈਨਿਕ ਭਰਤੀ ਕਰ ਲਏ। ਇਸ ਸੈਨਾ ਦਾ ਕਮਾਂਡਰ ਗੋਪਾਲ ਦੇਵ ਸੀ। ਹੁਣ ਰਾਮਪੁਰਾ ਦਾ ਕਿਲ੍ਹਾ ਗੋਲੀ-ਬਰੂਦ, ਤੋਪਾਂ ਅਤੇ ਬੰਦੂਕਾਂ ਨਾਲ ਭਰਿਆ ਜਾਣ ਲੱਗਾ। ਲੋਕਾਂ ਦੇ ਸਹਿਯੋਗ ਅਤੇ ਹਮਦਰਦੀ ਕਾਰਨ ਰਾਓ ਤੁਲਾ ਰਾਮ ਤੇ ਉਸਦੇ ਸਾਥੀਆਂ ਦੇ ਹੌਂਸਲੇ ਬੁਲੰਦ ਹੋ ਗਏ।

ਉੱਧਰ ਅੰਗਰੇਜ਼ਾਂ ਨੂੰ ਵੀ ਪਲ-ਪਲ ਦੀ ਖ਼ਬਰ ਮਿਲਦੀ ਸੀ। ਉਨ੍ਹਾਂ ਨੇ ਰਾਓ ਤੁਲਾ ਰਾਮ ਦੇ ਰਾਜ ਪ੍ਰਬੰਧ ਨੂੰ ਤਹਿਸ ਨਹਿਸ ਕਰਨ ਲਈ 2 ਅਕਤੂਬਰ 1857ਈ: ਨੂੰ ਬ੍ਰਿਗੇਡੀਅਰ ਜਨਰਲ ਸ਼ਾਵਰ (ਸੋਵਰਜ) ਦੀ ਅਗਵਾਈ ਵਿੱਚ ਭਾਰੀ ਸੈਨਾ ਭੇਜੀ। ਉਹ ਅਜੇ ਫੌਜ ਲੈ ਕੇ ਆ ਹੀ ਰਿਹਾ ਸੀ ਕਿ ਰਾਓ ਤੁਲਾ ਰਾਮ ਦੀ ਇੱਕ ਸੈਨਿਕ ਟੁਕੜੀ ਨੇ ਉਸ ਉੱਤੇ ਘਾਤ ਲਾ ਕੇ ਹਮਲਾ ਕਰ ਦਿੱਤਾ। ਸ਼ਾਵਰ ਘਿਰ ਗਿਆ। ਰਾਓ ਤੁਲਾ ਰਾਮ ਦੀ ਸੈਨਿਕ ਵਿਵਸਥਾ ’ਤੇ ਪਕੜ ਦੇਖ ਕੇ ਉਹ ਹੈਰਾਨ ਰਹਿ ਗਿਆ। ਦਿੱਲੀ ਵਿੱਚ ਅੰਗਰੇਜ਼ਾਂ ਦੇ ਪੈਰ ਜੰਮਣ ਲੱਗੇ। ਬਹਾਦਰ ਸ਼ਾਹ ਹਾਰ ਗਿਆ। ਇਸ ਹਾਰ ਕਾਰਨ ਰਾਓ ਸਾਹਿਬ ਤੇ ਉਹਨਾਂ ਦੇ ਸਾਥੀ ਨਿਰਾਸ਼ ਹੋ ਗਏ।

ਰਾਓ ਤੁਲਾ ਰਾਮ ਨੂੰ ਵੀ ਪਤਾ ਸੀ ਕਿ ਰਾਮਪੁਰਾ ਦੇ ਕੱਚੇ ਕਿਲ੍ਹੇ 'ਚੋਂ ਮੁਕਾਬਲਾ ਕਰਨਾ ਕੋਈ ਸੌਖਾ ਕੰਮ ਨਹੀਂ ਹੈ। ਇਹ ਇਲਾਕਾ ਮੈਦਾਨੀ ਵੀ ਸੀ। ਇਸ ਲਈ ਇੱਥੇ ਗੁਰੀਲਾ ਯੁੱਧ ਹੋਣਾ ਅਸੰਭਵ ਸੀ। ਸੋ ਉਨ੍ਹਾਂ ਨੂੰ ਅਜਿਹੀ ਥਾਂ ਦੀ ਜ਼ਰੂਰਤ ਸੀ ਜਿੱਥੇ ਗੁਰੀਲਾ ਯੁੱਧ ਹੋ ਸਕੇ। ਉੱਧਰ ਅੰਗਰੇਜ਼ ਵੀ ਯੁੱਧ ਕਰਨ ਲਈ ਅੱਗੇ ਵਧ ਰਹੇ ਸਨ।

ਜਨਰਲ ਸ਼ਾਵਰ ਨੇ ਰਾਓ ਤੁਲਾ ਰਾਮ ਨੂੰ ਆਤਮ-ਸਮਰਪਣ ਕਰਨ ਲਈ ਸੁਨੇਹਾ ਭੇਜਿਆ ਪਰ ਉਸਨੇ ਇਹ ਪ੍ਰਸਤਾਵ ਠੁਕਰਾ ਦਿੱਤਾ।

10 ਨਵੰਬਰ, 1857 ਈ: ਨੂੰ ਅੰਗਰੇਜ਼ ਸੈਨਾ ਜਿਸਦੀ ਅਗਵਾਈ ਕਰਨਲ ਗੈਰਾਡ ਕਰ ਰਿਹਾ ਸੀ। ਭਾਰੀ ਤੋਪਖ਼ਾਨੇ ਨਾਲ ਲੈਸ ਇਹ ਸੈਨਾ ਆ ਕੇ ਰਾਮਪੁਰਾ ਕੋਲ ਰੁਕੀ ਪ੍ਰੰਤੂ ਜਦੋਂ ਕੋਈ ਹਰਕਤ ਨਾ ਹੋਈ ਤਾਂ ਉਨ੍ਹਾਂ ਨੇ ਨਾਰਨੌਲ ਵੱਲ ਕੂਚ ਕੀਤਾ। ਨਾਰਨੌਲ ਦਾ ਖੇਤਰ ਰੇਤੀਲਾ ਤੇ ਪਹਾੜੀ ਸੀ। ਅੰਗਰੇਜ਼ ਸੈਨਾ ਨਸੀਬ ਪੁਰ ਪਹੁੰਚ ਗਈ। ਦੋਵਾਂ ਧਿਰਾਂ ਦਰਮਿਆਨ ਭਾਰੀ ਯੁੱਧ ਹੋਣ ਲੱਗਾ। ਰਾਓ ਸਾਹਿਬ ਦੀ ਸੈਨਾ ਨੇ ਅੰਗਰੇਜ਼ਾਂ ਦੇ ਛੱਕੇ ਛੁਡਾ ਦਿੱਤੇ। ਹਾਲਾਤ ਵਿਗੜ ਗਏ। ਅੰਗਰੇਜ਼ ਸੈਨਾ ਦਾ ਭਾਰੀ ਨੁਕਸਾਨ ਹੋਇਆ। ਕਰਨਲ ਗੈਰਾਡ ਇਸ ਲੜਾਈ ਵਿੱਚ ਮਾਰਿਆ ਗਿਆ। ਉਸ ਵੇਲੇ ਦੇ ਐਕਟਿੰਗ ਬ੍ਰਿਟਿਸ਼ ਕਮਾਂਡਰ ਮੇਜਰ

ਕੋਲਫੀਲਡ ਨੇ ਸੈਨਾ ਦਾ ਭਾਰੀ ਨੁਕਸਾਨ ਦੇਖ ਕੇ ਬੰਬਾਰੀ ਕਰਨ ਦਾ ਹੁਕਮ ਦੇ ਦਿੱਤਾ। ਅੰਗਰੇਜ਼ਾਂ ਦੇ ਪਿੱਠੂ ਰਾਜਿਆਂ ਨੇ ਆਪਣੀਆਂ ਸੈਨਾਵਾਂ ਭੇਜ ਦਿੱਤੀਆਂ। ਜੈਪੁਰ, ਸਿੰਧ, ਨਾਭਾ, ਕਪੂਰਥਲਾ ਤੇ ਹੋਰ ਰਾਜਿਆਂ ਨੇ ਵੀ ਅੰਗਰੇਜਾਂ ਦੀ ਵਫ਼ਾਦਾਰੀ ਕਰਦਿਆਂ ਸਹਾਇਤਾ ਕੀਤੀ। ਬੰਬਾਰੀ ਤੇ ਭਿਆਨਕ ਯੁੱਧ ਵਿੱਚ ਰਾਓ ਤੁਲਾ ਰਾਮ ਦੀ ਫ਼ੌਜ ਦਾ ਕਾਫ਼ੀ ਨੁਕਸਾਨ ਹੋਇਆ। ਲਗਭਗ ਪੰਜ ਹਜ਼ਾਰ ਸੈਨਿਕ ਇਸ ਲੜਾਈ ਵਿੱਚ ਮਾਰੇ ਗਏ। ਰਾਓ ਕ੍ਰਿਸ਼ਨ ਗੋਪਾਲ ਵਰਗੇ ਵੀਰ ਵੀ ਇਸ ਯੁੱਧ ਵਿੱਚ ਸ਼ਹੀਦ ਹੋ ਗਏ।

16 ਨਵੰਬਰ, 1857 ਈ: ਨੂੰ ਯੁੱਧ ਵਿੱਚ ਇੱਕ ਅੰਗਰੇਜ਼ ਸੈਨਿਕ ਦੁਆਰਾ ਕੀਤੇ ਹਮਲੇ ਵਿੱਚ ਸ਼ਹੀਦ ਹੋਏ ਰਾਓ ਗੋਪਾਲ ਕਿਸ਼ਨ ਦਾ ਵਫ਼ਾਦਾਰ ਘੋੜਾ ਉਸਦਾ ਧੜ ਉਸਦੇ ਟਿਕਾਣੇ ਨਾਂਗਲ ਪਠਾਣੀ ਵੱਲ ਲੈ ਭੱਜਿਆ। ਜਦੋਂ ਘੋੜਾ ਉੱਥੇ ਪਹੁੰਚਿਆ ਤਾਂ ਉਸ ਉੱਤੇ ਧੜ ਨਹੀਂ ਸੀ। ਲਹੂ ਨਾਲ ਲੱਥਪੱਥ ਘੋੜੇ ਨੂੰ ਦੇਖ ਕੇ ਜਨਤਾ ਨੂੰ ਅਹਿਸਾਸ ਹੋਇਆ ਕਿ ਰਾਓ ਗੋਪਾਲ ਦੇਵ ਜੀ ਸ਼ਹੀਦ ਹੋ ਗਏ ਹਨ। ਬਾਅਦ ਵਿੱਚ ਉਨ੍ਹਾਂ ਦਾ ਧੜ ਲਿਆ ਕੇ ਨਾਂਗਲ ਪਠਾਣੀ ਵਿਖੇ ਸੰਸਕਾਰ ਕੀਤਾ ਗਿਆ।

ਰਾਓ ਤੁਲਾ ਰਾਮ ਦੀ ਹੁੰਦੀ ਜਿੱਤ ਅੰਗਰੇਜ਼ਾਂ ਦੇ ਪਿੱਠੂਆਂ ਦੀ ਸਹਾਇਤਾ ਕਾਰਨ ਹਾਰ ਵਿੱਚ ਬਦਲ ਗਈ। ਇਸ ਲੜਾਈ ਵਿੱਚ ਰਾਓ ਤੁਲਾ ਰਾਮ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਏ ਪਰ ਉਨ੍ਹਾਂ ਦੀ ਜਾਨ ਬਚ ਗਈ ਤੇ ਉਹ ਉੱਥੋਂ ਨਿਕਲ ਕੇ ਬੀਕਾਨੇਰ ਚਲੇ ਗਏ।

ਬੀਕਾਨੇਰ ਵਿਖੇ ਆਪ ਨੇ ਆਪਣਾ ਇਲਾਜ ਕਰਵਾਇਆ। ਉਸ ਇਲਾਕੇ ਦੇ ਰਾਜੇ ਅੰਗਰੇਜ਼ਾਂ ਦੇ ਰੋਹ ਤੋਂ ਡਰਦੇ ਸਨ। ਇਸ ਲਈ ਉਨ੍ਹਾਂ ਨੇ ਆਪ ਜੀ ਦੀ ਕੋਈ ਸਹਾਇਤਾ ਨਾ ਕੀਤੀ। ਉੱਥੋਂ ਆਪ ਤਾਂਤੀਆ ਤੋਪੇ ਕੋਲ ਚਲੇ ਗਏ ਤੇ ਉਸ ਦੀ ਫ਼ੌਜ ਵਿੱਚ ਭਰਤੀ ਹੋ ਗਏ। ਤਾਂਤੀਆ ਟੋਪੇ ਤੇ ਅੰਗਰੇਜ਼ਾਂ ਦੀ ਲੜਾਈ ਵਿੱਚ ਤਾਂਤੀਆ ਟੋਪੇ ਦੀ ਹਾਰ ਪਿੱਛੋਂ ਆਪ ਉੱਥੋਂ ਨਿਕਲ ਕੇ ਨੇਪਾਲ ਦੇ ਰਸਤੇ ਈਰਾਨ ਚਲੇ ਗਏ। ਅੰਗਰੇਜ਼ੀ ਰਾਜ ਨਾਲ ਟੱਕਰ ਲੈਣ ਲਈ ਉਸਨੇ ਕਈ ਦੇਸ਼ਾਂ ਤੋਂ ਸਹਾਇਤਾ ਮੰਗੀ ਪਰ ਅੰਗਰੇਜ਼ਾਂ ਦੇ ਡਰ ਕਾਰਨ ਕਿਸੇ ਨੇ ਵੀ ਸਹਾਇਤਾ ਨਾ ਕੀਤੀ। ਅੰਗਰੇਜ਼ਾਂ ਦਾ ਡਰ ਭਿਆਨਕ ਸੀ। ਉਸ ਸਮੇਂ ਤੋਂ ਲੈ ਕੇ ਅੱਜ ਤੱਕ ਵੀ ਇਹ ਸ਼ਬਦ ਦੁਹਰਾਏ ਜਾਂਦੇ ਹਨ ਕਿ ਉਨ੍ਹਾਂ ਦੇ ਰਾਜ ਵਿੱਚ ਹੀ ਸੂਰਜ ਚੜ੍ਹਦਾ ਸੀ ਤੇ ਉਨ੍ਹਾਂ ਦੇ ਰਾਜ ਵਿੱਚ ਹੀ ਸੂਰਜ ਛਿਪਦਾ ਸੀ।

ਇੰਜ ਕੋਸ਼ਿਸ਼ਾਂ ਕਰਦੇ ਉਹ ਅਫ਼ਗ਼ਾਨਿਸਤਾਨ ਪਹੁੰਚ ਗਏ। ਉੱਥੋਂ ਦਾ ਜਲਵਾਯੂ ਆਪਦੇ ਮਾਫ਼ਕ ਨਾ ਆਇਆ ਤੇ ਆਪ ਜੀ ਨੂੰ ਪੇਚਿਸ਼ ਦੀ ਬਿਮਾਰੀ ਨੇ ਘੇਰ ਲਿਆ ਜੋ ਜਾਨਲੇਵਾ ਸਾਬਤ ਹੋਈ। ਆਪ 23 ਸਤੰਬਰ, 1863 ਈਸਵੀ ਨੂੰ ਛੋਟੀ ਜਿਹੀ ਉਮਰ (37 ਸਾਲ) ਵਿੱਚ ਕਾਬੁਲ (ਅਫ਼ਗ਼ਾਨਿਸਤਾਨ) ਵਿਖੇ ਸਵਰਗ ਸਿਧਾਰ ਗਏ।

ਰਾਓ ਤੁਲਾ ਰਾਮ ਦੇ ਦੇਸ਼ ਭਗਤੀ ਦੇ ਜਜ਼ਬੇ ਨੂੰ ਸਲਾਮ ਕਰਨਾ ਸਾਡਾ ਫ਼ਰਜ਼ ਹੈ। ਆਪ ਜੀ ਦੀ ਯਾਦ ਵਿੱਚ ਬਹੁਤ ਸਾਰੀਆਂ ਯਾਦਗਾਰਾਂ ਬਣਾਈਆਂ ਗਈਆਂ ਹਨ। 23 ਸਤੰਬਰ, 2001 ਨੂੰ ਇਨ੍ਹਾਂ ਦੀ ਯਾਦ ਵਿੱਚ ਇੱਕ ਡਾਕ ਟਿਕਟ ਵੀ ਜਾਰੀ ਕੀਤਾ ਗਿਆ।

23 ਸਤੰਬਰ ਦਾ ਦਿਨ ਹਰਿਆਣਾ ਬਲੀਦਾਨ ਦਿਵਸ ਵਜੋਂ ਮਨਾਇਆ ਜਾਂਦਾ ਹੈ। ਇਸ ਦਿਨ ਹਰਿਆਣਾ ਸਰਕਾਰ ਵੱਲੋਂ ਹਰਿਆਣਾ ਵਿੱਚ ਸਰਕਾਰੀ ਛੁੱਟੀ ਵੀ ਕੀਤੀ ਜਾਂਦੀ ਹੈ। ਸਾਨੂੰ ਆਪਣੇ ਵੀਰਾਂ ਦੀਆਂ ਕੁਰਬਾਨੀਆਂ ਨੂੰ ਨਹੀਂ ਭੁਲਾਉਣਾ ਚਾਹੀਦਾ। ਸ਼ਹੀਦ ਸਰਦਾਰ ਕਰਤਾਰ ਸਿੰਘ ਸਰਾਭਾ ਦੁਆਰਾ ਲਿਖੇ ਸ਼ਬਦ ਹਮੇਸ਼ਾਂ ਹੀ ਦੁਹਰਾਏ ਜਾਂਦੇ ਰਹਿਣਗੇ।

"ਹਿੰਦ ਵਾਸੀਓ ਰੱਖਣਾ ਯਾਦ ਸਾਨੂੰ,
ਕਿਤੇ ਦਿਲਾਂ 'ਚੋਂ ਨਾ ਭੁਲਾ ਜਾਣਾ।"

ਪੰਜਾਬੀ ਅਧਿਆਪਕ
ਸਰਕਾਰੀ ਹਾਈ ਸਕੂਲ, ਮੱਤੜ
ਜ਼ਿਲ੍ਹਾ-ਸਿਰਸਾ (ਹਰਿਆਣਾ)-125078
94630-20766

# ਰੋਸ਼ਨੀਆਂ ਦੇ ਵਾਰਸ ਅਧਿਆਪਕ

**ਚਰਨਜੀਤ ਕੌਰ**



ਜੀਵਨ ਵਿੱਚ ਅਧਿਆਪਕ ਦਾ ਕਿਰਦਾਰ ਬਹੁਤ ਮਹੱਤਵਪੂਰਨ ਹੈ ਇਕ ਵਧੀਆ ਸਮਾਜ, ਕੌਮ ਦੀ ਉਸਾਰੀ ਵਿੱਚ ਅਧਿਆਪਕ ਦਾ ਰੋਲ ਸਭ ਤੋਂ ਉੱਪਰ ਹੁੰਦਾ ਹੈ। ਅਧਿਆਪਕ ਦੀ ਭੂਮਿਕਾ ਤੋਂ ਬਿਨਾਂ ਆਦਰਸ਼ ਸਮਾਜ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ ਕਿਉਂਕਿ ਇਕ ਅਧਿਆਪਕ ਹੀ ਸਮਾਜ ਨੂੰ ਉੱਨਤੀ ਦੀਆਂ ਲੀਹਾਂ ’ਤੇ ਲੈ ਕੇ ਜਾਂਦਾ ਹੈ। ਅਧਿਆਪਕ ਇੱਕ ਅਜਿਹੀ ਸੁਆਣੀ ਦੀ ਤਰ੍ਹਾਂ ਹੁੰਦਾ ਹੈ ਜੋ ਆਟੇ ਦੇ ਪੇੜੇ ਨੂੰ ਵੇਲਣੇ ਨਾਲ ਸਹੀ ਆਕਾਰ ਦੇ ਕੇ ਤਵੇ 'ਤੇ ਪਕਾ ਕੇ ਖਾਣ ਯੋਗ ਬਣਾਉਂਦੀ ਹੈ ਇਸੇ ਤਰ੍ਹਾਂ ਅਧਿਆਪਕ ਜੀਵਨ ਵਿੱਚ ਉਹੀ ਭੂਮਿਕਾ ਨਿਭਾਉਂਦਾ ਹੈ ਜੋ ਸਫ਼ਲਤਾ ਪ੍ਰਾਪਤੀ ਵਿੱਚ ਸਾਨੂੰ ਹਰ ਪ੍ਰਕਾਰ ਦੀ ਮਦਦ ਕਰਦਾ ਹੈ ਸਾਡੇ ਜੀਵਨ ਨੂੰ ਸਹੀ ਆਕਾਰ ਦਿੰਦਾ ਹੈ। ਅਧਿਆਪਕ ਨਾਲ ਸਾਡਾ ਕੋਈ ਖ਼ੂਨ ਦਾ ਰਿਸ਼ਤਾ ਨਹੀਂ ਹੁੰਦਾ ਪਰ ਫਿਰ ਵੀ ਅਧਿਆਪਕ ਨਾਲ ਇਕ ਅਜਿਹਾ ਰਿਸ਼ਤਾ ਜੁੜਿਆ ਹੁੰਦਾ ਹੈ ਜੋ ਸਾਨੂੰ ਜੀਵਨ ਜੀਣ ਦਾ ਰਸਤਾ ਦਿਖਾਉਂਦਾ ਹੈ ਹਰ ਅਹੁਦੇ ਨੂੰ ਪ੍ਰਾਪਤ ਕਰਵਾਉਣ ਵਿਚ ਅਧਿਆਪਕ ਹੀ ਅਹਿਮ ਭੂਮਿਕਾ ਨਿਭਾਉਂਦਾ ਹੈ।

ਮਾਤਾ ਪਿਤਾ ਬੱਚੇ ਨੂੰ ਜਨਮ ਦਿੰਦੇ ਹਨ ਪਰ ਅਧਿਆਪਕ ਬੱਚੇ ਨੂੰ ਸਮਾਜ ਵਿੱਚ ਵਿਚਰਨਾ ਸਿਖਾਉਂਦੇ ਹਨ ਚੰਗੀ ਸੋਚ ਦਾ ਮਾਲਕ ਬਣਾਉਂਦੇ ਹਨ ਜੀਵਨ ਦਾ ਅਸਲੀ ਸਲੀਕਾ ਸਿਖਾਉਂਦੇ ਹਨ, ਸਹੀ ਰਸਤੇ ’ਤੇ ਚੱਲਣਾ ਸਿਖਾਉਂਦੇ ਹਨ। ਅਧਿਆਪਕ ਰਾਸ਼ਟਰ ਦੀ ਸੰਸਕ੍ਰਿਤੀ ਦੇ ਮਾਲੀ ਦੀ ਤਰ੍ਹਾਂ ਹੁੰਦੇ ਹਨ ਜੋ ਸੰਸਕਾਰ ਦੀਆਂ ਜੜ੍ਹਾਂ ਵਿੱਚ ਖਾਦ ਪਾਉਂਦੇ ਹਨ। ਰਾਸ਼ਟਰ ਦੇ ਸਹੀ ਮਾਅਨੇ ਵਿੱਚ ਨਿਰਮਾਤਾ ਉਸ ਦੇਸ਼ ਦੇ ਅਧਿਆਪਕ ਹੁੰਦੇ ਹਨ ਜੋ ਆਪਣੇ ਮਾਰਗ ਦਰਸ਼ਨ ਨਾਲ ਵਿਦਿਆਰਥੀਆਂ ਦਾ ਭਵਿੱਖ ਬਣਾਉਂਦੇ ਹਨ। ਅਧਿਆਪਕ ਦਾ ਕੰਮ ਚੰਗੀ ਸਿੱਖਿਆ ਦੇ ਕੇ ਰਾਸ਼ਟਰ ਨੂੰ ਵਧੀਆ ਨਾਗਰਿਕ ਪ੍ਰਦਾਨ ਕਰਨਾ ਹੁੰਦਾ ਹੈ। ਸਿੱਖਿਆ ਇੱਕ ਅਜਿਹੀ ਪ੍ਰਣਾਲੀ ਹੈ ਜੋ ਵਿਦਿਆਰਥੀਆਂ ਦੇ ਅੰਦਰਲੇ ਗੁਣਾਂ ਅਤੇ ਸ਼ਕਤੀਆਂ ਨੂੰ ਬਾਹਰ ਕੱਢਦੀ ਹੈ ਤੇ ਇਕ ਕੁਸ਼ਲ ਅਧਿਆਪਕ ਉਹ ਹੁੰਦਾ ਹੈ ਜੋ ਵਿਦਿਆਰਥੀ ਦੇ ਇਨ੍ਹਾਂ ਗੁਣਾਂ ਨੂੰ ਪਹਿਚਾਣਦਾ ਹੈ ਤੇ ਬਾਹਰ ਕੱਢ ਕੇ ਵਿਕਸਿਤ ਕਰਦਾ ਹੈ। ਅਧਿਆਪਕ ਹੀ ਸਾਨੂੰ ਦੁਨੀਆਂ ਤੋਂ ਵਾਕਫ਼ ਕਰਵਾਉਂਦੇ ਹਨ ਅਧਿਆਪਕ ਸਾਨੂੰ ਸਾਡੀਆਂ ਕਮੀਆਂ ਦਿਖਾਉਂਦੇ ਹਨ ਹੀਰੇ ਦੀ ਤਰ੍ਹਾਂ ਤਰਾਸ਼ਦੇ ਹਨ ਸਾਨੂੰ ਸਾਡੀ ਪਹਿਚਾਣ ਕਰਵਾਉਂਦੇ ਹਨ ਦੁਨੀਆਂ ਦੇ ਰਸਤੇ ’ਤੇ ਚੱਲਣਾ ਸਿਖਾਉਂਦੇ ਹਨ ਮੁਸ਼ਕਿਲਾਂ ਨਾਲ ਲੜ ਕੇ ਅੱਗੇ ਵਧਣਾ ਸਿਖਾਉਂਦੇ ਹਨ। ਅਧਿਆਪਕ ਇਕ ਫ਼ਰਿਸ਼ਤਾ ਬਣ ਕੇ ਸਾਡੀ ਜ਼ਿੰਦਗੀ ਵਿੱਚ ਆਉਂਦੇ ਹਨ। ਅਧਿਆਪਕ ਸਾਨੂੰ ਵਿਚਾਰ ਦਿੰਦੇ ਹਨ, ਜਾਗਰੂਕ ਕਰਦੇ ਹਨ ਇਕ ਸ਼ਰਧਾਵਾਨ ਵਿਦਿਆਰਥੀ ਉਹ ਸਭ ਉਸ ਤੋਂ ਗ੍ਰਹਿਣ ਕਰ ਜਾਂਦੇ ਹਨ। ਗੁਰੂ ਚੇਲੇ ਦਾ ਰਿਸ਼ਤਾ ਸਦੀਆਂ ਪੁਰਾਣਾ ਹੈ ਪੁਰਾਣੇ ਸਮਿਆਂ ਵਿੱਚ ਬੱਚੇ ਗੁਰੂਕੁਲ ਵਿੱਚ ਪੜ੍ਹਨ ਜਾਂਦੇ ਸਨ ਉੱਥੇ ਵਿਦਿਆਰਥੀ ਗੁਰੂਕੁਲ ਰਹਿ ਕੇ ਹੀ ਸਿੱਖਿਆ ਪ੍ਰਾਪਤ ਕਰਦੇ ਸਨ। ਗੁਰੂਕੁਲ ਵਿੱਚ ਸਿੱਖਿਆ ਦੇ ਨਾਲ-ਨਾਲ ਨੈਤਿਕ ਸਿੱਖਿਆ ਵੀ ਦਿੱਤੀ ਜਾਂਦੀ ਸੀ। ਉਸ ਸਮੇਂ ਕੋਈ ਫ਼ੀਸ ਨਹੀਂ ਹੁੰਦੀ ਸੀ ਉਸ ਸਮੇਂ ਧੰਨਵਾਦ ਦੇ ਤੌਰ ’ਤੇ ਗੁਰੂ ਦੱਖਣਾ ਦਿੱਤੀ ਜਾਂਦੀ ਸੀ। ਸਮੇਂ ਦੇ ਨਾਲ-ਨਾਲ ਸਕੂਲ ਕਾਲਜ ਬਣ ਗਏ ਤੇ ਸਿੱਖਿਆ ਦਾ ਵਪਾਰੀਕਰਨ ਹੋ ਗਿਆ। ਭਾਰਤ ਵਿੱਚ ਪੰਜ ਸਤੰਬਰ ਅਧਿਆਪਕ ਦਿਵਸ ਦੇ ਰੂਪ ਵਿਚ ਮਨਾਇਆ ਜਾਂਦਾ ਹੈ ਜੋ ਕੇ ਸਰਵਪੱਲੀ ਡਾ. ਰਾਧਾ ਕ੍ਰਿਸ਼ਨਨ ਦਾ ਜਨਮ ਦਿਨ ਹੈ ਜੋ ਭਾਰਤ ਦੇ ਪਹਿਲੇ ਉਪ ਰਾਸ਼ਟਰਪਤੀ ਤੇ ਦੂਜੇ ਰਾਸ਼ਟਰਪਤੀ ਸਨ ਜੋ ਇਸ ਤੋਂ ਪਹਿਲਾਂ ਇਕ ਅਧਿਆਪਕ ਸਨ। ਉਹ ਆਪਣੀ ਜ਼ਿੰਦਗੀ ਦੇ ਚਾਲੀ ਸਾਲ ਅਧਿਆਪਕ ਦੇ ਖ਼ਿੱਤੇ ਵਿਚ ਰਹੇ। ਡਾਕਟਰ ਰਾਧਾ ਕ੍ਰਿਸ਼ਨਨ ਸਿੱਖਿਆ ਤੇ ਬਹੁਤ ਵਿਸ਼ਵਾਸ ਰੱਖਦੇ ਸਨ ਉਹ ਮਹਾਨ ਦਾਰਸ਼ਨਿਕ ਅਤੇ ਅਧਿਆਪਕ ਸਨ ਉਨ੍ਹਾਂ ਵਿੱਚ ਇੱਕ ਆਦਰਸ਼ ਅਧਿਆਪਕ ਦੇ ਸਾਰੇ ਗੁਣ ਸਨ। ਦੇਸ਼ ਦੇ ਭਵਿੱਖ ਨੂੰ ਸੰਵਾਰਨ ਵਿੱਚ ਉਨ੍ਹਾਂ ਨੇ ਆਪਣਾ ਅਹਿਮ

ਯੋਗਦਾਨ ਦਿੱਤਾ। ਜਦੋਂ ਉਪ ਰਾਸ਼ਟਰਪਤੀ ਬਣੇ ਤਾਂ ਉਨ੍ਹਾਂ ਦੇ ਮਿੱਤਰਾਂ ਤੇ ਕੁਝ ਵਿਦਿਆਰਥੀਆਂ ਨੇ ਉਨ੍ਹਾਂ ਨੂੰ ਆਪਣਾ ਜਨਮ ਦਿਨ ਮਨਾਉਣ ਲਈ ਕਿਹਾ ਤਾਂ ਉਨ੍ਹਾਂ ਨੇ ਕਿਹਾ ਅਗਰ ਉਨ੍ਹਾਂ ਦਾ ਜਨਮ ਦਿਨ ਅਧਿਆਪਕਾਂ ਨੂੰ ਸਨਮਾਨਿਤ ਕਰਕੇ ਅਧਿਆਪਕ ਦਿਵਸ ਦੇ ਰੂਪ ਵਿਚ ਮਨਾਇਆ ਜਾਵੇ ਤਾਂ ਉਹ ਬਹੁਤ ਮਾਣ ਮਹਿਸੂਸ ਕਰਨਗੇ। ਇਸ ਲਈ ਸਿੱਖਿਆ ਦੇ ਖੇਤਰ ਵਿੱਚ ਉਨ੍ਹਾਂ ਦੇ ਯੋਗਦਾਨ ਨੂੰ ਦੇਖਦੇ ਹੋਏ ਹਰ ਸਾਲ ਪੰਜ ਸਤੰਬਰ ਉਨ੍ਹਾਂ ਦੇ ਜਨਮ ਦਿਨ ਨੂੰ ਅਧਿਆਪਕ ਦਿਵਸ ਦੇ ਰੂਪ ਵਿਚ ਮਨਾਇਆ ਜਾਂਦਾ ਹੈ।

ਅਲੈਗਜ਼ੈਂਡਰ ਨੇ ਇੱਕ ਵਾਰ ਕਿਹਾ ਸੀ ਮੈਂ ਜੀਣ ਲਈ ਜਿਨ੍ਹਾਂ ਆਪਣੇ ਮਾਤਾ ਪਿਤਾ ਦਾ ਰਿਣੀ ਹਾਂ ਚੰਗਾ ਜੀਣ ਲਈ ਆਪਣੇ ਗੁਰੂ ਦਾ। ਇਸ ਲੇਖ ਵਿਚ ਮੈਂ ਆਪਣੇ ਅਧਿਆਪਕ ਨਾਲ ਸਬੰਧਿਤ ਇੱਕ ਮਿੱਠੀ ਯਾਦ ਸਾਂਝਾ ਕਰਨ ਲੱਗੀ ਹਾਂ ਸਕੂਲ ਸਮੇਂ ਵਿਚ ਮੇਰੇ ਇਕ ਹਿਸਾਬ ਦੇ ਅਧਿਆਪਕਾ ਸਨ ਜੋ ਕਿ ਆਪਣੇ ਵਿਦਿਆਰਥੀਆਂ ਪ੍ਰਤੀ ਬਹੁਤ ਹੀ ਸੁਹਿਰਦ ਸਨ। ਸਮੇਂ 'ਤੇ ਜਮਾਤ ਵਿਚ ਪਹੁੰਚਣਾ ਉਹਨਾਂ ਦੀ ਸ਼ਖ਼ਸੀਅਤ ਦਾ ਬਹੁਤ ਵੱਡਾ ਪਹਿਲੂ ਸੀ ਉਹ ਹਰ ਬੱਚੇ ਨੂੰ ਜਿੰਨੀ ਦੇਰ ਤਕ ਉਸ ਨੂੰ ਸਵਾਲ ਸਮਝ ਨਹੀਂ ਆ ਜਾਂਦਾ ਸੀ ਬਾਰ-ਬਾਰ ਸਮਝਾਉਂਦੇ ਸਨ ਪਰ ਕਦੀ ਵੀ ਗ਼ੁੱਸਾ ਨਹੀਂ ਕਰਦੇ ਸਨ। ਉਹਨਾਂ ਵੱਲੋਂ ਕਰਵਾਇਆ ਗਿਆ ਹਰ ਸੁਆਲ ਮੈਂ ਅੱਜ ਤੱਕ ਨਹੀਂ ਭੁੱਲੀ। ਸਕੂਲ ਦੀ ਸਿੱਖਿਆ ਪੂਰੀ ਕਰਨ ਤੋਂ ਬਾਅਦ ਮੈਂ ਉਚੇਰੀ ਸਿੱਖਿਆ ਲਈ ਕਾਲਜ ਚਲੀ ਗਈ ਤੇ ਫਿਰ ਅਧਿਆਪਕ ਬਣ ਗਈ ਉਸ ਤੋਂ ਬਾਅਦ ਇਕ ਸਕੂਲ ਵਿਚ ਅਧਿਆਪਕਾ ਦੇ ਤੌਰ 'ਤੇ ਨੌਕਰੀ ਕਰਨ ਲੱਗੀ ਇੱਕ ਦਿਨ ਅਚਾਨਕ ਮੈਨੂੰ ਸਟਾਫ਼ ਰੂਮ ਤੋਂ ਸੁਨੇਹਾ ਆਇਆ ਕਿ ਮੈਨੂੰ ਕਿਸੇ ਬੱਚੇ ਦੇ ਮਾਤਾ ਜੀ ਮਿਲਣ ਆਏ ਹਨ ਜਦੋਂ ਮੈਂ ਉਨ੍ਹਾਂ ਨੂੰ ਮਿਲਣ ਲਈ ਉੱਥੇ ਪਹੁੰਚੀ ਤਾਂ ਮੇਰੀ ਖ਼ੁਸ਼ੀ ਦਾ ਠਿਕਾਣਾ ਨਾ ਰਿਹਾ ਕਿਉਂਕਿ ਉੱਥੇ ਉਹ ਮੇਰੇ ਹਿਸਾਬ ਵਾਲੇ ਅਧਿਆਪਕ ਹੀ ਸਨ ਜਿਨ੍ਹਾਂ ਦੀ ਬੱਚੀ ਮੇਰੇ ਕੋਲ ਇਸ ਸਕੂਲ ਵਿੱਚ ਪੜ੍ਹਦੀ ਸੀ ਤੇ ਉਹ ਮੈਨੂੰ ਘੁੱਟ ਕੇ ਜੱਫੀ ਪਾ ਕੇ ਮਿਲੇ ਤੇ ਕਹਿਣ ਲੱਗੇ ਕਿ ਮੇਰੀ ਬੱਚੀ ਹਰ ਵੇਲੇ ਘਰ ਆ ਕੇ ਤੁਹਾਡਾ ਹੀ ਨਾਮ ਲੈਂਦੀ ਹੈ ਮੈਂ ਕਿਹਾ ਕਿ ਅੱਜ ਮੈਂ ਜਾ ਕੇ ਮਿਲ ਕੇ ਹੀ ਆਵਾਂ ਕਿ ਕੌਣ ਹੈ ਜੋ ਮੇਰੀ ਬੱਚੀ ਦੇ ਦਿਲੋਂ ਦਿਮਾਗ਼ 'ਤੇ ਛਾਈ ਹੋਈ ਹੈ। ਮੈਂ ਹੱਸ ਪਈ ਤੇ ਕਿਹਾਂ ਜੋ ਤੁਸੀਂ ਸਾਨੂੰ ਸਿਖਾਇਆ ਹੈ ਮੈਂ ਵੀ ਬਸ ਉਹੀ ਦੇ ਰਹੀ ਹਾਂ ਇਹ ਸਾਰਾ ਤੁਹਾਡਾ ਪ੍ਰਤਾਪ ਹੈ। ਸਮਾਂ ਬੀਤਦਾ ਗਿਆ ਮੇਰਾ ਵਿਆਹ ਹੋ ਗਿਆ ਤੇ ਮੈਂ ਦੂਸਰੇ ਸ਼ਹਿਰ ਆ ਗਈ। ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੇ ਸਬੰਧ ਵਿੱਚ ਪ੍ਰਭਾਤ ਫੇਰੀਆਂ ਨਿਕਲ ਰਹੀਆਂ ਸਨ ਤੇ ਮੈਂ ਹਰ ਰੋਜ਼ ਪ੍ਰਭਾਤ ਫੇਰੀ ਨਾਲ ਜਾਂਦੀ ਸੀ। ਇੱਕ ਦਿਨ ਅੰਮ੍ਰਿਤ ਵੇਲੇ ਪ੍ਰਭਾਤ ਫੇਰੀ ਕਿਸੇ ਪਰਿਵਾਰ ਦੇ ਘਰ ਗਈ ਤਾਂ ਉੱਥੇ ਉਹ ਹੀ ਹਿਸਾਬ ਦੇ ਅਧਿਆਪਕ ਬੈਠੇ ਸਨ ਕਈ ਸਾਲ ਗੁਜ਼ਰ ਚੁੱਕੇ ਸਨ ਉਹ ਬਹੁਤ ਬਜ਼ੁਰਗ ਹੋ ਚੁੱਕੇ ਸਨ ਮੇਰੇ ਵਿੱਚ ਵੀ ਕਈ ਬਦਲਾਅ ਆ ਚੁੱਕੇ ਸਨ ਉਹ ਮੈਨੂੰ ਦੇਖੀ ਜਾ ਰਹੇ ਸਨ ਮੈਂ ਉਨ੍ਹਾਂ ਨੂੰ ਦੇਖੀ ਜਾ ਰਹੀ ਸੀ ਮੇਰਾ ਧਿਆਨ ਉਨ੍ਹਾਂ ਵੱਲ ਹੀ ਸੀ। ਅਰਦਾਸ ਹੋਈ ਸਮਾਪਤੀ ਤੋਂ ਬਾਅਦ ਮੈਂ ਉੱਠੀ ਉਨ੍ਹਾਂ ਵੱਲ ਗਈ ਤੇ ਉਨ੍ਹਾਂ ਨੂੰ ਜਾ ਕੇ ਮਿਲੀ ਮੈਂ ਉਨ੍ਹਾਂ ਨੂੰ ਪੁੱਛਿਆ ਤੁਸੀਂ ਮੈਨੂੰ ਪਹਿਚਾਣਿਆ ਹੈ ਤਾਂ ਅੱਗੋਂ ਉਨ੍ਹਾਂ ਨੇ ਜਵਾਬ ਦਿੱਤਾ ਹਾਂ ਤੇ ਮੇਰਾ ਨਾਮ ਲਿਆ ਤੇ ਕਿਹਾ ਕਿ ਇੱਕ ਚੰਗੇ ਵਿਦਿਆਰਥੀ ਨੂੰ ਕੋਈ ਅਧਿਆਪਕ ਭੁੱਲਾ ਨਹੀਂ ਸਕਦਾ। ਮੇਰੇ ਨਾਲ ਮੇਰੀਆਂ ਸਹੇਲੀਆਂ ਵੀ ਸਨ ਮੇਰੀਆਂ ਅੱਖਾਂ ਵਿੱਚੋਂ ਅੱਥਰੂ ਵਹਿ ਤੁਰੇ ਤੇ ਉਹ ਹੈਰਾਨ ਹੋ ਗਈਆਂ ਕਿ ਉਨ੍ਹਾਂ ਨੇ ਇੰਨੇ ਸਾਲਾਂ ਬਾਅਦ ਵੀ ਤੁਹਾਨੂੰ ਪਹਿਚਾਣ ਲਿਆ। ਮੈਂ ਉਹਨਾਂ ਨੂੰ ਪੁੱਛਿਆ ਤੁਸੀਂ ਇੱਥੇ ਕਿਵੇਂ ਆਏ ਉਹਨਾਂ ਨੇ ਕਿਹਾ ਰਿਟਾਇਰ ਹੋਣ ਤੋਂ ਬਾਅਦ ਇੱਥੇ ਕੋਠੀ ਬਣਾ ਲਈ ਬੱਚੇ ਜੋ ਤੇਰੇ ਕੋਲ ਪੜ੍ਹੇ ਸਨ ਦੋਨੋਂ ਡਾਕਟਰ ਬਣ ਗਏ ਉਹ ਵੀ ਇੱਥੇ ਹੀ ਹਨ। ਅਸੀਂ ਅੱਜ ਵੀ ਮਿਲਦੇ ਹਾਂ ਉਹ ਜਦੋਂ ਵੀ ਮਿਲਦੇ ਹਨ ਜਿੰਨਾ ਸਮਾਂ ਖੜਦੇ ਹਨ ਮੇਰੇ ਦੋਨੋਂ ਹੱਥ ਪਕੜ ਕੇ ਖੜ੍ਹੇ ਰਹਿੰਦੇ ਹਨ। ਇੱਕ ਅਪਣੱਤ ਦਾ ਅਹਿਸਾਸ ਹੁੰਦਾ ਹੈ। ਪਰ ਅੱਜ ਇਹ ਗੁਰੂ-ਸ਼ਿਸ਼ ਦੇ ਰਿਸ਼ਤੇ ਤਿੜਕਦੇ ਜਾ ਰਹੇ ਹਨ ਤੇ ਇਸ ਦੀ ਪਵਿੱਤਰਤਾ ਘਟਦੀ ਜਾ ਰਹੀ ਹੈ ਹੁਣ ਬੱਚਿਆਂ ਦੇ ਮਨਾਂ ਵਿੱਚ ਅਧਿਆਪਕ ਲਈ ਆਦਰ ਸਤਿਕਾਰ ਨਹੀਂ ਰਿਹਾ। ਸਿੱਖਿਆ ਹੁਣ ਕਿਤਾਬੀ ਸਿਲੇਬਸ ਤੱਕ ਸਿਮਟ ਕੇ ਰਹਿ ਗਈ ਹੈ ਨੈਤਿਕਤਾ ਦਾ ਪਾਠ ਤਾਂ ਹੁਣ ਦੂਰ ਦੀ ਗੱਲ ਹੋ ਗਈ ਹੈ ਨੈਤਿਕਤਾ ਇਨਸਾਨ ਦਾ ਗਹਿਣਾ ਹੈ ਜੇ ਨੈਤਿਕਤਾ ਨਾ ਹੋਵੇ ਤਾਂ ਇਨਸਾਨ ਜਾਨਵਰ ਦੇ ਬਰਾਬਰ ਹੈ। ਅਧਿਆਪਕਾਂ ਨੂੰ

ਸਿਲੇਬਸ ਦੇ ਨਾਲ-ਨਾਲ ਵਿਦਿਆਰਥੀਆਂ ਨੂੰ ਨੈਤਿਕਤਾ ਦਾ ਪਾਠ ਵੀ ਪੜ੍ਹਾਉਣਾ ਚਾਹੀਦਾ ਹੈ ਤਾਂ ਜੋ ਦੇਸ਼ ਕੌਮ ਨੂੰ ਇੱਕ ਵਧੀਆ ਨਾਗਰਿਕ ਮਿਲ ਸਕਣ ਇਕ ਵਧੀਆ ਸਮਾਜ ਨਿਰਮਾਣ ਦੀ ਨੀਂਹ ਨੈਤਿਕਤਾ 'ਤੇ ਆਧਾਰਿਤ ਹੁੰਦੀ ਹੈ ਜੇ ਅਧਿਆਪਕ ਦਾ ਨੈਤਿਕ ਪੱਧਰ ਉੱਚਾ ਹੋਵੇਗਾ ਤਾਂ ਸੁਭਾਵਕ ਹੀ ਹੈ ਬੱਚੇ ਵੀ ਉਨ੍ਹਾਂ ਗੁਣਾਂ ਨੂੰ ਅਪਨਾਉਣ ਦੀ ਕੋਸ਼ਿਸ਼ ਕਰਨਗੇ ਅਨੈਤਿਕਤਾ ਕਾਰਨ ਕਈ ਅਜਿਹੀਆਂ ਘਟਨਾਵਾਂ ਹੋ ਜਾਂਦੀਆਂ ਹਨ ਜਿਨ੍ਹਾਂ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਨੈਤਿਕ ਗੁਣਾਂ ਦੀ ਸ਼ੁਰੂਆਤ ਮਾਂ ਤੋਂ ਹੀ ਹੋ ਜਾਂਦੀ ਹੈ ਜੋ ਬੱਚੇ ਨੂੰ ਪਾਲਦੀ ਹੈ ਉਸ ਨੂੰ ਚੰਗੇ ਗੁਣ ਦਿੰਦੀ ਹੈ ਬੱਚੇ ਤਾਂ ਅਭੋਲ ਹੁੰਦੇ ਹਨ ਉਨ੍ਹਾਂ ਨੂੰ ਚੰਗੇ ਮਾੜੇ ਦਾ ਗਿਆਨ ਨਹੀਂ ਹੁੰਦਾ ਉਹ ਤਾਂ ਸਭ ਕੁਝ ਸਾਡੇ ਕੋਲੋਂ ਸਿੱਖਦੇ ਹਨ। ਨੈਤਿਕਤਾ ਮਾਨਵਤਾ ਦਾ ਸ਼ਿੰਗਾਰ ਹੈ ਇਸ ਦੀ ਅਹਿਮੀਅਤ ਨੂੰ ਦਰਕਿਨਾਰ ਨਹੀਂ ਕੀਤਾ ਜਾ ਸਕਦਾ। ਜਿਵੇਂ ਅਸੀਂ ਘਰ ਵਿੱਚ ਆਪਣੇ ਤੋਂ ਵੱਡੇ ਛੋਟਿਆਂ ਨਾਲ ਬੋਲਦੇ ਹਾਂ ਬੱਚੇ ਉਸੇ ਤਰ੍ਹਾਂ ਹੀ ਬੋਲਦੇ ਹਨ ਇਸ ਤਰ੍ਹਾਂ ਦੀਆਂ ਗੱਲਾਂ ਦਾ ਪ੍ਰਭਾਵ ਉਸ ਅਭੋਲ ਮਨ 'ਤੇ ਪੈਂਦਾ ਹੈ ਅਧਿਆਪਕ ਦੀ ਸ਼ਖ਼ਸੀਅਤ ਦਾ ਅਸਰ ਵਿਦਿਆਰਥੀ 'ਤੇ ਪੈਂਦਾ ਹੈ। ਨੈਤਿਕਤਾ ਦੇ ਬਲਬੂਤੇ ਬੱਚੇ ਸਮਾਜ ਵਿੱਚ ਆਪਣੀ ਥਾਂ ਬਣਾਉਣ ਦੇ ਕਾਬਲ ਬਣਦੇ ਹਨ। ਅੱਜ-ਕੱਲ੍ਹ ਸਕੂਲਾਂ ਕਾਲਜਾਂ ਵਿੱਚ ਨੈਤਿਕ ਕਦਰਾਂ-ਕੀਮਤਾਂ ਦੀਆਂ ਕਿਤਾਬਾਂ ਲੱਗੀਆਂ ਹੋਈਆਂ ਹਨ ਪੜ੍ਹਨ ਨਾਲ ਨੈਤਿਕਤਾ ਦੇ ਗੁਣ ਤਾਂ ਹੀ ਆ ਸਕਦੇ ਹਨ ਜੇ ਅਸੀਂ ਉਸ ਨੂੰ ਆਪਣੇ ਜੀਵਨ ਵਿਚ ਅਪਣਾਈਏ ਅਸੀਂ ਸਭ ਬੱਚਿਆਂ ਨੂੰ ਨੈਤਿਕਤਾ 'ਤੇ ਆਧਾਰਿਤ ਚਾਰ ਸ਼ਾਹਿਬਜ਼ਾਦਿਆਂ ਦੀਆਂ, ਸਰਵਣ ਦਾ ਆਪਣੇ ਮਾਤਾ ਪਿਤਾ ਲਈ ਸਤਿਕਾਰ, ਏਕਲੱਵਿਆ ਦਾ ਆਪਣੇ ਗੁਰੂ ਲਈ ਸਤਿਕਾਰ ਵਰਗੀਆਂ ਕਹਾਣੀਆਂ ਤਾਂ ਸੁਣਾਉਂਦੇ ਹਾਂ ਪਰ ਜਦੋਂ ਬੱਚੇ ਅਸਲੀਅਤ ਵਿੱਚ ਜ਼ਿੰਦਗੀ ਵਿੱਚ ਵਿਚਰਦੇ ਹੋਏ ਇਹ ਗੱਲਾਂ ਨਹੀਂ ਦੇਖਦੇ ਤਾਂ ਉਨ੍ਹਾਂ ਨੂੰ ਇਨ੍ਹਾਂ ਗੱਲਾਂ 'ਤੇ ਯਕੀਨ ਕਰਨਾ ਔਖਾ ਹੋ ਜਾਂਦਾ ਹੈ। ਸਾਡਾ ਸਮਾਜ ਪਦਾਰਥਵਾਦੀ ਬਣ ਰਿਹਾ ਹੈ ਪੈਸੇ ਦੀ ਅਹਿਮੀਅਤ ਨੈਤਿਕ ਕਦਰਾਂ ਕੀਮਤਾਂ ਤੋਂ ਕਿਤੇ ਉੱਪਰ ਉੱਠ ਗਈ ਹੈ। ਅੱਜ ਸਾਡੇ ਸਮਾਜ ਵਿੱਚ ਸਮਾਜਿਕ ਬੁਰਾਈਆਂ ਜਿਵੇਂ ਵਿਦਿਆਰਥੀਆਂ ਵਿਚ ਨਸ਼ਿਆਂ ਦਾ ਰੁਝਾਨ ਵਧਦਾ ਜਾ ਰਿਹਾ ਹੈ ਗੈਂਗਸਟਰਵਾਦ ਨੌਜਵਾਨ ਬੱਚਿਆਂ 'ਤੇ ਹਾਵੀ ਹੋ ਰਿਹਾ ਹੈ। ਭ੍ਰਿਸ਼ਟਾਚਾਰ, ਰਿਸ਼ਵਤਖੋਰੀ ਇੰਨੀ ਬੁਰੀ ਤਰ੍ਹਾਂ ਵੱਧ ਰਹੀ ਹੈ ਕਿ ਨੈਤਿਕ ਕਦਰਾਂ-ਕੀਮਤਾਂ ਕਿਧਰੇ ਅਲੋਪ ਹੀ ਹੋ ਗਈਆਂ। ਇਸੇ ਲਈ ਵਿਦਿਆਰਥੀ ਅਤੇ ਅਧਿਆਪਕ ਦੇ ਰਿਸ਼ਤੇ ਵਿੱਚ ਦਰਾਰਾਂ ਆ ਰਹੀਆਂ ਹਨ। ਰਿਸ਼ਤੇ ਤਿੜਕਦੇ ਜਾ ਰਹੇ ਹਨ ਵਿਦਿਆਰਥੀ ਅੱਜ ਅਧਿਆਪਕ ਨੂੰ ਗੁਰੂ ਦਾ ਦਰਜਾ ਨਹੀਂ ਦੇ ਰਹੇ ਤੇ ਅਧਿਆਪਕ ਦਾ ਕਹਿਣਾ ਮੰਨਣ ਤੋਂ ਇਨਕਾਰੀ ਹੋ ਰਹੇ ਹਨ। ਅਧਿਆਪਕ ਇੱਕ ਪਦ ਹੀ ਨਹੀਂ ਹੁੰਦਾ ਇਕ ਅਜਿਹਾ ਵਿਅਕਤੀ ਹੁੰਦਾ ਹੈ ਜੋ ਮਾਤਾ-ਪਿਤਾ ਤੋਂ ਵੀ ਜ਼ਿਆਦਾ ਗਿਆਨ ਸੰਸਕਾਰ ਅਤੇ ਸਿੱਖਿਆ ਦਿੰਦਾ ਹੈ ਸਾਡੇ ਮਾਤਾ-ਪਿਤਾ ਦੀ ਤਰ੍ਹਾਂ ਹੀ ਸਾਡੇ ਅਧਿਆਪਕ ਕੋਲ ਵੀ ਕਈ ਨਿੱਜੀ ਸਮੱਸਿਆਵਾਂ ਹੁੰਦੀਆਂ ਹਨ ਪਰ ਫਿਰ ਵੀ ਉਹ ਇਨ੍ਹਾਂ ਨੂੰ ਦਰ-ਕਿਨਾਰ ਕਰਦੇ ਹੋਏ ਆਪਣੀ ਜ਼ਿੰਮੇਵਾਰੀ ਪੂਰੀ ਤਨਦੇਹੀ ਨਾਲ ਨਿਭਾਉਂਦੇ ਹਨ ਤੇ ਸਾਡੇ ਜੀਵਨ ਨੂੰ ਸੰਵਾਰਨ ਵਿਚ ਇਕ ਅਹਿਮ ਭੂਮਿਕਾ ਨਿਭਾਉਂਦੇ ਹਨ। ਜੇ ਅਸੀਂ ਆਪਣੇ ਅਧਿਆਪਕ ਨੂੰ ਮਾਣ ਸਤਿਕਾਰ ਦਿੰਦੇ ਹਾਂ ਤਾਂ ਕਿਸੇ ਨਾ ਕਿਸੇ ਰੂਪ ਵਿੱਚ ਸਾਨੂੰ ਜ਼ਰੂਰ ਵਾਪਸ ਮੁੜ ਕੇ ਮਿਲਦਾ ਹੈ। ਸੋ ਇਸ ਦਿਨ ਨੂੰ ਖ਼ਾਲੀ ਤੋਹਫ਼ੇ ਦੇਣ ਤੱਕ ਸੀਮਤ ਨਾ ਰੱਖੀਏ ਸਗੋਂ ਉਹਨਾਂ ਨੂੰ ਦਿਲੋਂ ਸਤਿਕਾਰ ਦੇਈਏ ਉਹਨਾਂ ਵੱਲੋਂ ਦਿੱਤੇ ਸਹੀ ਦਿਸ਼ਾ ਨਿਰਦੇਸ਼ਾਂ ਦਾ ਪਾਲਣ ਕਰੀਏ ਕਿਉਂ ਕਿ ਇੱਕ ਅਧਿਆਪਕ ਹੀ ਹੁੰਦੇ ਹਨ ਜੋ ਸਾਨੂੰ ਹਨੇਰੇ ਤੋਂ ਰੌਸ਼ਨੀਆਂ ਵੱਲ ਲੈ ਕੇ ਜਾਂਦੇ ਹਨ ਸਾਨੂੰ ਕਿਤਾਬੀ ਗਿਆਨ ਹੀ ਨਹੀਂ ਦਿੰਦੇ ਸਾਨੂੰ ਜੀਵਨ ਜੀਣਾ ਸਿਖਾਉਂਦੇ ਹਨ।

ਫ਼ੇਜ਼ 2, ਮੋਹਾਲੀ।
98887-85390

**ਜੇ ਕਰ ਪੁਸਤਕਾਂ ਨਾ ਹੁੰਦੀਆਂ ਤਾਂ ਸੰਸਾਰ ਵਿਚ ਪਾਗਲਾਂ ਦੀ ਗਿਣਤੀ ਵੱਧ ਹੁੰਦੀ।**

**(ਗੁਰਦਿਆਲ ਸਿੰਘ)**

# ਅਲੋਪ ਰਿਸ਼ਤਿਆਂ ਦੇ ਨਾਮ

ਚਰਨਜੀਤ ਸਿੰਘ ਕਤਰਾ



ਬੱਚਿਓ! ਜਦੋਂ ਮੈਂ ਛੋਟਾ ਸੀ ਤੇ ਛੇਵੀਂ ਜਾਂ ਸੱਤਵੀਂ ਵਿੱਚ ਪੜ੍ਹਦਾ ਸੀ, ਉਦੋਂ ਮੇਰੀ ਵੱਡੀ ਭੈਣ ਜੀ ਦਾ ਵਿਆਹ ਹੋਇਆ ਸੀ। ਉਦੋਂ ਵਿਆਹਾਂ ਵਿੱਚ ਬਹੁਤ ਰੌਣਕਾਂ ਲੱਗਦੀਆਂ ਸਨ। ਰਿਸ਼ਤੇਦਾਰ ਕਈ ਦਿਨ ਪਹਿਲਾਂ ਹੀ ਆ ਜਾਂਦੇ ਸਨ ਕੰਮ-ਕਾਰ ਵਿੱਚ ਹੱਥ ਵਟਾਉਣ ਲਈ। ਕਈ ਪੈਸਿਆਂ ਵੱਲੋਂ ਸੌਖੇ ਰਿਸ਼ਤੇਦਾਰ, ਵਿਆਹ ਵਾਲੇ ਰਿਸ਼ਤੇਦਾਰਾਂ ਨੂੰ ਕਿਸੇ ਸਹਾਇਤਾ ਬਾਰੇ ਪੁੱਛ ਲੈਂਦੇ ਸਨ। ਉਦੋਂ ਭਾਈਚਾਰਕ ਸਾਂਝ ਵੀ ਬਹੁਤ ਗਹਿਰੀ ਹੁੰਦੀ ਸੀ, ਹਰ ਇੱਕ ਦੁੱਖ-ਸੁੱਖ ਵਿੱਚ ਹਰ ਇਕ ਦੇ ਨਾਲ ਖੜਦੇ ਸਨ। ਹਰ ਇਕ ਆਪਣੇ ਭਾਈਚਾਰੇ ਵਿੱਚ ਖੜ੍ਹ ਕੇ ਮਾਣ ਮਹਿਸੂਸ ਕਰਦਾ ਸੀ। ਵਿਆਹ ਦਾ ਬੱਚਿਆਂ ਨੂੰ ਤਾਂ ਬਹੁਤ ਹੀ ਸ਼ੌਂਕ ਹੁੰਦਾ ਸੀ।

ਵਿਆਹ ਤੋਂ ਸਵਾ ਕੁ ਮਹੀਨੇ ਪਹਿਲਾਂ ਵਿਆਹ ਦੀ ਚਿੱਠੀ ਦਿੱਤੀ ਜਾਂਦੀ ਸੀ (ਜੇਕਰ ਕੁੜੀ ਦਾ ਵਿਆਹ ਹੋਵੇ ਤਾਂ ਸਰੀਕਾ ਭਾਈਚਾਰਾ ਚਿੱਠੀ ਲਿਖ ਕੇ ਕੁੜੀ ਦੇ ਸਹੁਰਿਆਂ ਨੂੰ ਨਾਈ ਰਾਹੀਂ ਭੇਜੀ ਜਾਂਦੀ ਸੀ ਤੇ ਜੇਕਰ ਵਿਆਹ ਮੁੰਡੇ ਦਾ ਹੋਵੇ ਤਾਂ ਚਿੱਠੀ ਨਾਈ ਲੈ ਕੇ ਆਉਂਦਾ ਸੀ ਤੇ ਉਹ ਚਿੱਠੀ ਭਾਈਚਾਰਕ ਪੰਚਾਇਤ ਵਿੱਚ ਪੜ੍ਹੀ ਜਾਂਦੀ ਸੀ।) ਚਿੱਠੀ ਤੋਂ ਬਾਅਦ ਮੁੰਡੇ ਕੁੜੀ ਦਾ ਬਾਹਰ ਆਉਣਾ-ਜਾਣਾ ਬੰਦ ਹੋ ਜਾਂਦਾ ਸੀ, ਕਹਿੰਦੇ ਸਨ ਕਿ ਤੇਰਾ ਸਾਹਾ ਬੰਨ੍ਹਿਆ ਗਿਆ। ਅਸਲ ਮਕਸਦ ਇਹ ਹੁੰਦਾ ਸੀ ਕਿ ਬੱਚਿਆਂ ਦੇ ਕੋਈ ਸੱਟ ਫੇਟ ਨਾ ਵੱਜ ਜਾਏ।

ਚਿੱਠੀ ਤੋਂ ਬਾਅਦ ਵਿਆਹ ਦੇ ਕੰਮ ਸ਼ੁਰੂ ਹੋ ਜਾਂਦੇ ਸਨ। ਉਦੋਂ ਸਾਰੇ ਕੰਮ ਅਖ਼ੀਰ ਤੱਕ ਆਪ ਹੀ ਕੀਤੇ ਜਾਂਦੇ ਸਨ, ਕਣਕ ਸਾਫ਼ ਕਰਨੀ, ਦਾਲਾਂ ਆਦਿ ਸਾਫ਼ ਕਰਨੀਆਂ ਅਨੇਕਾਂ ਹੋਰ ਕੰਮ ਭਾਈਚਾਰਾ ਇਕੱਠੇ ਹੋ ਕੇ ਕਰਦੇ ਸਨ। ਸਰੀਕੇ ਦੀਆਂ ਚਾਚੀਆਂ, ਤਾਈਆਂ, ਭੈਣਾਂ, ਭਰਜਾਈਆਂ ਸਭ ਰਾਤ ਨੂੰ ਵਿਆਹ ਵਾਲੇ ਘਰ ਆਉਂਦੀਆਂ, ਨਾਲੇ ਕੰਮ ਕਰਦੀਆਂ, ਨਾਲ ਹੀ ਗੀਤ ਗਾਉਂਦੀਆਂ। ਜੇਕਰ ਕੁੜੀ ਦਾ ਵਿਆਹ ਹੁੰਦਾ ਤਾਂ ਸੁਹਾਗ ਗਾਏ ਜਾਂਦੇ ਤੇ ਜੇਕਰ ਮੁੰਡੇ ਦਾ ਵਿਆਹ ਹੁੰਦਾ ਤਾਂ ਘੋੜੀਆਂ ਗਾਈਆਂ ਜਾਂਦੀਆਂ ਸਨ। ਕਈ ਭਰਜਾਈਆਂ ਅਜਿਹੇ ਮਾਹੌਲ ਵਿੱਚ ਕਿਸੇ ਜੇਠ ਦਿਉਰ ਨੂੰ ਸਿੱਠਣੀਆਂ ਦੇ ਕੇ ਹਾਸਾ ਬਖੇਰ ਦਿੰਦੀਆਂ, ਕੋਈ ਕਿਸੇ ਦਾ ਗ਼ੁੱਸਾ ਨਹੀਂ ਸੀ ਕਰਦਾ।

ਹੋਰ ਬਹੁਤ ਸਾਰੇ ਕੰਮਾਂ ਦੇ ਨਾਲ-ਨਾਲ ਵਿਆਹ ਵਿੱਚ ਲੈਣ ਦੇਣ ਵਾਲੇ ਕੱਪੜਿਆਂ ਦਾ ਬਹੁਤ ਮਹੱਤਵਪੂਰਨ ਕੰਮ ਸਮਝਿਆ ਜਾਂਦਾ ਸੀ। ਜਦੋਂ ਸ਼ਹਿਰ ਤੋਂ ਕੱਪੜੇ ਲਿਆਉਣੇ ਹੁੰਦੇ ਸੀ ਤਾਂ ਸ਼ਰੀਕੇ ਵਿਚੋਂ ਸਮਝਦਾਰ ਤੇ ਕੱਪੜੇ ਦੀ ਪਰਖ ਕਰਨ ਵਾਲੇ ਆਦਮੀਆਂ ਨੂੰ ਨਾਲ ਲੈ ਕੇ ਜਾਂਦੇ ਸਨ। ਉਸ ਤੋਂ ਬਾਅਦ ਇਕ ਦਿਨ ਕੱਪੜੇ ਜੋੜੇ ਜਾਂਦੇ, ਨਾਮ ਦੀਆਂ ਸਲਿਪਾਂ ਲਾਈਆਂ ਜਾਂਦੀਆਂ। ਵਿਆਹ ਤੋਂ ਕੁਝ ਦਿਨ ਪਹਿਲਾਂ ਸਾਰੇ ਕੱਪੜੇ ਸਾਰੇ ਸਰੀਕੇ ਨੂੰ ਦਿਖਾਏ ਜਾਂਦੇ, ਜੇਕਰ ਕੋਈ ਕਮੀ ਪੇਸ਼ੀ ਹੁੰਦੀ ਤਾਂ ਦੂਰ ਕੀਤੀ ਜਾਂਦੀ।

ਤੇ ਇਕ ਦਿਨ ਮੇਰੀ ਭੈਣ ਦੇ ਸਹੁਰਿਆਂ ਨੂੰ ਦੇਣ ਵਾਲੇ ਕੱਪੜੇ ਜੋੜਨ ਲਈ ਸ਼ਰੀਕੇ ਵਿਚੋਂ ਖ਼ਾਸ ਔਰਤਾਂ ਨੂੰ ਬੁਲਾਇਆ ਗਿਆ। ਇਕ ਦੂਜੀ ਦੀ ਸਲਾਹ ਨਾਲ ਕੱਪੜਿਆਂ ਦੀ ਚੋਣ ਹੋਣ ਲੱਗੀ ਕਿ ਕਿਹੜਾ ਕੱਪੜਾ ਕਿਹੜੇ ਰਿਸ਼ਤੇਦਾਰ ਲਈ ਠੀਕ ਰਹੇਗਾ। ਸਾਰੇ ਕੰਮ ਲੱਗੇ ਹੋਏ ਸਨ, ਭੈਣ ਮੇਰੀ ਚਿੱਟਾਂ ਲਿਖ-ਲਿਖ ਕੇ ਸੂਟਾਂ 'ਤੇ ਲਾ ਰਹੀ ਸੀ। ਸੱਸ ਸਹੁਰੇ ਦੇ ਸੂਟਾਂ 'ਤੇ ਚਿੱਟਾਂ ਲੱਗ ਗਈਆਂ ਤੇ ਉਹ ਇਕ ਪਾਸੇ ਰੱਖ ਦਿੱਤੇ। ਇੱਕ ਕੱਪੜਾ ਦਿਖਾਉਂਦੀ ਹੋਈ ਮੇਰੀ ਮਾਂ ਬੋਲੀ, ਦੇਖੀਂ ਭੈਣ ਜੀ ਇਹ ਸੂਟ ਦਾਦਸ ਨੂੰ ਠੀਕ ਰਹੇਗਾ? ਮੇਰੀ ਤਾਈ ਨੇ ਕੱਪੜਾ ਦੇਖ ਕੇ ਹਾਂ ਕਰ ਦਿੱਤੀ।

ਜਦੋਂ ਭੈਣ ਜੀ ਨੇ ਦਾਦਸ ਤੇ ਦਾਦਸਰੇ ਦੀ ਚਿੱਟ ਬਣਾਈ, ਮੈਂ ਭੈਣ ਨੂੰ ਪੁੱਛਿਆ ਕਿ ਇਹ ਕਿਹੜੀ ਰਿਸ਼ਤੇਦਾਰੀ ਦਾ ਨਾਮ ਹੈ। ਤਾਂ ਅੱਗੋਂ ਭੈਣ ਜੀ ਬੋਲੀ ਛੋਟੇ ਵੀਰ ਤੇਰੇ ਜੀਜਾ ਜੀ ਦੇ ਦਾਦਾ ਜੀ ਤੇ ਦਾਦੀ ਜੀ ਨੂੰ ਕਹਿੰਦੇ ਹਨ। ਉਹ ਚਿੱਟਾਂ ਬਣਾਉਂਦੀ ਬਣਾਉਂਦੀ ਮੈਨੂੰ ਸਮਝਾਉਣ ਲੱਗੀ ਕਿ ਜਦੋਂ ਕੋਈ ਕੁੜੀ ਵਿਆਹ ਕੇ ਸਹੁਰੇ ਘਰ ਜਾਂਦੀ ਹੈ ਤਾਂ ਉਥੇ ਆਪਣੇ ਪਤੀ ਦੇ ਰਿਸ਼ਤੇਦਾਰਾਂ ਦੇ ਨਾਮ ਅਲੱਗ ਨਾਮਾਂ ਨਾਲ ਜਾਣੇ

ਜਾਂਦੇ ਹਨ, ਜਿਵੇਂ ਪਤੀ ਦੇ ਮਾਂ ਬਾਪ ਨੂੰ ਤਾਂ ਬੇਬੇ ਜੀ-ਬਾਪੂ ਜੀ ਹੀ ਕਹਿੰਦੇ ਹਨ ਪਰ ਇਨ੍ਹਾਂ ਦੇ ਦਾਦਾ ਜੀ ਤੇ ਦਾਦੀ ਜੀ ਨੂੰ ਦਾਦਸਰਾ ਤੇ ਦਾਦਸ ਕਹਿੰਦੇ ਹਨ। ਚਾਚਾ ਜੀ ਤੇ ਚਾਚੀ ਜੀ ਨੂੰ ਪਤਿਔਹਰਾ ਤੇ ਪਤਿਯੂਸ਼। ਭੂਆ ਜੀ ਤੇ ਫੁੱਫੜ ਜੀ ਨੂੰ ਫੁਫਸ ਤੇ ਫੂਫਸਰਾ। ਨਾਨਾ ਜੀ ਤੇ ਨਾਨੀ ਜੀ ਨੂੰ ਨਾਨਸਰਾ ਤੇ ਨਾਨਸ ਕਹਿੰਦੇ ਹਨ। ਤਾਇਆ ਜੀ ਤੇ ਤਾਈ ਜੀ ਨੂੰ ਤਾਇਸਰਾ ਤੇ ਤਾਇਸ ਕਹਿੰਦੇ ਹਨ। ਮਾਮਾ ਤੇ ਮਾਮੀ ਜੀ ਨੂੰ ਮਾਮਸਰਾ ਤੇ ਮਾਮਸ ਕਹਿੰਦੇ ਹਨ। ਤੇ ਛੋਟੇ ਵੀਰ ਜੋ ਤੇਰੇ ਜੀਜਾ ਜੀ ਦੀ ਭੈਣ ਹੈ ਉਹ ਮੇਰੀ ਨਣਦ ਤੇ ਉਸ ਦਾ ਪਤੀ ਮੇਰਾ ਨਣਦੋਈਆ ਲੱਗਿਆ, ਆਈ ਸਮਝ। ਇਹ ਕਹਿੰਦੀ ਹੋਈ ਸੂਟਾਂ ਤੇ ਚਿੱਟਾਂ ਲਾਉਣ ਲੱਗ ਪਈ।

ਪਿਆਰਿਓ ਬੱਚਿਓ, ਇਹ ਕਹਾਣੀ ਸੁਣਾਉਣ ਦਾ ਇਹ ਮਕਸਦ ਸੀ ਕਿ ਮੈਂ ਤੁਹਾਨੂੰ ਉਨ੍ਹਾਂ ਰਿਸ਼ਤਿਆਂ ਬਾਰੇ ਜਾਣਕਾਰੀ ਦੇ ਦੇਵਾਂ ਜੋ ਆਪਣੀ ਹੋਂਦ ਗੁਆ ਚੁੱਕੇ ਹਨ। ਹੁਣ ਤਾਂ ਜੋ ਪ੍ਰਚੱਲਿਤ ਨਾਮ ਸੀ ਜਿਵੇਂ ਤਾਇਆ ਤਾਈ, ਚਾਚਾ ਚਾਚੀ ਆਦਿ ਇਹ ਰਿਸ਼ਤਿਆਂ ਦੇ ਨਾਮ ਦੀ ਅਜੋਕੀ ਅੰਗਰੇਜ਼ੀ 'ਨ੍ਹੇਰੀ' ਵਿੱਚ ਅਲੋਪ ਹੋ ਗਏ ਹਨ। ਹੁਣ ਤਾਂ ਬੱਚੇ ਅੰਕਲ ਆਂਟੀ ਵਿੱਚ ਹੀ ਸਭ ਨੂੰ ਸਮੇਟ ਦਿੰਦੇ ਹਨ। ਆਸ ਹੈ ਕਿ ਤੁਸੀਂ ਉਨ੍ਹਾਂ ਪੁਰਾਣੇ ਰਿਸ਼ਤਿਆਂ ਦੇ ਨਾਵਾਂ ਨੂੰ ਵੀ ਆਪਣੇ ਦਿਮਾਗ਼ ਵਿੱਚ ਜ਼ਰੂਰ ਰੱਖੋਗੇ।

ਪਿੰਡ ਤੇ ਡਾਕ-ਸਹੋੜਾ, ਮੋਹਾਲੀ(ਪੰਜਾਬ)
98769-31529

# ਇੱਕੋ ਜਿਹੀਆਂ ਕਿਤਾਬਾਂ

**ਰਾਜਵਿੰਦਰ ਕੌਰ**



ਸੁੱਖੀ ਪੰਜਵੀਂ ਜਮਾਤ ਵਿੱਚ ਪੜ੍ਹਦੀ ਹੈ। ਸਵੇਰੇ-ਸਵੇਰੇ ਜਦੋਂ ਉਹ ਸਕੂਲ ਲਈ ਤਿਆਰ ਹੁੰਦੀ ਤਾਂ ਹਰ ਵਾਰ ਇਹੋ ਸੋਚਦੀ "ਬੱਸ ਇਹੀ ਸਾਲ ਰਹਿ ਗਿਆ ਹੈ ਇਸ ਛੋਟੇ ਸਕੂਲ ਵਿੱਚ, ਅਗਲੀ ਵਾਰ ਤਾਂ ਇੰਗਲਿਸ਼ ਮੀਡੀਅਮ ਵਾਲੇ ਵੱਡੇ ਸਕੂਲ ਵਿੱਚ ਦਾਖਲਾ ਲੈਣਾ ਹੈ।"

ਸਕੂਲ ਲਈ ਤਿਆਰ ਹੁੰਦੀ ਸੁੱਖੀ ਜਦੋਂ ਆਪਣਾ ਸਾਇਕਲ ਲੈ ਕੇ ਸਕੂਲ ਲਈ ਨਿਕਲਦੀ ਤਾਂ ਰਸਤੇ ਵਿੱਚ ਉਸਦੇ ਸੁਪਨਿਆਂ ਦੇ ਕਈ ਸਕੂਲ ਉਸਨੂੰ ਨਜ਼ਰ ਆਉਂਦੇ, ਜਿੱਥੇ ਬੱਚੇ ਸੋਹਣੀਆਂ ਵਰਦੀਆਂ ਪਾ ਕੇ ਆਉਂਦੇ ਅਤੇ ਇੰਗਲਿਸ਼ ਬੋਲਦੇ ਹਨ। ਉੱਥੇ ਸਾਰੀਆਂ ਹੀ ਕਿਤਾਬਾਂ ਇੰਗਲਿਸ਼ ਮੀਡੀਅਮ ਵਿੱਚ ਪੜ੍ਹਾਈਆਂ ਜਾਂਦੀਆਂ ਹਨ।

ਚੰਗੇ ਨੰਬਰਾਂ ਨਾਲ ਪਾਸ ਹੋਣ ਲਈ ਉਸਨੇ ਆਪਣੀ ਪੜੌਸ ਵਾਲੀ ਪੜ੍ਹੀ ਲਿਖੀ ਦੀਦੀ ਕੋਲ ਵੀ ਜਾਣਾ ਸ਼ੁਰੂ ਕਰ ਦਿੱਤਾ ਜੋ ਉਸਦੀ ਪੜ੍ਹਾਈ ਵਿੱਚ ਮਦਦ ਕਰ ਦਿੰਦੀ ਹੈ। ਜਦ ਵੀ ਉਹ ਦੀਦੀ ਕੋਲ ਪੜ੍ਹਣ ਜਾਂਦੀ ਤਾਂ ਪੁੱਛਦੀ, "ਦੀਦੀ ਫਲਾਣਾ ਸਕੂਲ ਕਿਹੋ ਜਿਹਾ ਹੈ? ਮੇਰੀ ਮੰਮੀ ਕਹਿੰਦੀ ਏ ਅਗਲੀ ਵਾਰ ਤੈਨੂੰ ਵੱਡੇ ਸਕੂਲ ਪਾਵਾਂਗੇ।"


ਪੰਜਵੀਂ ਜਮਾਤ ਦਾ ਨਤੀਜਾ ਆ ਗਿਆ। ਸੁੱਖੀ ਦੂਜੇ ਨੰਬਰ 'ਤੇ ਆਈ। ਉਹ ਬਹੁਤ ਖੁਸ਼ ਸੀ। ਜਦੋਂ ਹੀ ਉਹ ਦੁਬਾਰਾ ਆਪਣੀ ਦੀਦੀ ਕੋਲ ਪਹੁੰਚੀ ਤਾਂ ਬੜੀ ਉਦਾਸ ਜਿਹੀ ਲੱਗੀ। ਦਰਅਸਲ ਆਰਥਿਕ ਤੰਗੀ ਹੋਣ ਕਾਰਨ ਉਸਨੂੰ ਫਿਰ ਤੋਂ ਪੁਰਾਣੇ ਸਕੂਲ ਵਿੱਚ ਹੀ ਦਾਖਲਾ ਲੈਣਾ ਪਿਆ।

ਇੱਕ ਦਿਨ ਉਹ ਆਪਣੀ ਦੀਦੀ ਕੋਲ ਪੜ੍ਹਣ ਲਈ ਗਈ ਤਾਂ ਉਸ ਨੇ ਆਪਣੀ ਦੀਦੀ ਨੂੰ ਨਵੀਆਂ ਕਿਤਾਬਾਂ ਦਿਖਾਉਂਦੇ ਹੋਏ ਕਿਹਾ, "ਦੀਦੀ ਜੀ ਮੰਮੀ ਕਹਿੰਦੀ ਕਿ ਇੰਗਲਿਸ਼ ਮੀਡੀਅਮ ਵਾਲੇ ਵੱਡੇ ਸਕੂਲਾਂ ਵਿੱਚ ਵੀ ਇਹੀ ਕਿਤਾਬਾਂ ਪੜ੍ਹਾਈਆਂ ਜਾਂਦੀਆਂ ਨੇ।" ਦੀਦੀ ਨੇ ਉਹਦੀਆਂ ਕਿਤਾਬਾਂ ਦੇਖੀਆਂ ਤੇ ਕਿਹਾ, "ਹਾਂ ਸੁੱਖੀ, ਇਹ ਐਨ.ਸੀ.ਆਰ.ਟੀ. ਦੀਆਂ ਕਿਤਾਬਾਂ ਦੋਵਾਂ ਸਕੂਲਾਂ (ਸੁੱਖੀ ਦੇ ਸਕੂਲ ਅਤੇ ਇੰਗਲਿਸ਼ ਮੀਡੀਅਮ ਵਾਲੇ ਵੱਡੇ ਪ੍ਰਾਈਵੇਟ ਸਕੂਲ) ਵਿੱਚ ਇੱਕੋ ਜਿਹੀਆਂ ਹਨ।" ਇਹ ਸੁਣਦੇ ਹੀ ਸੁੱਖੀ ਦੇ ਚਿਹਰੇ ਉੱਤੇ ਖੁਸ਼ੀ ਦੀ ਲਹਿਰ ਦੌੜ ਗਈ।

ਪਿੰਡ- ਕਿਸ਼ਨਗੜ੍ਹ,
ਤਹਿ: ਸ਼ਾਹਬਾਦ (ਮਾਰਕੰਡਾ)
94676-23821

# ਸੁਤੰਤਰਤਾ ਸੰਗਰਾਮ ਦਾ ਪਹਿਲਾ ਪੰਜਾਬੀ/ ਸਿੱਖ ਸ਼ਹੀਦ ਭਾਈ ਮਹਾਰਾਜ ਸਿੰਘ ਜੀ

ਦਲਜੀਤ ਰਾਏ ਕਾਲੀਆ



ਸਿੱਖ ਕੌਮ ਦਾ ਸਮੁੱਚਾ ਇਤਿਹਾਸ ਕੁਰਬਾਨੀਆਂ ਨਾਲ ਭਰਿਆ ਹੋਇਆ ਹੈ। ਭਾਰਤ ਦੀ ਆਜ਼ਾਦੀ ਦੇ ਅੰਦੋਲਨ ਦੌਰਾਨ ਵੀ ਸਿੱਖ ਕੌਮ ਨੇ ਬੇਹੱਦ ਕੁਰਬਾਨੀਆਂ ਕੀਤੀਆਂ। ਪੰਜਾਬ ਦੇ ਜੰਮਪਲ ਭਾਈ ਮਹਾਰਾਜ ਸਿੰਘ ਸੁਤੰਤਰਤਾ ਸੰਗਰਾਮ ਦੌਰਾਨ ਸ਼ਹੀਦ ਹੋਣ ਵਾਲੇ ਪਹਿਲੇ ਪੰਜਾਬੀ ਸਿੱਖ ਸੂਰਬੀਰ ਸਨ। ਜੂਨ, 1839 ਵਿੱਚ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਅਕਾਲ ਚਲਾਣੇ ਪਿੱਛੋਂ ਸੰਗਠਿਤ ਅਤੇ ਸ਼ਕਤੀਸ਼ਾਲੀ ਸਿੱਖ ਰਾਜ ਦੇ ਪਤਨ ਦੇ ਦਿਨ ਸ਼ੁਰੂ ਹੋ ਗਏ ਸਨ। ਪੰਜਾਬ ਵਿੱਚ ਅਰਾਜਕਤਾ ਫੈਲ ਗਈ ਸੀ। 1845-46 ਦੌਰਾਨ ਹੋਈ ਪਹਿਲੀ ਅੰਗਰੇਜ਼ ਸਿੱਖ ਜੰਗ ਵਿੱਚ ਗ਼ੱਦਾਰ ਜਰਨੈਲਾਂ ਦੀ ਗ਼ਦਾਰੀ ਕਾਰਨ ਲਾਹੌਰ ਦਰਬਾਰ ਦੀਆਂ ਫ਼ੌਜਾਂ ਹਾਰ ਗਈਆਂ ਸਨ। ਡੋਗਰੇ ਸਰਦਾਰਾਂ ਦੀਆਂ ਚਾਲਾਂ ਅਤੇ ਸਿੱਖ ਰਾਜ ਦੇ ਹੋਰਨਾਂ ਵਿਰੋਧੀਆਂ ਦੀਆਂ ਗਤੀਵਿਧੀਆਂ ਨੂੰ ਦੇਖ ਕੇ ਭਾਈ ਮਹਾਰਾਜ ਸਿੰਘ ਦਾ ਹਿਰਦਾ ਵਲੂੰਧਰਿਆ ਗਿਆ। ਉਸ ਸਮੇਂ ਦਾ ਤਕਾਜ਼ਾ ਸੀ ਕਿ ਇੱਕ ਨਿਰੋਲ ਧਾਰਮਿਕ ਮਿਸ਼ਨਰੀ ਭਾਈ ਮਹਾਰਾਜ ਸਿੰਘ ਪੰਜਾਬ ਨੂੰ ਅੰਗਰੇਜ਼ਾਂ ਦੇ ਕਬਜ਼ੇ ਤੋਂ ਮੁਕਤ ਕਰਾਉਣ ਲਈ ਹਰ ਹੀਲਾ ਵਰਤਣ ਲੱਗ ਪਿਆ। ਉਸ ਸਮੇਂ ਅੰਗਰੇਜ਼ ਵਿਰੋਧੀ ਮੁਹਿੰਮ ਦੀ ਅਗਵਾਈ ਭਾਈ ਮਹਾਰਾਜ ਸਿੰਘ ਹੀ ਕਰ ਰਿਹਾ ਸੀ। ਐਮ.ਐਲ. ਆਹਲੂਵਾਲੀਆ ਅਤੇ ਡਾ. ਕਿਰਪਾਲ ਸਿੰਘ ਠੀਕ ਹੀ ਲਿਖਦੇ ਹਨ, "ਜੇ ਪੰਜਾਬ ਵਿੱਚ ਪਹਿਲੀ ਅੰਗਰੇਜ਼ ਵਿਰੋਧੀ ਲਹਿਰ ਦੇ ਪਿੱਛੇ ਮਹਾਰਾਣੀ ਜਿੰਦ ਕੌਰ ਦਾ ਦਿਮਾਗ਼ ਕੰਮ ਕਰ ਰਿਹਾ ਸੀ ਤਾਂ ਨਿਹਾਲ ਸਿੰਘ, ਜੋ ਆਮ ਤੌਰ 'ਤੇ ਭਾਈ ਮਹਾਰਾਜ ਸਿੰਘ ਦੇ ਨਾਉਂ ਨਾਲ ਮਸ਼ਹੂਰ ਹੈ, ਇਸ ਲਹਿਰ ਦੀ ਰੂਹ ਸੀ। ਇਸ ਸੰਗਰਾਮ ਦੇ ਸੂਰਬੀਰਾਂ ਵਿੱਚੋਂ ਕਿਸੇ ਨੇ ਵੀ ਇਸ ਲਹਿਰ ਲਈ ਇੰਨਾ ਕੰਮ ਨਹੀਂ ਕੀਤਾ ਤੇ ਨਾ ਹੀ ਇੰਨੇ ਕਸ਼ਟ ਭੋਗੇ, ਜਿੰਨੇ ਸਿੱਖ ਕੌਮ ਦੇ ਇਸ ਸੰਤ-ਸਿਪਾਹੀ ਨੇ। ਭਾਈ ਮਹਾਰਾਜ ਸਿੰਘ ਨੇ ਆਪਣਾ ਸਾਰਾ ਜੀਵਨ ਵਾਹਿਗੁਰੂ ਨੂੰ ਅਰਪਣ ਕੀਤਾ ਹੋਇਆ ਸੀ ਤੇ ਉਹ ਅੰਗਰੇਜ਼ ਵਿਰੋਧੀ ਮੁਹਿੰਮ ਦੀ ਅਗਵਾਈ ਕਰਨਾ ਆਪਣਾ ਸਦਾਚਾਰਕ ਫਰਜ ਸਮਝਦਾ ਸੀ।"

ਸੁਤੰਤਰਤਾ ਸੰਗਰਾਮ ਦੇ ਮੋਢੀ ਸ਼ਹੀਦ ਭਾਈ ਮਹਾਰਾਜ ਸਿੰਘ ਦੇ ਮੁੱਢਲੇ ਜੀਵਨ ਬਾਰੇ ਵਧੇਰੇ ਜਾਣਕਾਰੀ ਨਹੀਂ ਮਿਲਦੀ। ਪੰਜਾਬੀਆਂ ਦੀ ਇਹ ਬਦਕਿਸਮਤੀ ਹੀ ਕਹੀ ਜਾ ਸਕਦੀ ਹੈ ਕਿ ਉਹ ਇਤਿਹਾਸ ਤਾਂ ਰਚਦੇ ਹਨ ਪਰ ਇਤਿਹਾਸ ਲਿਖਦੇ ਨਹੀਂ। ਸੁਤੰਤਰਤਾ ਸੰਗਰਾਮ ਦੇ ਪਹਿਲੇ ਸ਼ਹੀਦ ਦੇ ਜੀਵਨ ਬਾਰੇ ਮੇਰੀ ਨਜ਼ਰੇ ਅਜੇ ਤੱਕ ਕੋਈ ਵੱਡ ਅਕਾਰੀ ਪੁਸਤਕ ਨਹੀਂ ਪਈ। ਪ੍ਰਾਪਤ ਜਾਣਕਾਰੀ ਅਨੁਸਾਰ ਭਾਈ ਮਹਾਰਾਜ ਸਿੰਘ ਦਾ ਜਨਮ 13 ਜਨਵਰੀ, 1780 ਈ: ਨੂੰ ਉੱਚੀ ਰੱਬੋਂ, ਜ਼ਿਲ੍ਹਾ ਲੁਧਿਆਣਾ ਵਿੱਚ ਹੋਇਆ। ਉਹ ਧਾਰਮਿਕ ਬਿਰਤੀ ਦੇ ਮਾਲਕ ਸਨ। ਉਹਨਾਂ ਧਾਰਮਿਕ ਅਤੇ ਅਧਿਆਤਮਿਕ ਸਿੱਖਿਆ ਲਾਗਲੇ ਪਿੰਡ ਨੌਰੰਗਾਬਾਦ ਦੇ ਭਾਈ ਬੀਰ ਸਿੰਘ ਕੋਲੋਂ ਪ੍ਰਾਪਤ ਕੀਤੀ। ਨੌਰੰਗਾਬਾਦ ਦੇ ਡੇਰੇ ਵਿੱਚ ਰਹਿਣ ਸਮੇਂ ਉਹ ਪ੍ਰਭੂ ਭਗਤੀ ਵਿੱਚ ਲੀਨ ਰਹਿੰਦੇ ਸਨ। ਲੋਕ ਉਹਨਾਂ ਨੂੰ 'ਮਹਾਰਾਜ ਜੀ' ਕਹਿਕੇ ਬੁਲਾਉਣ ਲੱਗ ਪਏ। ਇਸ ਕਰਕੇ ਉਹਨਾਂ ਦਾ ਨਾਂ ਹੀ ਨਿਹਾਲ ਸਿੰਘ ਤੋਂ ਬਦਲ ਕੇ ਮਹਾਰਾਜ ਸਿੰਘ ਪੈ ਗਿਆ। ਕੁਝ ਸਮੇਂ ਬਾਅਦ ਉਹਨਾਂ ਦੀ ਚੋਣ ਨੌਰੰਗਾਬਾਦ ਦੀ ਗੱਦੀ ਲਈ ਹੋਈ ਪਰ ਉਹਨਾਂ ਨੌਰੰਗਾਬਾਦ ਦੀ ਗੱਦੀ ਇੱਕ ਹੋਰ ਚੇਲੇ ਬੀਰ ਸਿੰਘ ਦੇ ਸਪੁਰਦ ਕਰ ਦਿੱਤੀ ਅਤੇ ਆਪ ਅੰਮ੍ਰਿਤਸਰ ਚਲੇ ਗਏ ਅਤੇ ਉੱਥੇ ਆਪਣਾ ਡੇਰਾ ਸਥਾਪਤ ਕਰ ਲਿਆ। ਉਹਨਾਂ ਦਾ ਅੰਮ੍ਰਿਤਸਰ ਵਿਚਲਾ ਡੇਰਾ ਸਿਆਸੀ ਸਰਗਰਮੀਆਂ ਦਾ ਗੜ੍ਹ ਸੀ। ਉਹ ਅੰਗਰੇਜ਼ੀ ਰਾਜ ਵਿਰੁੱਧ ਜੋੜ ਤੋੜ ਕਰਨ ਲੱਗ ਪਏ।

ਭਾਈ ਮਹਾਰਾਜ ਸਿੰਘ ਦੇ ਕ੍ਰਾਂਤੀਕਾਰੀ ਜੀਵਨ ਦੀ ਸ਼ੁਰੂਆਤ ਪ੍ਰੇਮਾ ਸਾਜ਼ਿਸ਼ ਕੇਸ ਨਾਲ ਹੋਈ। ਪ੍ਰੇਮਾ ਅਤੇ ਉਸਦਾ ਭਰਾ ਮੋਹਰਾ ਇਸ ਕੇਸ ਦੀਆਂ ਦੋ ਪ੍ਰਮੁੱਖ ਹਸਤੀਆਂ ਸਨ। ਇਸ ਸਾਜਿਸ਼ ਅਨੁਸਾਰ 21 ਅਪ੍ਰੈਲ, 1847 ਨੂੰ

ਅੰਗਰੇਜ਼ ਰੈਜ਼ੀਡੈਂਟ ਹੈਨਰੀ ਲਾਰੰਸ ਅਤੇ ਅੰਗਰੇਜ਼ਾਂ ਦੇ ਹਮਾਇਤੀ ਸਰਦਾਰਾਂ ਨੂੰ ਸ਼ਾਲੀਮਾਰ ਬਾਗ਼ ਵਿੱਚ ਹੋਣ ਵਾਲੀ ਇਕੱਤਰਤਾ ਵਿਚ ਸ਼ਾਮਿਲ ਹੋਣ ਸਮੇਂ ਕਤਲ ਕਰਨ ਦੀ ਯੋਜਨਾ ਸੀ। ਭਾਈ ਮਹਾਰਾਜ ਸਿੰਘ ਨੇ ਇਸ ਆਸ਼ੇ ਦੀ ਪੂਰਤੀ ਲਈ ਪ੍ਰੇਮਾ ਨੂੰ ਇੱਕ ਤਲਵਾਰ ਭੇਂਟ ਕੀਤੀ ਸੀ ਅਤੇ ਆਸ਼ੀਰਵਾਦ ਦਿੱਤਾ ਸੀ। ਘਟਨਾ ਵਾਪਰਨ ਤੋਂ ਤਿੰਨ ਹਫ਼ਤੇ ਪਹਿਲਾਂ ਸਰਕਾਰ ਨੂੰ ਗੁੰਦੀਆਂ ਜਾ ਰਹੀਆਂ ਗੋਂਦਾ ਬਾਰੇ ਪਤਾ ਲੱਗ ਗਿਆ ਅਤੇ ਸਰਕਾਰ ਸਾਜ਼ਿਸ਼ ਦੇ ਮਨਸੂਬੇ ਬਣਾਉਣ ਵਾਲਿਆਂ ਨੂੰ ਗ੍ਰਿਫ਼ਤਾਰ ਕਰਨ ਲਈ ਹਰਕਤ ਵਿਚ ਆ ਗਈ। ਸਰਕਾਰ ਮਹਾਰਾਜ ਸਿੰਘ ਨੂੰ ਖ਼ਤਰਨਾਕ ਸਰਕਾਰ ਵਿਰੋਧੀ ਅਨਸਰ ਸਮਝਣ ਲੱਗ ਪਈ। ਸਰਕਾਰ ਮਹਾਰਾਜ ਸਿੰਘ ਦੀ ਗ੍ਰਿਫ਼ਤਾਰੀ ਲਈ ਬਹੁਤ ਸਖ਼ਤੀ ਵਰਤਣ ਲੱਗ ਪਈ, ਪਰ ਉਹ ਸਰਕਾਰ ਦੇ ਹੱਥ ਨਾ ਲੱਗਾ। ਉਸਦੇ ਬਹੁਤ ਸਾਰੇ ਨਿੱਜੀ ਸੇਵਕ ਗ੍ਰਿਫ਼ਤਾਰ ਕਰ ਲਏ ਗਏ ਤਾਂ ਜੋ ਭਾਈ ਮਹਾਰਾਜ ਸਿੰਘ ਬਾਰੇ ਥਹੁ-ਟਿਕਾਣਾ ਪਤਾ ਲੱਗ ਸਕੇ। ਸਮੁੱਚੇ ਮਾਝੇ ਦੇ ਇਲਾਕੇ ਦੀ ਛਾਣ-ਬੀਣ ਕੀਤੀ ਗਈ। ਭਾਈ ਮਹਾਰਾਜ ਸਿੰਘ ਰੂਪੋਸ਼ ਹੋ ਗਏ। ਸਰਕਾਰ ਨੇ ਉਹਨਾਂ ਨੂੰ ਅੰਮ੍ਰਿਤਸਰ, ਛੱਡ ਕੇ ਨੌਰੰਗਾਬਾਦ ਚਲੇ ਜਾਣ ਦਾ ਹੁਕਮ ਦਿੱਤਾ ਅਤੇ ਕੌਂਸਲ ਦੇ ਸਾਹਮਣੇ ਪੇਸ਼ ਹੋਣ ਦੇ ਆਦੇਸ਼ ਦਿੱਤੇ। ਭਾਈ ਮਹਾਰਾਜ ਸਿੰਘ ਨੇ ਸਰਕਾਰੀ ਹੁਕਮ ਮੰਨਣ ਤੋਂ ਇਨਕਾਰ ਕਰ ਦਿੱਤਾ। ਸਰਕਾਰ ਨੇ 25 ਜੂਨ, 1841 ਨੂੰ ਉਹਨਾਂ ਦੀ ਜਾਇਦਾਦ ਆਮ ਨਿਲਾਮੀ ਰਾਹੀਂ ਵੇਚ ਦਿੱਤੀ ਅਤੇ ਉਹਨਾਂ ਦੀ ਗ੍ਰਿਫ਼ਤਾਰੀ ਲਈ ਇੱਕ ਹਜ਼ਾਰ ਰੁਪਏ ਦਾ ਇਨਾਮ ਰੱਖ ਦਿੱਤਾ। ਬਾਅਦ ਵਿਚ ਇਹ ਰਾਸ਼ੀ ਵਧਾ ਕੇ ਦਸ ਹਜ਼ਾਰ ਰੁਪਏ ਕਰ ਦਿੱਤੀ ਗਈ।

ਅੰਗਰੇਜ਼ਾਂ ਨੇ ਮੁਲਤਾਨ ਨੂੰ ਆਪਣੇ ਕਬਜ਼ੇ ਹੇਠ ਕਰਨ ਲਈ ਦੀਵਾਨ ਮੂਲਰਾਜ 'ਤੇ ਹਮਲਾ ਕਰ ਦਿੱਤਾ। ਦੀਵਾਨ ਮੂਲਰਾਜ ਨੇ ਸਹਾਇਤਾ ਲਈ ਆਪਣਾ ਏਲਚੀ ਭਾਈ ਮਹਾਰਾਜ ਸਿੰਘ ਵੱਲ ਭੇਜਿਆ। ਭਾਈ ਮਹਾਰਾਜ ਸਿੰਘ ਆਪਣੇ ਇੱਕ ਹਜ਼ਾਰ ਸੈਨਿਕਾਂ ਸਮੇਤ 1848 ਈ. ਵਿਚ ਦੀਵਾਨ ਮੂਲ ਰਾਜ ਦੀ ਅੰਗਰੇਜ਼ਾਂ ਵਿਰੁੱਧ ਜੰਗ ਵਿਚ ਮਦਦ ਕਰਨ ਲਈ ਮੁਲਤਾਨ ਪੁੱਜ ਗਏ। ਛੇਤੀ ਹੀ ਉਹਨਾਂ ਦੀ ਮੁਲਤਾਨ ਦੇ ਦੀਵਾਨ ਮੂਲ ਰਾਜ ਨਾਲ ਅਣਬਣ ਹੋ ਗਈ। ਜੂਨ, 1848 ਵਿਚ ਭਾਈ ਮਹਾਰਾਜ ਸਿੰਘ ਨੇ ਮੁਲਤਾਨ ਤੋਂ ਵਾਪਸ ਆ ਕੇ ਸਿੱਖ ਸਰਦਾਰਾਂ ਨਾਲ ਸੰਪਰਕ ਪੈਦਾ ਕੀਤਾ। ਉਹ ਹਜਾਰੇ ਦੇ ਗਵਰਨਰ ਸਰਦਾਰ ਚਤਰ ਸਿੰਘ ਅਟਾਰੀ ਵਾਲੇ ਨੂੰ ਮਿਲੇ। ਉਹਨਾਂ ਆਪਣੇ ਸਾਰੇ ਵਲੰਟੀਅਰ ਸਰਦਾਰ ਸ਼ੇਰ ਸਿੰਘ ਅਟਾਰੀ ਵਾਲੇ ਦੀ ਫ਼ੌਜ ਵਿਚ ਸ਼ਾਮਿਲ ਕਰਵਾ ਦਿੱਤੇ। ਭਾਈ ਮਹਾਰਾਜ ਸਿੰਘ ਨੇ ਖ਼ਾਲਸਾ ਫ਼ੌਜ ਵਿਚ ਨਵੀਂ ਸਪਿਰਿਟ ਭਰ ਦਿੱਤੀ ਅਤੇ ਹੌਸਲੇ ਬੁਲੰਦ ਕਰ ਦਿੱਤੇ। ਰਾਮ ਨਗਰ, ਚੇਲਿਆਂ ਵਾਲਾ ਅਤੇ ਗੁਜਰਾਤ ਦੀਆਂ ਹੋਈਆਂ ਐਂਗਲੋ-ਸਿੱਖ ਲੜਾਈਆਂ ਵਿਚ ਭਾਈ ਮਹਾਰਾਜ ਸਿੰਘ ਨੇ ਵੱਧ-ਚੜ੍ਹ ਕੇ ਹਿੱਸਾ ਲਿਆ। ਗੁਜਰਾਤ ਵਿਚ ਹੋਈ ਲੜਾਈ ਵਿਚ ਸਿੱਖ ਹਾਰ ਗਏ ਅਤੇ ਹਾਰੇ ਹੋਏ ਸਰਦਾਰ ਰਾਵਲਪਿੰਡੀ ਵੱਲ ਚਲੇ ਗਏ। ਸਰਦਾਰਾਂ ਦਾ ਇੱਕ ਇਕੱਠ ਰਾਵਲਪਿੰਡੀ ਵਿਚ ਹੋਇਆ। ਇਸ ਸਮੇਂ ਭਾਈ ਮਹਾਰਾਜ ਸਿੰਘ ਨੇ ਸਿੱਖ ਸਰਦਾਰਾਂ ਨੂੰ ਅੰਗਰੇਜ਼ਾਂ ਨਾਲ ਇਕ ਹੋਰ ਲੜਾਈ ਲੜਨ ਦੀ ਪ੍ਰੇਰਨਾ ਦਿੱਤੀ। ਭਾਈ ਮਹਾਰਾਜ ਸਿੰਘ ਚਾਹੁੰਦੇ ਸਨ ਕਿ ਪੰਜਾ ਸਾਹਿਬ ਜਾਂ ਰਾਵਲਪਿੰਡੀ ਵਿਚ ਅੰਗਰੇਜ਼ਾਂ ਨਾਲ ਇੱਕ ਹੋਰ ਫ਼ੈਸਲਾਕੁਨ ਯੁੱਧ ਲੜਿਆ ਜਾਵੇ। ਪਰ 12 ਮਾਰਚ, 1849 ਨੂੰ ਸਾਰੀ ਬਾਗ਼ੀ ਸਿੱਖ ਫ਼ੌਜ ਜਿਸਦੀ ਗਿਣਤੀ 16000 ਦੇ ਲਗਭਗ ਸੀ, ਨੇ ਮਾਣਕਿਆਨਾ ਪਿੰਡ ਵਿਚ ਜਨਰਲ ਗਿਲਬਰਟ ਦੇ ਅੱਗੇ ਹਥਿਆਰ ਸੁੱਟ ਦਿੱਤੇ। ਪੰਜਾਬ ਅੰਗਰੇਜ਼ੀ ਰਾਜ ਦੇ ਕਬਜ਼ੇ ਹੇਠ ਆ ਗਿਆ। ਕੇਵਲ ਭਾਈ ਮਹਾਰਾਜ ਸਿੰਘ ਅਤੇ ਉਸ ਦੇ ਬਾਗ਼ੀ ਸੈਨਿਕਾਂ ਨੇ ਆਪਣਾ ਸਿਰੜ ਨਾ ਛੱਡਿਆ। ਉਹਨਾਂ ਅੰਗਰੇਜ਼ਾਂ ਦੀ ਈਨ ਮੰਨਣ ਨਾਲੋਂ ਅਣਖ ਭਰਿਆ ਜੀਵਨ ਜਿਊਣ ਨੂੰ ਤਰਜੀਹ ਦਿੱਤੀ। ਉਹ ਆਪਣਾ ਸੰਘਰਸ਼ ਜਾਰੀ ਰੱਖਣ ਲਈ ਰਿਆਸਤ ਜੰਮੂ ਕਸ਼ਮੀਰ ਵੱਲ ਚਲੇ ਗਏ ਅਤੇ ਆਪਣਾ ਹੈੱਡਕਵਾਟਰ ਦੇਵੀ ਬਟਾਲਾ ਬਣਾ ਲਿਆ।

ਕੁਝ ਸਮੇਂ ਬਾਅਦ ਭਾਈ ਮਹਾਰਾਜ ਸਿੰਘ ਹੋਰ ਵੀ ਸੁਰੱਖਿਅਤ ਟਿਕਾਣੇ ਚੰਬੀ ਚਲੇ ਗਏ ਅਤੇ ਉੱਥੋਂ ਆਪਣੀ ਕਾਰਵਾਈ ਚਲਾਉਂਦੇ ਰਹੇ। ਚੰਬੀ ਵਿਚ ਰਹਿਣ ਸਮੇਂ ਭਾਈ ਮਹਾਰਾਜ ਸਿੰਘ ਨੂੰ ਪਤਾ ਚੱਲਿਆ ਕਿ ਅੰਗਰੇਜ਼ ਮਹਾਰਾਜੇ ਦਲੀਪ ਸਿੰਘ ਨੂੰ ਪੰਜਾਬ ਤੋਂ ਜਲਾਵਤਨ ਕਰਕੇ ਇੰਗਲੈਂਡ ਲਿਜਾ ਰਹੇ ਹਨ। ਭਾਈ ਮਹਾਰਾਜ ਸਿੰਘ ਦਾ ਵਿਚਾਰ ਸੀ ਕਿ ਮਹਾਰਾਜਾ ਦਲੀਪ ਸਿੰਘ ਨੂੰ ਜਲਾਵਤਨੀ ਤੋਂ ਬਚਾਉਣ ਲਈ ਅਗਵਾ ਕਰਕੇ ਜੰਮੂ ਕਸ਼ਮੀਰ ਦੇ ਪਹਾੜੀ ਇਲਾਕੇ

ਵਿਚ ਲਿਆਂਦਾ ਜਾਵੇ ਅਤੇ ਉਸ ਦੇ ਨਾਂ ਹੇਠ ਸੰਘਰਸ਼ ਦੀ ਬਾਕਾਇਦਾ ਕਾਰਵਾਈ ਚਲਾਈ ਜਾਵੇ। ਇਸ ਮਕਸਦ ਦੀ ਪੂਰਤੀ ਲਈ ਉਹਨਾਂ ਆਪਣੇ ਅਨੁਯਾਈਆਂ ਕਮਾਂਡਰ ਪ੍ਰੇਮ ਸਿੰਘ, ਰਾਵਲ ਦੇ ਰਾਮ ਸਿੰਘ, ਸਰਹਾਲੀ ਦੇ ਬੂਟਾ ਸਿੰਘ ਅਤੇ ਜਵਾਹਰ ਸਿੰਘ, ਬਟਾਲੇ ਦੇ ਨੇੜੇ ਨੁਸ਼ਹਿਰੇ ਦੇ ਮਹਿਤਾਬ ਸਿੰਘ, ਰੂਪ ਸਿੰਘ ਅਤੇ ਦਲ ਸਿੰਘ ਦਾ ਜਥਾ ਭੇਜਿਆ। ਲਾਹੌਰ ਵਿਚ ਮੀਆਂ ਗਨੇਸ਼ੀ ਨੇ ਇਸ ਕੰਮ ਵਿਚ ਮਦਦ ਕਰਨੀ ਸੀ। ਯੋਜਨਾ ਸਿਰੇ ਚੜ੍ਹਨ ਤੋਂ ਪਹਿਲਾਂ ਹੀ ਇਸ ਦੀ ਸੂਹ ਅੰਗਰੇਜ਼ ਸਰਕਾਰ ਨੂੰ ਲੱਗ ਗਈ। ਸਾਜ਼ਿਸ਼ ਵਿਚ ਸ਼ਾਮਿਲ ਕੁਝ ਵਿਅਕਤੀਆਂ ਨੂੰ ਸਰਕਾਰ ਨੇ 18 ਨਵੰਬਰ, 1849 ਨੂੰ ਲਾਹੌਰ ਤੋਂ ਗ੍ਰਿਫ਼ਤਾਰ ਕਰ ਲਿਆ। ਗੋਰੀ ਸਰਕਾਰ ਨੂੰ ਪੱਤਾ ਲੱਗ ਗਿਆ ਕਿ ਇਸ ਸਾਜ਼ਿਸ਼ ਪਿੱਛੇ ਭਾਈ ਮਹਾਰਾਜ ਸਿੰਘ ਦਾ ਦਿਮਾਗ਼ ਕੰਮ ਕਰ ਰਿਹਾ ਹੈ। ਸਰਕਾਰ ਨੇ ਭਾਈ ਮਹਾਰਾਜ ਸਿੰਘ ਦੀ ਗ੍ਰਿਫ਼ਤਾਰੀ ਲਈ ਸੀ.ਆਈ.ਡੀ. ਨੂੰ ਚੌਕਸ ਕਰ ਦਿੱਤਾ। ਇਸ ਘਟਨਾਕ੍ਰਮ ਬਾਰੇ ਹੈਨਰੀ ਲਾਰੰਸ ਲਿਖਦਾ ਹੈ, "ਲੋਕਾਂ ਦੇ ਮਨ ਬਹੁਤ ਭੜਕੇ ਹੋਏ ਸਨ। ਮਹਾਰਾਜੇ ਨੂੰ ਛੇਤੀ ਹੀ ਲਾਹੌਰ ਵਿਚੋਂ ਜਲਾਵਤਨ ਕੀਤਾ ਜਾਣਾ ਸੀ। ਪਿਛਲੀ ਲੜਾਈ ਵਿਚ ਹਿੱਸਾ ਲੈਣ ਵਾਲੇ ਬਾਗ਼ੀ ਆਗੂ ਜੋ ਹੁਣੇ-ਹੁਣੇ ਗ੍ਰਿਫ਼ਤਾਰ ਕੀਤੇ ਗਏ ਹਨ, ਉਹਦੇ ਪਿੱਛੇ ਬਾਹਰ ਭੇਜੇ ਜਾਣੇ ਸਨ। ਭਾਈ ਮਹਾਰਾਜ ਸਿੰਘ ਨਾਂ ਦਾ ਇੱਕ ਸਿੱਖ-ਸੰਤ ਜੋ ਆਪਣੇ ਪਵਿੱਤਰ ਆਚਰਨ ਕਰਕੇ ਬੜਾ ਉੱਘਾ ਅਤੇ ਚੋਖੇ ਅਸਰ ਰਸੂਖ਼ ਦਾ ਮਾਲਕ ਸੀ। ਇਸ ਵੇਲੇ ਲਾਹੌਰ ਵਿਚ ਪੰਜਾਬੀ ਰਸਾਲੇ ਦੇ ਇੱਕ ਦਸਤੇ ਦੇ ਸਿੱਖਾਂ ਨੂੰ ਬਦਰਾਹ ਕਰਨ ਦਾ ਯਤਨ ਕਰ ਰਿਹਾ ਸੀ। 1848 ਵਿਚ ਮੁਲਤਾਨ ਦੀ ਹੱਦ ਤੋਂ ਬਾਹਰ ਇਹ ਪਹਿਲਾ ਪੁਰਸ਼ ਸੀ, ਜਿਸ ਨੇ ਬਗ਼ਾਵਤ ਦਾ ਝੰਡਾ ਖੜ੍ਹਾ ਕੀਤਾ ਸੀ ਤੇ ਬਾਗ਼ੀ ਸਰਦਾਰਾਂ ਵਿਚ ਕੇਵਲ ਇਹੀ ਇੱਕੋ-ਇੱਕ ਆਗੂ ਸੀ, ਜਿਸ ਨੇ ਰਾਵਲਪਿੰਡੀ ਵਿਚ ਸਰ ਵਾਲਟਰ ਗਿਲਬਰਟ ਦੇ ਸਾਹਵੇਂ ਹਥਿਆਰ ਨਹੀਂ ਸੁੱਟੇ ਸਨ। ਸਾਡੀ ਪੁਲਿਸ ਤਾੜ ਰਹੀ ਸੀ ਕਿ ਉਸ ਦੇ ਛੇ ਵਕੀਲ ਕਈ ਹਫ਼ਤਿਆਂ ਤੋਂ ਅਤੇ ਉਸ ਵੇਲੇ ਵੀ ਬਾਲ ਮਹਾਰਾਜੇ ਨੂੰ ਅਗਵਾ ਕਰਨ ਵਾਸਤੇ ਮਹੱਲ ਦੀਆਂ ਦੀਵਾਰਾਂ ਦੇ ਨੇੜੇ ਰਹਿ ਰਹੇ ਸਨ। (ਪੰਨਾ 79,ਪੰਜਾਬ ਦੇ ਮੋਢੀ ਸੁਤੰਤਰਤਾ ਸੰਗਰਾਮੀਏ)

ਭਾਵੇਂ ਮਹਾਰਾਜਾ ਦਲੀਪ ਸਿੰਘ ਨੂੰ ਅਗਵਾ ਕਰਨ ਦੀ ਯੋਜਨਾ ਅਸਫਲ ਹੋ ਗਈ ਸੀ। ਪਰ ਅੰਗਰੇਜ਼ਾਂ ਨਾਲ ਟੱਕਰ ਲੈਣ ਲਈ ਭਾਈ ਮਹਾਰਾਜ ਸਿੰਘ ਨੇ ਯਤਨ ਜਾਰੀ ਰੱਖੇ। ਉਹ ਬਗ਼ਾਵਤ ਕਰਵਾਉਣ ਲਈ ਖ਼ੁਦ ਪ੍ਰਬੰਧਾਂ ਦਾ ਜਾਇਜ਼ਾ ਲੈਂਦਾ ਰਿਹਾ। ਜੁਲਾਈ ਤੋਂ ਅਕਤੂਬਰ, 1849 ਤੱਕ ਉਹ ਬਟਾਲਾ ਇਲਾਕੇ ਦੇ ਪਿੰਡ ਸਾਜੂਵਾਲ ਵਿਚ ਠਹਿਰੇ। ਉਹਨਾਂ ਹੁਸ਼ਿਆਰਪੁਰ ਅਤੇ ਜਲੰਧਰ ਦੀਆਂ ਛਾਉਣੀਆਂ ਅਤੇ ਬਜਵਾੜੇ ਦਾ ਸਰਕਾਰੀ ਖ਼ਜ਼ਾਨਾ ਲੁੱਟਣ ਦੀਆਂ ਵਿਉਂਤਾਂ ਬਣਾਈਆਂ। ਹਾਜੀਪੁਰ ਅਤੇ ਕਾਂਗੜੇ ਦੇ ਸ਼ਾਹੀ ਖ਼ਾਨਦਾਨਾਂ ਵੱਲੋਂ ਭਾਈ ਮਹਾਰਾਜ ਸਿੰਘ ਨੂੰ 1000 ਬੰਦੂਕਚੀ 10 ਤੋਂ 20 ਹਜ਼ਾਰ ਤੱਕ ਰੁਪਏ ਅਤੇ ਦਸ ਹਜ਼ਾਰ ਮਣ ਅਨਾਜ ਦੇਣ ਦਾ ਵਚਨ ਦਿੱਤਾ ਗਿਆ। ਭਾਈ ਮਹਾਰਾਜ ਸਿੰਘ ਨੇ ਕਾਬਲ ਦੇ ਅਮੀਰ ਦੋਸਤ ਮੁਹੰਮਦ ਖਾਂ ਅਤੇ ਸੁਲਤਾਨ ਮੁਹੰਮਦ ਖਾਂ ਤੋਂ ਸਹਾਇਤਾ ਪ੍ਰਾਪਤ ਕਰਨ ਲਈ ਆਪਣੇ ਵਿਸ਼ਵਾਸਪਾਤਰਾਂ ਨੂੰ ਅਫ਼ਗ਼ਾਨਿਸਤਾਨ ਭੇਜਿਆ। ਅੰਤਿਮ ਹਮਲੇ ਤੋਂ ਪਹਿਲਾਂ ਭਾਈ ਮਹਾਰਾਜ ਸਿੰਘ ਸਾਜੂਵਾਲ ਤੋਂ ਗੁਲੇਰਨ, ਰਾਏ ਕਾ ਪੱਤਣ ਤੋਂ ਪਾਰ ਹੁੰਦਾ ਹੋਇਆ ਹੁਸ਼ਿਆਰਪੁਰ ਜ਼ਿਲ੍ਹੇ ਦੇ ਕਿਸ਼ਨਪੁਰ ਪਿੰਡ ਪਹੁੰਚਿਆ। ਉਹ ਸਭ ਥਾਂ ਮੁਹਤਬਰ ਵਿਅਕਤੀਆਂ ਨੂੰ ਮਿਲਦਾ ਗਿਆ। ਗੁਪਤ ਤੌਰ 'ਤੇ ਸਾਰੇ ਪ੍ਰਬੰਧਾਂ ਦਾ ਜਾਇਜ਼ਾ ਲੈਂਦੇ ਹੋਏ ਭਾਈ ਮਹਾਰਾਜ ਸਿੰਘ 3 ਅਤੇ 4 ਦਸੰਬਰ ਦੀ ਦਰਮਿਆਨੀ ਰਾਤ ਜਲੰਧਰ ਨੇੜਲੇ ਸ਼ਾਮ ਪਿੰਡ ਪੁੱਜੇ। ਉੱਥੇ ਉਹਨਾਂ ਆਪਣੇ ਮੁੱਖ ਸਾਥੀਆਂ ਨਾਲ ਵਿਚਾਰ-ਵਟਾਂਦਰਾ ਕੀਤਾ। 3 ਜਨਵਰੀ, 1850 ਨੂੰ ਜਲੰਧਰ ਅਤੇ ਹੁਸ਼ਿਆਰਪੁਰ ਦੀਆਂ ਛਾਉਣੀਆਂ ਲੁੱਟਣ ਲਈ ਤਾਰੀਕ ਨਿਸ਼ਚਿਤ ਕੀਤੀ ਗਈ। ਟਾਂਡੇ ਦੇ ਨੇੜੇ ਅਨਾਜ ਅਤੇ ਹਥਿਆਰ ਵੱਡੀ ਮਾਤਰਾ ਵਿਚ ਇਕੱਠੇ ਕੀਤੇ ਗਏ। ਇਸ ਵਿਉਂਤ ਨੂੰ ਨੇਪਰੇ ਚਾੜ੍ਹਨ ਲਈ ਕਪੂਰਥਲਾ ਰਿਆਸਤ ਦੇ ਦੋ ਤੋਪਚੀਆਂ ਦੇਵਾ ਸਿੰਘ ਅਤੇ ਕਾਹਨ ਸਿੰਘ ਦੀਆਂ ਸੇਵਾਵਾਂ ਪ੍ਰਾਪਤ ਕਰ ਲਈਆਂ ਗਈਆਂ। ਜਿਉਂ-ਜਿਉਂ ਛਾਉਣੀਆਂ ਉੱਪਰ ਹਮਲੇ ਕਰਨ ਦੀ ਤਾਰੀਕ ਨੇੜੇ ਆ ਰਹੀ ਸੀ। ਭਾਈ ਮਹਾਰਾਜ ਸਿੰਘ ਅਤੇ ਉਸ ਦੇ ਬੰਦੇ ਤਿਆਰੀਆਂ ਮੁਕੰਮਲ ਕਰਨ ਵਿਚ ਵਧੇਰੇ ਸਰਗਰਮ ਹੋ ਰਹੇ ਸਨ। ਉਹ ਨਹੀਂ ਚਾਹੁੰਦੇ ਸਨ ਕਿ ਹਮਲੇ ਕਰਨ ਦੀ ਵਿਉਂਤਬੰਦੀ ਵਿਚ ਕੋਈ ਕਸਰ ਰਹਿ ਜਾਵੇ। ਭਾਈ

ਮਹਾਰਾਜ ਸਿੰਘ 28 ਦਸੰਬਰ, 1849 ਦੀ ਰਾਤ ਨੂੰ ਆਦਮਪੁਰ ਇਲਾਕੇ ਵਿਚ ਕਮਾਦ ਦੇ ਸੰਘਣੇ ਖੇਤਾਂ ਵਿਚ ਛੁਪੇ ਹੋਏ ਸਨ ਕਿ ਕਿਸੇ ਮੁਖ਼ਬਰ ਦੀ ਪੱਕੀ ਸੂਹ ’ਤੇ ਜਲੰਧਰ ਦੇ ਡਿਪਟੀ ਕਮਿਸ਼ਨਰ ਮਿਸਟਰ ਵੈਨਿਜਟਾਰਟ ਨੇ ਪੁਲਿਸ ਫੋਰਸ ਨਾਲ ਕਮਾਦ ਦੇ ਖੇਤਾਂ ਨੂੰ ਘੇਰਾ ਪਾ ਲਿਆ। ਇਸ ਸਮੇਂ ਭਾਈ ਮਹਾਰਾਜ ਸਿੰਘ ਅਤੇ ਸਾਥੀਆਂ ਕੋਲ ਮਾਮੂਲੀ ਗੋਲੀ ਸਿੱਕਾ ਹੀ ਸੀ। ਥੋੜ੍ਹੀ ਦੇਰ ਦੀ ਮੁੱਠਭੇੜ ਪਿੱਛੋਂ ਭਾਈ ਮਹਾਰਾਜ ਸਿੰਘ ਅਤੇ ਉਸ ਦੇ 21 ਸਾਥੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਗਵਰਨਰ-ਜਨਰਲ ਲਾਰਡ ਡਲਹੌਜ਼ੀ ਨੇ ਇਸ ਸਫ਼ਲਤਾ ’ਤੇ ਜਲੰਧਰ ਦੇ ਡੀ.ਸੀ. ਮਿਸਟਰ ਵੈਨਿਜ਼ਟਾਰਟ ਨੂੰ ਉਚੇਚੇ ਤੌਰ ’ਤੇ ਵਧਾਈ ਦਿੱਤੀ।

ਭਾਈ ਮਹਾਰਾਜ ਸਿੰਘ ਅਤੇ ਉਸ ਦੇ ਸਾਥੀਆਂ ਨੂੰ ਗ੍ਰਿਫ਼ਤਾਰ ਕਰਕੇ ਜਲੰਧਰ ਭੇਜ ਦਿੱਤਾ ਗਿਆ। ਇਹ ਖ਼ਬਰ ਸਾਰੇ ਪਾਸੇ ਜੰਗਲ ਦੀ ਅੱਗ ਵਾਂਗ ਫੈਲ ਗਈ। ਭਾਈ ਮਹਾਰਾਜ ਸਿੰਘ ਹਰਮਨ ਪਿਆਰੀ ਸ਼ਖ਼ਸੀਅਤ ਸਨ। ਮਿਸਟਰ ਪੀ. ਮਲਵਿਲ ਦੀ ਲਿਖਤ ਅਨੁਸਾਰ, “ਪੰਜਾਬ ਦੇ ਵਸਨੀਕਾਂ ਦੀ ਹਰੇਕ ਸ਼੍ਰੇਣੀ ਵਿਚ ਭਾਈ ਸਾਹਿਬ ਨੂੰ ਸ਼ਰਧਾ ਅਤੇ ਸਤਿਕਾਰ ਦੀ ਨਜ਼ਰ ਨਾਲ ਦੇਖਿਆ ਜਾਂਦਾ ਸੀ। ਇੱਥੋਂ ਤੱਕ ਕਿ ਮੁਸਲਮਾਨਾਂ ਦਾ ਵੀ ਇਕ ਵੱਡਾ ਭਾਗ ਇਹ ਸਮਝਦਾ ਸੀ ਕਿ ਉਹ ਕਰਾਮਾਤੀ ਸ਼ਕਤੀਆਂ ਦਾ ਮਾਲਕ ਹੈ ਅਤੇ ਇਸ ਲਈ ਬਹੁਤ ਅਦਬ ਸਨਮਾਨ ਦਾ ਪਾਤਰ ਹੈ। ਉਸ ਦੀ ਗ੍ਰਿਫ਼ਤਾਰੀ ਦਾ ਆਮ ਕਰਕੇ ਦੇਸੀ ਲੋਕਾਂ ਨੇ ਬਹੁਤ ਬੁਰਾ ਮਨਾਇਆ।” ਜਲੰਧਰ ਵਿਖੇ ਭਾਈ ਮਹਾਰਾਜ ਸਿੰਘ ਨੂੰ ਗ੍ਰਿਫ਼ਤਾਰ ਕਰਕੇ ਰੱਖਣਾ ਖ਼ਤਰੇ ਤੋਂ ਖ਼ਾਲੀ ਨਹੀਂ ਸੀ। ਇਸ ਕਰਕੇ ਜਲਦੀ ਹੀ ਜਲੰਧਰ ਤੋਂ ਬ੍ਰਿਗੇਡੀਅਰ ਵੀਲ੍ਹਰ ਭਾਈ ਮਹਾਰਾਜ ਸਿੰਘ, ਉਹਨਾਂ ਦੇ ਨਿੱਜੀ ਸੇਵਕ ਖੜਕ ਸਿੰਘ ਅਤੇ ਹੋਰਨਾਂ ਰਾਜਸੀ ਕੈਦੀਆਂ ਨੂੰ ਲੁਧਿਆਣੇ ਛੱਡ ਆਇਆ। 22 ਮਾਰਚ, 1850 ਨੂੰ ਸਰਕਾਰ ਨੇ ਐਲਾਨ ਕਰ ਦਿੱਤਾ ਕਿ ਭਾਈ ਮਹਾਰਾਜ ਸਿੰਘ ਅਤੇ ਉਹਨਾਂ ਦੇ ਨਿੱਜੀ ਸੇਵਕ ਖੜਕ ਸਿੰਘ ਨੂੰ ਜਲਾਵਤਨ ਕਰਕੇ ਸਿੰਘਾਪੁਰ ਭੇਜਿਆ ਜਾਵੇਗਾ। 19 ਅਪ੍ਰੈਲ, 1850 ਨੂੰ ਕਲਕੱਤੇ ਪਹੁੰਚਣ 'ਤੇ ਭਾਈ ਮਹਾਰਾਜ ਸਿੰਘ ਨੂੰ ਕਰਨਲ ਵਾਰਨ ਦੀ ਖ਼ਾਸ ਨਿਗਰਾਨੀ ਹੇਠ ਕਿਲ੍ਹੇ ਵਿਚ ਨਜ਼ਰਬੰਦ ਕਰ ਦਿੱਤਾ ਗਿਆ। 14 ਮਈ, 1850 ਤੱਕ ਉਹ ਕਲਕੱਤੇ ਦੇ ਕਿਲ੍ਹੇ ਵਿਚ ਨਜ਼ਰਬੰਦ ਰਹੇ। 15 ਮਈ, 1850 ਨੂੰ ਭਾਈ ਮਹਾਰਾਜ ਸਿੰਘ ਅਤੇ ਉਹਨਾਂ ਦੇ ਨਿੱਜੀ ਸੇਵਾਦਾਰ ਖੜਕ ਸਿੰਘ ਨੂੰ ‘ਮੁਹੰਮਦ ਸ਼ਾਹ’ ਨਾਮੀ ਜਹਾਜ਼ 'ਤੇ ਚੜ੍ਹਾ ਕੇ ਸਿੰਘਾਪੁਰ ਲਈ ਰਵਾਨਾ ਕਰ ਦਿੱਤਾ ਗਿਆ।

14 ਜੂਨ, 1850 ਨੂੰ ਉਹ ਆਪਣੇ ਸਾਥੀ ਖੜਕ ਸਿੰਘ ਸਮੇਤ ਸਿੰਘਾਪੁਰ ਦੀ ਜੇਲ੍ਹ ਵਿਚ ਪੁੱਜ ਗਏ ਅਤੇ ਕੋਠੜੀ ਵਿਚ ਨਜ਼ਰਬੰਦ ਕਰ ਦਿੱਤੇ ਗਏ। ਕੋਠੜੀ ਦੀਆਂ ਬਾਰੀਆਂ ਵੀ ਬੰਦ ਕਰ ਦਿੱਤੀਆਂ ਗਈਆਂ ਜਿਸ ਕਰਕੇ ਕੋਠੜੀ ਹਨੇਰੀ ਅਤੇ ਸਾਹ ਘੁਟਵੀਂ ਬਣ ਗਈ। ਭਾਈ ਮਹਾਰਾਜ ਸਿੰਘ ਦੀ ਅੱਖਾਂ ਦੀ ਜੋਤ ਮੱਧਮ ਹੁੰਦੀ ਗਈ ਅਤੇ ਤਿੰਨ ਸਾਲ ਬਾਅਦ ਦਿੱਸਣਾ ਬਿਲਕੁਲ ਹੀ ਬੰਦ ਹੋ ਗਿਆ। 1853 ਵਿਚ ਸਿਵਲ ਸਰਜਨ ਨੇ ਸਿਫ਼ਾਰਸ਼ ਕੀਤੀ ਕਿ ਬਾਬਾ ਜੀ ਨੂੰ ਕਦੇ-ਕਦੇ ਖੁੱਲ੍ਹੀ ਹਵਾ ਵਿਚ ਘੁੰਮਣ-ਫਿਰਨ ਦੀ ਆਗਿਆ ਦਿੱਤੀ ਜਾਵੇ ਪਰ ਪੱਥਰ ਦਿਲ ਸਰਕਾਰ ਨੇ ਇਹ ਸਲਾਹ ਵੀ ਨਾ ਮੰਨੀ। ਭਾਈ ਮਹਾਰਾਜ ਸਿੰਘ ਦੀ ਸਿਹਤ ਆਏ ਦਿਨ ਵਿਗੜਦੀ ਗਈ। ਉਹਨਾਂ ਨੂੰ ਗਠੀਆ ਹੋ ਗਿਆ। ਉਹਨਾਂ ਦੀ ਧੌਣ ਅਤੇ ਜੀਭ ਸੁੱਜ ਗਈ। ਅੰਤ ਉਹ 5 ਜੁਲਾਈ, 1856 ਈ: ਨੂੰ ਸਿੰਘਾਪੁਰ ਵਿਚ ਹੀ ਆਪਣੀ ਜੀਵਨ ਯਾਤਰਾ ਸਮਾਪਤ ਕਰ ਗਏ। ਬਾਬਾ ਜੀ ਦੇ ਅਕਾਲ ਚਲਾਣੇ ਸਮੇਂ ਉਹਨਾਂ ਦੇ ਨਿੱਜੀ ਸੇਵਕ ਖੜਕ ਸਿੰਘ ਹੀ ਉਹਨਾਂ ਦੇ ਕੋਲ ਸਨ। ਭਾਈ ਮਹਾਰਾਜ ਸਿੰਘ ਜੀ ਦੀ ਸ਼ਹਾਦਤ ਪਹਿਲੇ ਸੁਤੰਤਰਤਾ ਸੰਗਰਾਮ ਜੋ 1857 ਵਿਚ ਹੋਇਆ, ਤੋਂ ਵੀ ਇਕ ਸਾਲ ਪਹਿਲਾਂ ਹੋਈ। ਇਸ ਕਰਕੇ ਅਸੀਂ ਕਹਿ ਸਕਦੇ ਹਾਂ ਕਿ ਭਾਈ ਮਹਾਰਾਜ ਸਿੰਘ ਸੁਤੰਤਰਤਾ ਸੰਗਰਾਮ ਦੇ ਮੋਹਰੀ ਸੰਗਰਾਮੀਏ ਸਨ। ਉਹ ਸੁਤੰਤਰਤਾ ਸੰਗਰਾਮ ਦੌਰਾਨ ਸ਼ਹੀਦ ਹੋਣ ਵਾਲੇ ਪਹਿਲੇ ਪੰਜਾਬੀ ਅਤੇ ਸਿੱਖ ਸਨ। ਉਹ ਦੇਸ਼ ਦੀ ਆਜ਼ਾਦੀ ਲਈ ਆਪਣਾ ਮਹਾਨ ਬਲੀਦਾਨ ਦੇ ਕੇ ਆਪਣੇ ਨਾਂ ਨੂੰ ਸਦਾ ਲਈ ਅਮਰ ਕਰ ਗਏ।

ਸਿਵਲ ਹਸਪਤਾਲ, ਜ਼ੀਰਾ,
ਜ਼ਿਲ੍ਹਾ-ਫ਼ਿਰੋਜ਼ਪੁਰ (ਪੰਜਾਬ)-142047
94174-55968

# ਆਪਣਾ-ਆਪਣਾ ਵਿਵਹਾਰ

ਡਾ. ਸੰਦੀਪ ਸਿੰਘ ਮੁੰਡੇ



ਇਕ ਰਿਟਾਇਰ ਅਫ਼ਸਰ ਜਗਤਾਰ ਸਿੰਘ ਨੇ ਆਪਣੇ ਪੁੱਤਰ ਦੀ ਉਮਰ ਦੇ ਮੁੰਡੇ ਹਰਦੀਪ ਨਾਲ ਮਿਲ ਕੇ ਡੇਅਰੀ ਦਾ ਕਾਰੋਬਾਰ ਖੋਲ੍ਹ ਲਿਆ। ਹਰਦੀਪ ਨੇ ਡੇਅਰੀ ਚਲਾਉਣ ਦੀ ਟਰੇਨਿੰਗ ਲਈ ਹੋਈ ਸੀ। ਉਹ ਬਹੁਤ ਮਿਲਣਸਾਰ ਅਤੇ ਮਿਹਨਤੀ ਸੀ, ਇਸ ਕਰਕੇ ਥੋੜ੍ਹੇ ਸਮੇਂ ਵਿਚ ਹੀ ਉਨ੍ਹਾਂ ਦਾ ਕਾਰੋਬਾਰ ਸਿਖ਼ਰਾਂ 'ਤੇ ਪਹੁੰਚ ਗਿਆ। ਹਰਦੀਪ ਦੇ ਮਿਲਾਪੜੇ ਅਤੇ ਨਿੱਘੇ ਸੁਭਾਅ ਦਾ ਹੋਣ ਕਰਕੇ ਹਰ ਕੋਈ ਉਹਦੀ ਬੜੀ ਸਲਾਹੁਣਾ ਕਰਦਾ ਸੀ। ਉਹ ਆਪਣੇ ਕਾਮਿਆਂ ਨੂੰ ਭਰਾਵਾਂ ਵਰਗਾ ਪਿਆਰ ਅਤੇ ਸਤਿਕਾਰ ਦਿੰਦਾ ਸੀ। ਉਸ ਦੇ ਕਾਮੇ ਵੀ ਪੂਰੀ ਮਿਹਨਤ ਅਤੇ ਲਗਨ ਨਾਲ ਕੰਮ ਕਰਦੇ। ਕਿਸੇ ਨੂੰ ਹਰਦੀਪ ਨਾਲ ਕਦੇ ਕੋਈ ਸ਼ਿਕਾਇਤ ਨਾ ਹੋਈ। ਜਗਤਾਰ ਸਿੰਘ ਦੀ ਉਮਰ 65 ਸਾਲ ਦੀ ਹੋਣ ਕਰਕੇ ਉਹ ਬਹੁਤ ਘੱਟ ਡੇਅਰੀ 'ਤੇ ਆਉਂਦਾ। ਪਰ ਜਦੋਂ ਵੀ ਆਉਂਦਾ ਹਰ ਕਿਸੇ ਕਾਮੇ ਦੇ ਕੰਮ ਵਿਚ ਨਿਗੋਚਾਂ ਕੱਢਦਾ ਰਹਿੰਦਾ। ਉਹ ਆਪਣੇ ਕੋਲੋਂ ਨਵੀਆਂ ਸਲਾਹਾਂ ਦਿੰਦਾ ਰਹਿੰਦਾ, ਜੋ ਕਾਮਾ ਉਸਦੀ ਝੂਠੀ ਖ਼ੁਸ਼ਾਮਦ ਕਰਦਾ, ਉਸ 'ਤੇ ਬੜਾ ਖ਼ੁਸ਼ ਹੁੰਦਾ ਤੇ ਉਸ ਦੀ ਸਾਰਿਆਂ ਸਾਹਮਣੇ ਵਡਿਆਈ ਕਰਦਾ। ਹਰਦੀਪ ਵੀ ਜਗਤਾਰ ਸਿੰਘ ਨੂੰ ਪਿਓ ਵਰਗਾ ਪਿਆਰ ਅਤੇ ਸਤਿਕਾਰ ਦਿੰਦਾ, ਪਰ ਜਗਤਾਰ ਸਿੰਘ ਕੋਈ ਚੁੱਭਵੀਂ ਗੱਲ ਕਰਨੀ ਨਾ ਭੁੱਲਦਾ। ਕਈ ਵਾਰ ਤਾਂ ਹਰਦੀਪ ਹੱਸ ਕੇ ਗੱਲ ਟਾਲ ਦਿੰਦਾ ਤੇ ਕਦੇ ਕੱਲਾ ਬੈਠ ਕੇ ਆਪਣੇ ਨਾਲ ਹੀ ਉਲਝਦਾ ਰਹਿੰਦਾ। ਪਰ ਇਸ ਦਾ ਪ੍ਰਭਾਵ ਉਹ ਕੰਮ 'ਤੇ ਨਾ ਪੈਣ ਦਿੰਦਾ।

ਰਿਟਾਇਰ ਅਫ਼ਸਰ ਆਦਮੀ ਦੀ ਆਪਣੀ ਹੀ ਇਕ ਮਜਬੂਰੀ ਹੁੰਦੀ ਹੈ ਕਿਉਂਕਿ ਉਹ ਦਫ਼ਤਰ ਵਿਚ ਆਪਣੇ ਹੇਠਲਿਆਂ ਕਰਮਚਾਰੀਆਂ 'ਤੇ ਰੋਹਬ ਮਾਰਨ ਗਿੱਝਿਆ ਹੋਇਆ ਹੁੰਦਾ ਹੈ। ਦਫ਼ਤਰ ਵਿਚ ਉਸਦੀ ਸਾਰੇ ਖ਼ੁਸ਼ਾਮਦ ਕਰਦੇ ਹਨ, ਜਿਸ ਨਾਲ ਉਹ ਖ਼ੁਸ਼ ਰਹਿੰਦਾ ਹੈ ਪਰ ਰਿਟਾਇਰਮੈਂਟ ਤੋਂ ਬਾਅਦ ਉਹ ਇਕ ਆਮ ਆਦਮੀ ਵਰਗਾ ਹੀ ਰਹਿ ਜਾਂਦਾ ਹੈ, ਉਸ ਦੀਆਂ ਹੁਕਮ ਚਲਾਉਣ ਦੀਆਂ ਸਾਰੀਆਂ ਤਾਕਤਾਂ ਖ਼ਤਮ ਹੋ ਜਾਂਦੀਆਂ ਹਨ। ਕੁਝ ਸਿਆਣੇ ਅਫ਼ਸਰ ਤਾਂ ਆਪਣੇ ਆਪ ਨੂੰ ਨਵੇਂ ਮਾਹੌਲ ਅਨੁਸਾਰ ਢਾਲ ਲੈਂਦੇ ਹਨ, ਪਰ ਕੁਝ ਆਪਣੇ ਆਪ ਨੂੰ ਨਹੀਂ ਬਦਲਦੇ। ਜੋ ਰਿਟਾਇਰ ਅਫ਼ਸਰ ਨਵੇਂ ਮਾਹੌਲ ਵਿਚ ਨਹੀਂ ਢਲਦਾ, ਫਿਰ ਉਹ ਆਪਣੇ ਬੱਚਿਆਂ 'ਤੇ ਦਫ਼ਤਰ ਵਾਲਾ ਹੁਕਮ ਚਲਾਉਣ ਦੀ ਕੋਸ਼ਿਸ਼ ਕਰਦਾ ਹੈ, ਪਰ ਘਰ ਵਿਚ ਉਸਦੀ ਕੋਈ ਨਹੀਂ ਸੁਣਦਾ। ਫਿਰ ਸਾਰੇ ਮੈਂਬਰ ਉਸ ਨੂੰ ਇਗਨੌਰ ਕਰਨਾ ਸ਼ੁਰੂ ਕਰ ਦਿੰਦੇ ਹਨ। ਕੁਲ ਮਿਲਾ ਕੇ ਉਸਦੀ ਹਾਲਤ ਉਸ ਬੁੱਢੇ ਸ਼ੇਰ ਵਰਗੀ ਹੋ ਜਾਂਦੀ ਹੈ ਜਿਸ ਵਿਚ ਨਾ ਤਾਂ ਤਾਕਤ ਹੁੰਦੀ ਹੈ ਅਤੇ ਨਾ ਕੋਈ ਉਸ ਤੋਂ ਡਰਦਾ ਹੈ। ਜੋ ਅਫ਼ਸਰ ਆਪਣੀ ਨੌਕਰੀ ਸਮੇਂ ਭ੍ਰਿਸ਼ਟਾਚਾਰ ਕਰਦੇ ਹਨ ਅਤੇ ਹਰ ਕੰਮ ਦੀ ਮਨਜ਼ੂਰੀ ਸਮੇਂ ਕਮਿਸ਼ਨ ਲੈਂਦੇ ਹਨ। ਉਨ੍ਹਾਂ ਅਫ਼ਸਰਾਂ ਨੂੰ ਤਾਂ ਰਿਟਾਇਰਮੈਂਟ ਤੋਂ ਬਾਅਦ ਵੀ ਹਰ ਕੋਈ ਆਪਣੇ ਵਰਗਾ ਰਿਸ਼ਵਤਖ਼ੋਰ ਹੀ ਨਜ਼ਰ ਆਉਂਦਾ ਹੈ। ਇਸ ਲਈ ਉਹ ਹਰ ਕੰਮ ਨੂੰ ਸ਼ੱਕ ਦੀ ਨਜ਼ਰ ਨਾਲ ਹੀ ਵੇਖਦੇ ਹਨ। ਜਗਤਾਰ ਸਿੰਘ ਦਾ ਵੀ ਇਹੀ ਹਾਲ ਸੀ ਕਿ ਨਾ ਤਾਂ ਉਸਦੀ ਘਰ ਵਿਚ ਕੋਈ ਸੁਣਦਾ ਸੀ ਤੇ ਨਾ ਹੀ ਉਹ ਕਿਸੇ ਨੂੰ ਇਮਾਨਦਾਰ ਸਮਝਦਾ ਸੀ। ਹਾਲਾਂਕਿ ਜਗਤਾਰ ਸਿੰਘ ਨੇ ਹਰਦੀਪ ਨੂੰ ਕਦੇ ਵੀ ਸਿੱਧੇ ਤੌਰ 'ਤੇ ਬੇਈਮਾਨ ਨਹੀਂ ਕਿਹਾ ਸੀ, ਪਰ ਉਹ ਅਸਿੱਧੇ ਤੌਰ 'ਤੇ ਗੱਲਾਂ ਜ਼ਰੂਰ ਅਜਿਹੀਆਂ ਕਰਦਾ ਰਹਿੰਦਾ ਸੀ। ਉਹ ਕਦੇ-ਕਦੇ ਕਾਮਿਆਂ ਨੂੰ ਅਲੱਗ-ਅਲੱਗ ਬੈਠਾ ਕੇ ਕੁਝ ਪੁੱਛਦਾ ਰਹਿੰਦਾ, ਪਰ ਕਦੇ ਕੁਝ ਕਮੀ ਨਾ ਮਿਲੀ। ਕਮੀ ਕਿੱਥੋਂ ਮਿਲਣੀ ਸੀ ਕਿਉਂਕਿ ਜਗਤਾਰ ਇਮਾਨਦਾਰ ਕਿਰਦਾਰ ਵਾਲਾ ਮਿਹਨਤੀ ਤੇ ਸਹੀ ਹਿਸਾਬ-ਕਿਤਾਬ

ਰੱਖਣ ਵਾਲਾ ਵਿਅਕਤੀ ਸੀ। ਉਹ ਹਰ ਤਿੰਨ ਮਹੀਨੇ ਬਾਅਦ ਹਿਸਾਬ-ਕਿਤਾਬ ਕਰਕੇ ਬੱਚੇ ਮੁਨਾਫ਼ੇ ਵਿਚੋਂ ਅੱਧ ਜਗਤਾਰ ਸਿੰਘ ਨੂੰ ਦੇ ਦਿੰਦਾ ਸੀ।

ਇਕ ਵਾਰ ਹਰਦੀਪ ਨੂੰ ਕਾਰੋਬਾਰ ਨੂੰ ਵਧਾਉਣ ਲਈ ਤਿੰਨ ਮਹੀਨਿਆਂ ਦੀ ਨਵੀਂ ਟਰੇਨਿੰਗ ਲੈਣ ਲਈ ਬਾਹਰਲੇ ਮੁਲਕ ਵਿਚ ਜਾਣਾ ਪੈਂਦਾ ਹੈ। ਪਿੱਛੋਂ ਡੇਅਰੀ ਦਾ ਕਾਰੋਬਾਰ ਸੰਭਾਲਣ ਦੀ ਜ਼ੁੰਮੇਵਾਰੀ ਜਗਤਾਰ ਸਿੰਘ ਦੇ ਹੱਥ ਆ ਜਾਂਦੀ ਹੈ। ਜਗਤਾਰ ਸਿੰਘ ਬੜਾ ਖ਼ੁਸ਼ ਸੀ ਕਿ ਹੁਣ ਸਾਰਾ ਕਾਰੋਬਾਰ ਉਸਦੇ ਹੱਥਾਂ ਵਿਚ ਹੈ ਤੇ ਉਹ ਆਪਣੀ ਮਰਜ਼ੀ ਮੁਤਾਬਿਕ ਕੰਮ ਕਰੇਗਾ। ਜਗਤਾਰ ਸਿੰਘ ਦੇ ਕਾਰੋਬਾਰ ਸੰਭਾਲਦਿਆਂ ਹੀ ਉਸਦੀ ਸਰਕਾਰੀ ਅਫ਼ਸਰੀ ਜਾਗ ਪਈ। ਉਹ ਕਾਮਿਆਂ ’ਤੇ ਰੋਹਬ ਝਾੜਦਾ ਤੇ ਉਨ੍ਹਾਂ ਦੇ ਹਰ ਕੰਮ ਵਿੱਚੋਂ ਨੁਕਸ ਕੱਢਦਾ। ਉਹ ਕਿਸੇ ਕਾਮੇ ਦੇ ਦੇਰੀ ਨਾਲ ਆਉਣ ’ਤੇ ਉਸਦੀ ਗੱਲ ਨਾ ਸੁਣ ਕੇ ਉਸਨੂੰ ਗਾਲ੍ਹਾਂ ਕੱਢਦਾ ਅਤੇ ਨੌਕਰੀ ਤੋਂ ਕੱਢਣ ਦੀਆਂ ਧਮਕੀਆਂ ਦਿੰਦਾ। ਉਸਦਾ ਆਪਣੇ ਦੁੱਧ ਪਾਉਣ ਵਾਲੇ ਅਤੇ ਦੁੱਧ ਲਿਜਾਣ ਵਾਲੇ ਗਾਹਕਾਂ ਪ੍ਰਤੀ ਵਿਵਹਾਰ ਵੀ ਠੀਕ ਨਹੀਂ ਸੀ, ਕਿਉਂਕਿ ਨਾ ਤਾਂ ਉਹ ਕਿਸੇ ਨਾਲ ਮਿੱਠਾ ਬੋਲਦਾ ਸੀ ਤੇ ਨਾ ਹੀ ਗਾਹਕ ਦੀ ਸ਼ਿਕਾਇਤ ਸੁਣਦਾ ਸੀ। ਇਕ ਦਿਨ ਡੇਅਰੀ ਦੀ ਚੈਕਿੰਗ ਲਈ ਰਸਦ ਵਿਭਾਗ ਦੇ ਅਧਿਕਾਰੀ ਆ ਗਏ ਤਾਂ ਜਗਤਾਰ ਸਿੰਘ ਨੂੰ ਹੱਥਾਂ-ਪੈਰਾਂ ਦੀ ਪੈ ਗਈ ਕਿਉਂਕਿ ਉਸਨੇ ਕਦੇ ਸੋਚਿਆ ਵੀ ਨਹੀਂ ਸੀ ਕਿ ਵਿਭਾਗ ਦੇ ਅਧਿਕਾਰੀ ਚੈਕਿੰਗ ਲਈ ਆ ਸਕਦੇ ਹਨ। ਹਾਲਾਂਕਿ ਸਭ ਕੁਝ ਠੀਕ ਸੀ ਅਤੇ ਅਧਿਕਾਰੀਆਂ ਨੂੰ ਕੋਈ ਵੱਡੀ ਕਮੀ ਵੀ ਨਜ਼ਰ ਨਹੀਂ ਆਈ, ਪਰ ਫਿਰ ਵੀ ਉਹ ਕੁਝ ਹਿਦਾਇਤਾਂ ਦੇ ਕੇ ਚਲੇ ਗਏ। ਉਨ੍ਹਾਂ ਦੇ ਜਾਣ ਤੋਂ ਬਾਅਦ ਜਗਤਾਰ ਸਿੰਘ ਨੇ ਆਪਣੇ ਕਾਮਿਆਂ ਦੀ ਪੂਰੀ ਕਲਾਸ ਲਾਈ।

ਜਗਤਾਰ ਸਿੰਘ ਦੇ ਅੜਬ ਸੁਭਾਅ ਦਾ ਸਿੱਟਾ ਇਹ ਹੋਇਆ ਕਿ ਡੇਅਰੀ ਕਾਰੋਬਾਰ ਦਾ ਕੰਮ ਹੌਲੀ-ਹੌਲੀ ਘਟਣ ਲੱਗਿਆ। ਜਗਤਾਰ ਸਿੰਘ ਦੇ ਮਾੜੇ ਵਰਤਾਵੇ ਕਾਰਨ ਚੰਗੇ ਮਿਹਨਤੀ ਕਾਮੇ ਨੌਕਰੀ ਤੋਂ ਹਟ ਗਏ ਅਤੇ ਜੋ ਨਵੇਂ ਕਾਮੇ ਰੱਖੇ ਉਹ ਬੇਈਮਾਨ ਤੇ ਘੱਟ ਮਿਹਨਤੀ ਸਨ। ਕਾਰੋਬਾਰ ਘਟਦਾ ਦੇਖ ਕੇ ਜਗਤਾਰ ਸਿੰਘ ਨੂੰ ਚਿੰਤਾ ਹੋਣ ਲੱਗੀ, ਪਰ ਹੁਣ ਉਹ ਕਰ ਵੀ ਕੀ ਸਕਦਾ ਸੀ। ਤਿੰਨ ਮਹੀਨਿਆਂ ਦੀ ਟਰੇਨਿੰਗ ਲੈਣ ਤੋਂ ਬਾਅਦ ਜਦੋਂ ਹਰਦੀਪ ਵਾਪਸ ਆਇਆ ਤਾਂ ਡੇਅਰੀ ਦਾ ਕਾਰੋਬਾਰ ਕੇਵਲ ਦਸ ਫ਼ੀਸਦੀ ਹੀ ਬਚਿਆ ਸੀ। ਹੁਣ ਤੱਕ ਜਗਤਾਰ ਸਿੰਘ ਨੂੰ ਆਪਣੀਆਂ ਕਮੀਆਂ ਅਤੇ ਹਰਦੀਪ ਦੀਆਂ ਖ਼ੂਬੀਆਂ ਦੀ ਸਮਝ ਆ ਚੁੱਕੀ ਸੀ। ਕਾਰੋਬਾਰ ਘਟਦਾ ਦੇਖ ਕੇ ਜਗਤਾਰ ਸਿੰਘ ਬੜੀ ਨਮੋਸ਼ੀ ਵਿਚ ਸੀ, ਪਰ ਹਰਦੀਪ ਨੇ ਘਟੇ ਕਾਰੋਬਾਰ ਦਾ ਕੋਈ ਗਿਲਾ ਨਹੀਂ ਕੀਤਾ, ਸਗੋਂ ਜਗਤਾਰ ਸਿੰਘ ਨੂੰ ਕਿਹਾ ਕਿ ਇਹ ਤਾਂ ਵਪਾਰ ਹੈ, ਜਿਸ ਵਿਚ ਉਤਰਾਅ-ਚੜ੍ਹਾਅ ਅਤੇ ਤੇਜ਼ੀ-ਮੰਦੀ ਆਉਂਦੀ ਰਹਿੰਦੀ ਹੈ, ਦੁਬਾਰਾ ਮਿਹਨਤ ਕਰਾਂਗੇ ਤਾਂ ਕਾਰੋਬਾਰ ਵਧ ਜਾਏਗਾ। ਹੁਣ ਜਗਤਾਰ ਸਿੰਘ ਨੂੰ ਹਰਦੀਪ ਉਸ ਚਿੜੀ-ਕਾਂ ਦੀ ਕਹਾਣੀ ਵਿਚਲੀ ਮਿਹਨਤੀ ਚਿੜੀ ਵਾਂਗ ਨਜ਼ਰ ਆ ਰਿਹਾ ਸੀ ਜੋ ਇਕੱਲੀ ਮਿਹਨਤ ਨਾਲ ਬਾਜਰਾ ਪੈਦਾ ਕਰਦੀ ਹੈ ਤੇ ਅੱਧ ਵੰਡਾਉਣ ਵੇਲੇ ਕਾਂ ਆ ਜਾਂਦਾ ਹੈ।

ਪ੍ਰਿੰਸੀਪਲ,
ਗੁਰੂ ਹਰਿਗੋਬਿੰਦ ਸਾਹਿਬ ਪੀ.ਜੀ. ਕਾਲਜ
ਸੀ.ਸੀ. ਹੈੱਡ, ਸ੍ਰੀ ਗੰਗਾਨਗਰ (ਰਾਜਸਥਾਨ)
94136-52646

**ਜਿਸ ਆਦਮੀ ਨੇ ਕਦੇ
ਕੋਈ ਗਲਤੀ ਨਹੀਂ ਕੀਤੀ ,
ਉਸਨੇ ਜ਼ਿੰਦਗੀ ਚ ਕਦੇ ਕੁਝ ਨਵਾਂ
ਕਰਨ ਦੀ ਕੋਸ਼ਿਸ਼ ਨਹੀਂ ਕੀਤੀ।**

ਅਲਬਰਟ ਆਈਨਸਟਾਈਨ

## ਪਿਆਸਾ ਕਾਂ

ਦਵਿੰਦਰ ਸਿੰਘ ਗਿੱਲ



ਕਾਂ ਦਾ ਪਿਆਸ ਨਾਲ ਬੁਰਾ ਹਾਲ ਸੀ। ਉਹ ਪਾਣੀ ਵਾਲੇ ਘੜੇ ਕੋਲ ਬੈਠਾ ਸੀ। ਘੜੇ ਵਿੱਚ ਪਾਣੀ ਵੀ ਸੀ, ਕੋਲ ਗੀਟੇ ਵੀ ਪਏ ਸਨ ਪਰ ਕਾਂ ਜੱਕੋ-ਤੱਕੀ ਵਿੱਚ ਬੈਠਾ ਸੀ। ਉਹਦੀ ਹਾਲਤ ਵੇਖ ਕੇ ਕੋਲੋਂ ਲੰਘਦੇ ਬਜ਼ੁਰਗ ਕਾਂ ਨੇ ਇਸ਼ਾਰਾ ਕੀਤਾ ਕਿ ਆਪਣਾ ਖ਼ਾਨਦਾਨੀ ਤਰੀਕਾ ਵਰਤ ਕੇ ਪਾਣੀ ਪੀ ਲੈ। ਪਿਆਸਾ ਕਾਂ ਬੋਲਿਆ, "ਆਏਂ ਕਿਵੇਂ ਪੀ ਲਵਾਂ? ਲਿਖਤੀ ਲੈਟਰ ਜਾਰੀ ਕਰ। ਫ਼ਾਰਮੂਲਾ ਲਿਖ ਕੇ ਦੇ।"

ਬਜ਼ੁਰਗ ਕਾਂ ਨੇ ਤਰਸ ਜਿਹਾ ਖਾ ਕੇ ਉੱਥੋਂ ਹੀ ਇੱਕ ਪੁਰਾਣਾ ਕਾਗ਼ਜ਼ ਦਾ ਟੁਕੜਾ ਚੁੱਕਿਆ ਅਤੇ ਪਾਣੀ-ਪੀਣ ਲਈ ਲੈਟਰ ਜਾਰੀ ਕਰ ਦਿੱਤਾ।

"ਥੱਲੇ ਤੇਰੇ ਸਾਈਨ ਤਾਂ ਹੈ ਹੀ ਨਹੀਂ"

ਜਵਾਨ ਪਿਆਸਾ ਕਾਂ ਬੋਲਿਆ।

ਬਜ਼ੁਰਗ ਕਾਂ ਨੇ ਸਾਈਨ ਵੀ ਕਰ ਦਿੱਤੇ। "ਤਰੀਕ ਕਿੱਥੇ ਐ ?"

ਪਿਆਸੇ ਕਾਂ ਦੀ ਜੀਭ ਬਾਹਰ ਨਿਕਲੀ ਪਈ ਸੀ।

ਬਜ਼ੁਰਗ ਕਾਂ ਨੇ ਤਰੀਕ ਵੀ ਪਾ ਦਿੱਤੀ।

"ਇਹਦੇ 'ਚ ਸਪਸ਼ਟ ਕਰੋ ਕਿ ਇਸ ਤਰ੍ਹਾਂ ਸਿਰਫ਼ ਮੈਂ ਹੀ ਪਾਣੀ ਪੀ ਸਕਦਾ ਹਾਂ ਜਾਂ ਬਾਕੀ ਜਾਨਵਰ ਵੀ ਪੀ ਸਕਦੇ ਹਨ?"

"ਯਾਰ ਤੂੰ ਪੀ ਲੈ, ਬਾਕੀ ਆਪੇ ਆਪਣੇ ਬਾਰੇ ਸੋਚ ਲੈਣਗੇ" ਬਜ਼ੁਰਗ ਦਾ ਸਬਰ ਜਵਾਬ ਦੇ ਰਿਹਾ ਸੀ।

"ਲੈ ਆਏਂ ਕਿਵੇਂ ਪੀ ਲਵਾਂ? ਤੇਰੇ ਪੱਤਰ ਵਿੱਚ ਗਲਤੀਆਂ ਹੀ ਬਹੁਤ ਨੇ। ਜੂਨੀਅਰ ਤੇ ਸੀਨੀਅਰ ਕਾਂਵਾਂ ਬਾਰੇ ਕੁਝ ਵੀ ਸਪਸ਼ਟ ਨਹੀਂ ਕੀਤਾ। ਨਾ ਹੀ..." ਪਿਆਸਾ ਕਾਂ ਰੁਕਣ ਦਾ ਨਾਮ ਹੀ ਨਹੀਂ ਸੀ ਲੈ ਰਿਹਾ ਕਿ ਬਜ਼ੁਰਗ ਕਾਂ ਨੇ ਵਿੱਚੋਂ ਹੀ ਟੋਕਿਆ,

"ਤੂੰ ਪਹਿਲਾਂ ਰੋਟੀ ਪਾਣੀ ਕਿੱਥੋਂ ਛਕਦਾ ਸੀ?"

"ਪਿੰਡ ਦੇ ਸਕੂਲ 'ਚੋਂ । ਮਾਸਟਰਾਂ ਨਾਲ ਬੁਰਕੀ ਸਾਂਝੀ ਹੈ ਮੇਰੀ ।" ਕਾਂ ਨੇ ਮਾਣ ਨਾਲ ਦੱਸਿਆ। ਉਂਝ ਉਹ ਪਿਆਸ ਨਾਲ ਮਰਨ ਵਾਲਾ ਹੋਇਆ ਪਿਆ ਸੀ।

"ਤਾਹੀਓਂ...." ਕਹਿੰਦਾ ਹੋਇਆ ਬਜ਼ੁਰਗ ਕਾਂ ਉਡਾਰੀ ਮਾਰ ਗਿਆ।

ਦੋਸਾਂਝ ਰੋਡ, ਮੋਗਾ (ਪੰਜਾਬ)
98550-73018

## ਦੇਸ਼ ਦੀ ਰਾਖੀ

ਪੰਕਜ ਸ਼ਰਮਾ



"ਮੰਮੀ, ਮੈਂ ਫੌਜ ਵਿੱਚ ਭਰਤੀ ਨਹੀਂ ਹੋਣਾ ਹੈ।" ਜਵਾਨ ਪੁੱਤਰ ਨੇ ਦੁਖੀ ਹੋ ਕੇ ਕਿਹਾ।

"ਇਹ ਤੂੰ ਕੀ ਕਹਿ ਰਿਹਾ ਏਂ?" ਵਿਧਵਾ ਮਾਂ ਘਬਰਾ ਗਈ।

"ਬਾਪੂ ਜੀ ਨੂੰ ਫੌਜ ਵਿੱਚ ਰਹਿ ਕੇ ਕੀ ਮਿਲਿਆ? ਆਪਣੀ ਜਾਨ ਵੀ ਗੁਆ ਦਿੱਤੀ ਲੜਦਿਆਂ ਲੜਦਿਆਂ, ਅਤੇ ਮਿਲਿਆ ਵੀ ਕੁਝ ਨਹੀਂ। ਕਿੰਨੇ ਵਰ੍ਹੇ ਹੋ ਗਏ ਤੈਨੂੰ ਬਾਪੂ ਜੀ ਦੀ ਸ਼ਹਾਦਤ 'ਤੇ ਸਰਕਾਰ ਵੱਲੋਂ ਪੈਸੇ ਅਤੇ ਜ਼ਮੀਨ ਲੈਣ ਲਈ ਲੜਦੇ ਹੋਏ? ਬਸ ਖ਼ਾਲੀ ਘੋਸ਼ਣਾਵਾਂ ਕਰ ਦਿੰਦੇ ਨੇ ਆਪਣਾ ਨਾਮ ਚਮਕਾਉਣ ਲਈ...", ਪੁੱਤਰ ਨੇ ਗੁੱਸਾ ਜ਼ਾਹਰ ਕੀਤਾ।

"ਨਾ ਬੇਟਾ ਨਾ, ਤੈਨੂੰ ਫੌਜ ਵਿੱਚ ਤਾਂ ਜਾਣਾ ਹੀ ਪਵੇਗਾ", ਮਾਂ ਨੇ ਫ਼ਿਰ ਜ਼ੋਰ ਪਾਇਆ।

"ਮੈਂ ਕੀ ਕਰਾਂਗਾ ਜਾ ਕੇ?" ਬੇਟਾ ਅਨਮਨਾ-ਜਿਹਾ ਹੋ ਕੇ ਬੁੜਬੁੜਾਇਆ।

"ਕੀ ਕਰਾਂਗਾ? ਤੈਨੂੰ ਤਾਂ ਫ਼ੌਜ ਵਿੱਚ ਰਹਿ ਕੇ ਦੋ-ਦੋ ਲੜਾਈਆਂ ਲੜਨੀਆਂ ਪੈਣਗੀਆਂ- ਇੱਕ ਸਰਹੱਦ ਪਾਰੋਂ ਆਏ ਦੁਸ਼ਮਣਾਂ ਨਾਲ, ਤੇ ਦੂਜੀ ਦੇਸ਼ ਵਿੱਚ ਰਹਿੰਦੇ ਕੁਝ ਸੁਆਰਥੀ ਆਪਣੀਆਂ ਨਾਲ", ਮਾਂ ਨੇ ਕਿਹਾ।

ਪੁੱਤਰ ਨੇ ਮਾਂ ਦੇ ਚਿਹਰੇ ਵੱਲ ਦੇਖਿਆ, ਉਥੇ ਅਜੀਬ ਜਿਹੀ ਚਮਕ ਸੀ।

ਮਾਂ ਨੇ ਅੱਗੇ ਕਿਹਾ, "ਤੈਨੂੰ ਫੌਜ ਵਿੱਚ ਭਰਤੀ ਹੋਣਾ ਹੀ ਪਵੇਗਾ, ਨਹੀਂ ਤਾਂ ਇੱਕ ਦਿਨ ਅਜਿਹਾ ਆਵੇਗਾ ਕਿ ਕੋਈ ਵੀ ਮਾਂ ਆਪਣੇ ਪੁੱਤਰ ਨੂੰ ਫੌਜ ਵਿੱਚ ਭਰਤੀ ਨਹੀਂ ਹੋਣ ਦੇਵੇਗੀ, ਅਤੇ ਨਾ ਹੀ ਕੋਈ ਨੌਜਵਾਨ ਜਾਣਾ ਹੀ ਚਾਹੇਗਾ ਤੇਰੇ ਵਾਂਗ। ਮੈਂ ਇਹ ਸੋਚ ਕੇ ਡਰਦੀ ਹਾਂ ਕਿ ਉਸ ਦਿਨ ਦੇਸ਼ ਦੀ ਰਾਖੀ ਕੌਣ ਕਰੇਗਾ? ਉਸ ਦੇਸ਼ ਦਾ ਕੀ ਬਣੇਗਾ ਜਿਸ ਲਈ ਤੇਰੇ ਪਿਤਾ ਵਰਗੇ ਹਜ਼ਾਰਾਂ-ਲੱਖਾਂ ਲੋਕਾਂ ਨੇ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ ਹਨ...", ਬੋਲਦਿਆਂ ਬੋਲਦਿਆਂ ਮਾਂ ਦਾ ਚਿਹਰਾ ਇਕ ਅਲੌਕਿਕ ਆਭਾ ਨਾਲ ਭਰ ਗਿਆ।

ਜਵਾਨ ਪੁੱਤਰ ਦੇ ਚਿਹਰੇ 'ਤੇ ਵੀ ਹੁਣ ਅਜਿਹੀ ਹੀ ਚਮਕ ਸੀ।

ਸੈਨਿਕ ਵਿਹਾਰ, ਜੰਡਲੀ,
ਅੰਬਾਲਾ ਸ਼ਹਿਰ (ਹਰਿਆਣਾ)- 134005
94168-60445

# ਸੰਪਾਦਕ ਦੇ ਨਾਂ ਪੱਤਰ

ਸਤਿ ਸ੍ਰੀ ਅਕਾਲ ਜੀ,

ਬੀਤੀ 27 ਜੁਲਾਈ ਨੂੰ ਆਪ ਜੀ ਦੇ ਸੱਦੇ ’ਤੇ ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ’ਚ ਆਉਣ ਦਾ ਮੌਕਾ ਮਿਲਿਆ। ਸੱਚ ਦੱਸਾਂ! ਦੇਖਾ-ਦੇਖੀ ਹੋਰਾਂ ਵਾਂਗ ਮੇਰੇ ਕੋਲ ਵੀ ਅਕਾਦਮੀ ਪ੍ਰਤੀ ਕੋਈ ਚੰਗਾ ਨਜ਼ਰੀਆ ਨਹੀਂ ਸੀ। ਪਰ ਆਪ ਜੀ ਵੱਲੋਂ ਸਤਿਕਾਰ ਸਹਿਤ ਭੇਜੇ ਸੱਦੇ ਨੂੰ ਮੈਂ ਨਾਂਹ ਨਹੀਂ ਸੀ ਕਰ ਸਕਿਆ। ਭਾਵੇਂ ਪਰਦੇਸੀਆਂ ਕੋਲ ਆਪਣੇ ਦੇਸ਼ ਫੇਰੀ ਦੌਰਾਨ ਗਿਣਿਆ ਮਿਥਿਆ ਜਿਹਾ ਹੀ ਸਮਾਂ ਹੁੰਦਾ। ਸੋ ਕੋਸ਼ਿਸ਼ ਹੁੰਦੀ ਹੈ ਕਿ ਉਸ ਦੀ ਚੰਗੀ ਵਰਤੋਂ ਕਰ ਸਕੀਏ। ਉਸ ਦਿਨ ਆਪ ਜੀ ਅਤੇ ਆਪ ਜੀ ਦੀ ਟੀਮ ਨਾਲ ਗੁਜ਼ਰਿਆ ਸਮਾਂ ਵਰਤੋਂ ਨਹੀਂ ਸੁ ਵਰਤੋਂ ਸੀ, ਜੋ ਚਿਰਾਂ ਤੱਕ ਚੇਤੇ ਰਹੇਗਾ।

ਆਪ ਜੀ ਵੱਲੋਂ ਕੀਤੇ ਜਾ ਰਹੇ ਕਾਰਜ ਅੱਖਾਂ ਖੋਲ੍ਹਣ ਵਾਲੇ ਹਨ। ਜਿਨ੍ਹਾਂ ’ਚ ਲੋਹਗੜ੍ਹ ਬਾਰੇ ਖੋਜ ਕਾਰਜ, ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 400ਸਾਲਾ ਸਮੇਂ ’ਤੇ ਬਣਦੇ ਕਾਰਜ, ਨਵੇਂ ਪੁਰਾਣੇ ਲੇਖਕਾਂ ਨੂੰ ਬਿਨਾਂ ਵਿਤਕਰਾ ਮਦਦ ਅਤੇ ਪਿਛਲੇ ਸਮਿਆਂ ’ਚ ਕੀਤੇ ਦੋ ਸੌ ਤੋਂ ਵੱਧ ਸੈਮੀਨਾਰ ਜ਼ਿਕਰਯੋਗ ਹਨ।

ਅਸੀਂ ਵਿਦੇਸ਼ ਦੀ ਧਰਤੀ ’ਤੇ ਬੈਠੇ ਆਪਣੀ ਮਾਂ ਬੋਲੀ ਲਈ ਬਹੁਤ ਚਿੰਤਤ ਰਹਿੰਦੇ ਹਾਂ। ਅਕਸਰ ਸੁਣਨ ’ਚ ਮਿਲਦਾ ਹੈ ਕਿ ਮਾਂ ਬੋਲੀ ਵਿਦੇਸ਼ ਨਾਲੋਂ ਵੱਧ ਦੇਸ਼ ’ਚ ਖ਼ਤਰੇ ਵਿਚ ਹੈ। ਪਰ ਆਪ ਵੱਲੋਂ ਕੀਤੇ ਜਾ ਰਹੇ ਉਪਰਾਲਿਆਂ ਨੇ ਦਿਲ ਨੂੰ ਧਰਵਾਸਾ ਦਿੱਤਾ। ਮੈਨੂੰ ਉਹ ਜਵਾਬ ਵੀ ਮਿਲ ਗਿਆ ਜਿਸ ਦੀ ਤਲਾਸ਼ ਮੈਨੂੰ ਚਿਰਾਂ ਤੋਂ ਸੀ।

ਸਵਾਲ 2018 ’ਚ ਮੈਨੂੰ ਆਸਟ੍ਰੇਲੀਆ ’ਚ ਤੀਜੀ ਵਾਰ ਗਵਰਨਰ ਐਵਾਰਡ ਨਾਲ ਸਨਮਾਨਿਤ ਕਰਦੇ ਹੋਏ ਸਾਊਥ ਆਸਟ੍ਰੇਲੀਆ ਦੇ ਮਾਣਯੋਗ ਗਵਰਨਰ ‘ਵੇਨ ਹੀਊ ਲੀ’ ਜੀ ਨੇ ਕੀਤਾ ਸੀ। ਉਹਨਾਂ ਮੈਨੂੰ ਪੁੱਛਿਆ ਸੀ ਕਿ ਆਸਟ੍ਰੇਲੀਆ ’ਚ ਭਾਵੇਂ ਤੁਸੀਂ ਆਪਣੀ ਮਾਂ ਬੋਲੀ ਲਈ ਕੰਮ ਕਰ ਰਹੇ ਹੋ। ਪਰ ਫੇਰ ਵੀ ਆਸਟ੍ਰੇਲੀਆ ਨੇ ਤੁਹਾਨੂੰ ਤੀਜੀ ਵਾਰ ਇਹ ਸਨਮਾਨ ਦਿੱਤਾ ਹੈ। ਕੀ ਕਦੇ ਤੁਹਾਨੂੰ ਤੁਹਾਡੇ ਮੁਲਕ ’ਚ ਵੀ ਸਰਕਾਰ ਨੇ ਕੋਈ ਮਾਨਤਾ ਦਿੱਤੀ? ਉਸ ਵਕਤ ਮੈਂ ਜਵਾਬ ਇਸ ਲਈ ਟਾਲ ਗਿਆ ਸੀ ਕਿ ਮੈਂ ਆਪਣੇ ਦੇਸ਼ ਨੂੰ ਨੀਵਾਂ ਨਹੀਂ ਸਾਂ ਕਰਨਾ ਚਾਹੁੰਦਾ। ਪਰ ਹੁਣ ਮੈਂ ਫ਼ਖਰ ਨਾਲ ਕਹਿ ਸਕਦਾ ਹਾਂ ਕਿ ਅਕਾਦਮੀ ਨੇ ਮੈਨੂੰ ਆਪ ਬੁਲਾ ਕੇ ਮੇਰਾ ਸਤਿਕਾਰ ਕੀਤਾ। ਜਿਸ ਲਈ ਤੁਸੀਂ ਸਭ ਤੋਂ ਵੱਧ ਧੰਨਵਾਦ ਦੇ ਹੱਕਦਾਰ ਹੋ। ਬੇਗਾਨੇ ਭਾਵੇਂ ਲੱਖ ਸਨਮਾਨ ਦੇ ਦੇਣ ਪਰ ਤੁਹਾਡੇ ਵੱਲੋਂ ਦਿੱਤਾ ਸੱਦਾ ਹੀ ਉਹਨਾਂ ਸਭ ਉੱਤੇ ਭਾਰੂ ਹੈ।

ਆਪ ਜੀ ਨੂੰ ਉਸ ਦਿਨ ਵੀ ਬੇਨਤੀ ਕੀਤੀ ਸੀ ਅੱਜ ਫੇਰ ਚੇਤੇ ਕਰਵਾ ਰਿਹਾ ਹਾਂ ਕਿ ਅਕਾਦਮੀ ਆਪਣੇ ਆਪ ਨੂੰ ਸਮੇਂ ਦੇ ਹਾਣ ਦਾ ਰੱਖਣ ਲਈ ਆਧੁਨਿਕਤਾ ਦਾ ਜਿੰਨਾ ਹੋ ਸਕੇ ਓਨਾ ਲਾਹਾ ਜ਼ਰੂਰ ਲਵੇ। ਖਾਸ ਕਰਕੇ ਲੇਖਕਾਂ ਦੀਆਂ ਕਿਤਾਬਾਂ ਦੀ ਆਡੀਓ ਬਣਵਾਉਣ ’ਚ ਮਦਦ ਕਰੇ। ਜਿਸ ਨਾਲ ਸਰਹੱਦੋਂ ਪਾਰ ਰਹਿੰਦੇ ਦੱਸ ਕਰੋੜ ਤੋਂ ਵੀ ਵੱਧ ਪਾਠਕਾਂ ਤੱਕ ਪਹੁੰਚ ਹੋ ਸਕੇ। ਆਵਾਜ਼ ਨਾਲ ਪੰਜਾਬੀ ਲਿਪੀ ਅੰਤਰ ਦੀਆਂ ਹੱਦਾਂ ਵੀ ਪਾਰ ਕੀਤੀਆਂ ਜਾ ਸਕਣ।

ਆਪ ਜਿਹੇ ਉੱਦਮੀਆਂ ਦੇ ਹੱਥ ਮਾਂ ਬੋਲੀ ਦੀ ਡੋਰ ਦੇਖ ਕੇ ਉਮੀਦਾਂ ਬਹੁਤ ਵੱਧ ਗਈਆਂ ਹਨ। ਸੋ ਵਾਹਿਗੁਰੂ ਜੀ ਅੱਗੇ ਅਰਦਾਸ ਹੈ ਕਿ ਗੁਰੂ ਦੇ ਮੂੰਹੋਂ ਜੰਮੀ ਸਾਡੀ ਇਹ ਲਿਪੀ ਯੁੱਗਾਂ-ਯੁੱਗਾਂ ਤੱਕ ਤਰੱਕੀਆਂ ਕਰਦੀ ਰਹੇ।

ਦੇਸ਼ ਵਿਦੇਸ਼ ’ਚ ਕੋਈ ਵੀ ਸਹਿਯੋਗ ਅਸੀਂ ਦੇ ਸਕਦੇ ਹੋਏ ਤਾਂ ਸਾਨੂੰ ਅੱਧੀ ਰਾਤ ਯਾਦ ਨੂੰ ਕਰਿਓ ਜੀ ਅਤੇ ‘ਅਵੀ ਸੰਧੂ’ ਸਮੇਤ ਉਸ ਦਿਨ ਜੁੜੀਆਂ ਉਹਨਾਂ ਸਾਰੀਆਂ ਰੂਹਾਂ ਨੂੰ ਮੇਰੇ ਵੱਲੋਂ ਧੰਨਵਾਦ ਕਹਿਣਾ ਜੀ ਜੋ ਹਰਿਆਣਾ ਵਿਚ ਪੰਜਾਬੀ ਮਾਂ ਬੋਲੀ ਲਈ ਚਿੰਤਤ ਹਨ।

ਮਿੰਟੂ ਬਰਾੜ, ਆਸਟ੍ਰੇਲੀਆ

(ਗੁਰਸ਼ਮਿੰਦਰ ਸਿੰਘ)

# ਲੇਖਕ ਸੱਜਣਾਂ ਲਈ ਬੇਨਤੀ

1. ਆਪਣੀ ਮੌਲਿਕ ਅਤੇ ਅਪ੍ਰਕਾਸ਼ਿਤ ਰਚਨਾ ਹੀ 'ਸ਼ਬਦ ਬੂੰਦ' ਲਈ ਭੇਜੀ ਜਾਵੇ।
2. ਰਚਨਾ ਫੁੱਲ-ਸਕੇਪ ਕਾਗਜ਼ 'ਤੇ ਇੱਕ ਪਾਸੇ, ਟਾਈਪ ਕੀਤੀ ਜਾਂ ਸ਼ੁੱਧ ਲਿਖਤ ਵਿਚ ਹੋਣੀ ਚਾਹੀਦੀ ਹੈ। ਅਸਪੱਸ਼ਟ, ਨਾ ਪੜ੍ਹੀ ਜਾ ਸਕਣ ਵਾਲੀ ਅਤੇ ਅਪ੍ਰਕਾਸ਼ਿਤ ਰਚਨਾ ਲੇਖਕ ਨੂੰ ਵਾਪਸ ਨਹੀਂ ਭੇਜੀ ਜਾਵੇਗੀ।
3. ਆਉਣ ਵਾਲੇ ਮਹੀਨਿਆਂ ਦੇ ਮਹੱਤਵਪੂਰਨ ਦਿਨ, ਤਿਉਹਾਰਾਂ, ਮਹਾਂਪੁਰਸ਼ਾਂ ਦੇ ਜਨਮ ਦਿਵਸ ਤੇ ਸ਼ਹੀਦੀ ਦਿਵਸਾਂ, ਇਤਿਹਾਸਿਕ ਤਾਰੀਖਾਂ ਨਾਲ ਸੰਬੰਧਤ ਰੌਚਕ ਮੌਲਿਕ ਤੇ ਅਣਛਪੀ ਸਮੱਗਰੀ ਦੋ ਤਿੰਨ ਮਹੀਨੇ ਪਹਿਲਾਂ ਹੀ ਤਿਆਰ ਕਰਕੇ ਭੇਜੋ ਤਾਂ ਕਿ ਉਸ ਮਹੀਨੇ ਦਾ ਅੰਕ ਪ੍ਰਕਾਸ਼ਿਤ ਕਰਦੇ ਸਮੇਂ ਸਮੱਗਰੀ ਦੀ ਸਹੀ ਚੋਣ ਕਰਨ ਵਿੱਚ ਆਸਾਨੀ ਰਹੇ।
4. ਲੇਖਕ ਆਪਣੀ ਰਚਨਾ ਦੀ ਸੌਫ਼ਟ ਕਾਪੀ ਪਰੂਫ ਰੀਡਿੰਗ ਕਰਕੇ ਅਕਾਦਮੀ ਦੀ ਈ-ਮੇਲ : **hpsaa55@gmail.com** 'ਤੇ **(Raavi Font)** ਵਿੱਚ ਹੀ ਭੇਜਣ।
5. ਲੇਖਕਾਂ ਅਤੇ ਸਾਹਿਤ-ਸਭਾਵਾਂ ਨੂੰ ਬੇਨਤੀ ਹੈ ਕਿ ਆਪੋ-ਆਪਣੇ ਇਲਾਕੇ ਦੀਆਂ ਪ੍ਰਮੁੱਖ ਸਾਹਿਤਕ ਗਤੀਵਿਧੀਆਂ ਦੀ ਸੰਖੇਪ ਰਿਪੋਰਟ ਫੋਟੋ ਆਦਿ ਸਮੇਤ ਭੇਜੀ ਜਾਵੇ ਤਾਂ ਕਿ ਉਸਨੂੰ ਸਾਹਿਤਕ ਗਤੀਵਿਧੀਆਂ ਵਾਲੇ ਕਾਲਮ ਵਿਚ ਉਚਿਤ ਸਥਾਨ ਦਿੱਤਾ ਜਾ ਸਕੇ।
6. 'ਸ਼ਬਦ ਬੂੰਦ' ਲੇਖਕਾਂ ਦੀ ਆਪਣੀ ਆਵਾਜ਼ ਹੈ। ਇਸ ਆਵਾਜ਼ ਨੂੰ ਸ਼ਕਤੀਸ਼ਾਲੀ ਤੇ ਸਿਹਤਮੰਦ ਬਣਾਉਣ ਵਿਚ ਤੁਹਾਡਾ ਯੋਗਦਾਨ ਕਾਰਗਰ ਸਿੱਧ ਹੋ ਸਕਦਾ ਹੈ।
7. ਸੰਪਾਦਕ ਦੇ ਨਾਮ ਲਿਖੇ ਪੱਤਰ ਵਿੱਚ ਸੰਪਾਦਕ ਜਾਂ 'ਸ਼ਬਦ ਬੂੰਦ' ਨਾਲ ਸੰਬੰਧਤ ਕਿਸੇ ਅਧਿਕਾਰੀ ਦੀ ਪ੍ਰਸੰਸਾ/ਨਿੰਦਿਆ ਕਰਨ ਦੀ ਬਜਾਏ ਪਤ੍ਰਿਕਾ ਵਿਚ ਪ੍ਰਕਾਸ਼ਿਤ ਸਮੱਗਰੀ 'ਤੇ ਹੀ ਸੰਖੇਪ, ਸਾਹਿਤਕ ਭਾਸ਼ਾ ਵਿੱਚ ਸਕਾਰਾਤਮਕ ਟਿੱਪਣੀ ਕੀਤੀ ਜਾਵੇ।
8. 'ਸ਼ਬਦ ਬੂੰਦ' ਵਿੱਚ ਪ੍ਰਕਾਸ਼ਿਤ ਹੋਣ ਵਾਲੀਆਂ ਰਚਨਾਵਾਂ ਲਈ ਸੰਬੰਧਤ ਲੇਖਕਾਂ ਨੂੰ ਉਚਿਤ ਮਾਨਦੇਅ ਰਾਸ਼ੀ ਵੀ ਦਿੱਤੀ ਜਾਂਦੀ ਹੈ। ਇਸ ਲਈ ਲੇਖਕ ਆਪਣਾ ਬੈਂਕ ਅਕਾਊਂਟ ਨੰਬਰ, ਆਈ.ਐਫ.ਐਸ.ਸੀ. ਕੋਡ, ਬ੍ਰਾਂਚ, ਬੈਂਕ ਦਾ ਨਾਮ, ਪਾਸਬੁੱਕ ਦੇ ਪਹਿਲੇ ਸਫ਼ੇ ਦੀ ਫੋਟੋ ਕਾਪੀ ਜ਼ਰੂਰ ਭੇਜਣ ਤਾਂ ਕਿ ਮਾਨਦੇਅ ਰਾਸ਼ੀ ਸਿੱਧੀ ਸੰਬੰਧਤ ਲੇਖਕ ਦੇ ਖਾਤੇ ਵਿੱਚ ਜਮਾਂ ਕਰਵਾਈ ਜਾ ਸਕੇ।
9. ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ 'ਸ਼ਬਦ ਬੂੰਦ' ਬਾਰੇ ਆਪਣੇ ਸੁਝਾਅ ਅਕਾਦਮੀ ਨੂੰ ਭੇਜਣ।

**'ਸ਼ਬਦ ਬੂੰਦ' ਦੇ ਮੈਂਬਰ ਬਣਨ ਲਈ ਆਪਣਾ ਚੰਦਾ ਬੈਂਕ ਡਰਾਫਟ ਜਾਂ ਚੈੱਕ ਦੁਆਰਾ ਡਾਇਰੈਕਟਰ, ਹਰਿਆਣਾ ਪੰਜਾਬੀ ਸਾਹਿਤ ਅਕਾਦਮੀ, ਪੰਚਕੂਲਾ ਦੇ ਨਾਮ 'ਤੇ ਭੇਜਣ ਦੀ ਕ੍ਰਿਪਾਲਤਾ ਕਰੋ।**

**ਸਾਲਾਨਾ ਚੰਦਾ 200/- ਰੁਪਏ**

ਐਡੀਟਰ, ਪ੍ਰਿੰਟਰ ਤੇ ਪ੍ਰਕਾਸ਼ਕ ਡਾਇਰੈਕਟਰ, ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਨੇ ਮੈ. ਆਡੀਆ ਕੈਟੇਲਿਸਟ ਆਈ. ਐਨ. ਸੀ. ਪ੍ਰਿੰਟਰਜ਼ ਪਲਾਟ ਨੰ.410 ਜੇ.ਐਲ.ਪੀ.ਐਲ ਇੰਡਸਟਰੀਅਲ ਏਰੀਆ, ਸੈਕਟਰ-82 ਮੋਹਾਲੀ ਤੋਂ ਛਪਵਾ ਕੇ 'ਸ਼ਬਦ ਬੂੰਦ' ਸਤੰਬਰ-2022 ਨੂੰ ਹਰਿਆਣਾ ਪੰਜਾਬੀ ਸਾਹਿਤ ਅਕਾਦਮੀ, ਆਈ.ਪੀ.-16, ਸੈਕਟਰ-14, ਪੰਚਕੂਲਾ (ਹਰਿਆਣਾ) ਤੋਂ ਜਾਰੀ ਕੀਤਾ।


## ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਦੇ ਡਾਇਰੈਕਟਰ ਸ੍ਰੀ ਸੁਨੀਲ ਵਸ਼ਿਸ਼ਟ 'ਭਾਰਤੀ ਭਾਸ਼ਾ ਸਨਮਾਨ' ਨਾਲ ਸਨਮਾਨਿਤ








ਵਾਰਾਨਸੀ ਵਿਖੇ ਆਯੋਜਿਤ ਸਮਾਰੋਹ ਵਿਚ ਸ੍ਰੀ ਰਾਮ ਬਹਾਦਰ ਰਾਏ, ਚੇਅਰਮੈਨ ਆਈ.ਜੀ.ਐਨ.ਸੀ.ਏ., ਸ੍ਰੀ ਅਤੁਲ ਭਾਈ ਕੋਠਾਰੀ, ਚੇਅਰਮੈਨ, ਸਿੱਖਿਆ ਸੰਸਕ੍ਰਿਤੀ ਅਤੇ ਸ੍ਰੀ ਨੀਲ ਕੰਠ ਤਿਵਾਰੀ ਵਿਧਾਇਕ ਅਤੇ ਸਾਬਕਾ ਮੰਤਰੀ, ਉਤਰ ਪ੍ਰਦੇਸ਼ ਕੋਲੋਂ ਸ੍ਰੀ ਸੁਨੀਲ ਵਸ਼ਿਸ਼ਟ ਸਨਮਾਨ ਹਾਸਲ ਕਰਦੇ ਹੋਏ।

## ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਦੀ ਲਾਇਬ੍ਰੇਰੀ ਲਈ ਪ੍ਰਾਪਤ ਪੁਸਤਕਾਂ
## ਲੇਖਕਾਂ ਨੂੰ ਅਕਾਦਮੀ ਵੱਲੋਂ ਬਹੁਤ-ਬਹੁਤ ਮੁਬਾਰਕਾਂ













# ਹਰਿਆਣਾ ਪੰਜਾਬੀ ਸਾਹਿਤ ਅਕਾਦਮੀ 'ਰੂ-ਬ-ਰੂ'


ਰਮਣੀਕ ਸਿੰਘ ਮਾਨ


ਸ੍ਰੀ ਮਿੰਟੂ ਬਰਾੜ (ਆਸਟਰੇਲੀਆ)


ਸ੍ਰੀਮਤੀ ਅਮਨਦੀਪ ਕੌਰ


ਮਨਜਿੰਦਰ ਸਿੰਘ ਧਾਲੀਵਾਲ


ਸਤਨਾਮ ਸਿੰਘ


ਦਲਬੀਰ ਸਿੰਘ ਪੰਨੂ (ਯੂ.ਐਸ.ਏ)



ਰਸ਼ਪਾਲ ਸਿੰਘ ਜੋੜਾ ਮਜਰਾ


ਬਾਬਾ ਵਰਿੰਦਰ ਸਿੰਘ ਸਲਪਾਣੀ ਵਾਲੇ


ਸਰਬਜੀਤ ਸਿੰਘ ਮੱਖਣ

RNI-HARPUN/2001-5797
ISSN2456-544X

# ਸਾਹਿਤਕ ਗਤੀਵਿਧੀਆਂ


ਮਨਜਿੰਦਰ ਸਿੰਘ ਸਿਰਸਾ (ਦਿੱਲੀ)


ਪੀ.ਕੇ.ਆਰ.ਜੈਨ ਗਰਲਜ਼ ਸੀ.ਸੈ. ਸਕੂਲ,ਅੰਬਾਲਾ ਸ਼ਹਿਰ



ਸੈਮੀਨਾਰ (ਮਾਤਾ ਸੁੰਦਰੀ ਕਾਲਜ ਫ਼ਾਰ ਵਿਮਨ, ਦਿੱਲੀ)


ਸਾਰਾਗੜ੍ਹੀ ਦੀ 125ਵੀਂ ਵਰ੍ਹੇਗੰਢ ਨੂੰ ਸਮਰਪਿਤ ਸਮਾਗਮ


ਸੈਮੀਨਾਰ (ਖ਼ਾਲਸਾ ਕਾਲਜ ਫ਼ਾਰ ਵਿਮਨ, ਅੰਮ੍ਰਿਤਸਰ)


ਸੈਮੀਨਾਰ ਗੁਰੂ ਤੇਗ ਬਹਾਦਰ ਖ਼ਾਲਸਾ ਕਾਲਜ, ਦਿੱਲੀ


ਸਾਹਿਤਕਾਰ ਮਿਲਣੀ ਰੋਹਤਕ


ਪੰਜਾਬੀ ਗੁਰਦੁਆਰਾ ਪ੍ਰੰਬਧਕ ਕਮੇਟੀ, ਅੰਬਾਲਾ ਕੈਂਟ


ਕਲੀਰਾਮ ਡੀ.ਏ.ਵੀ ਪਬਲਿਕ ਸਕੂਲ, ਸਫ਼ੀਦੋ (ਜੀਂਦ)

*if undelivered please return to:*
Haryana Punjabi Sahitya Akademi
I.P. : 16, Sec-14, Panchkula-134113 (HARYANA)

Printed Matter
**BOOK POST**
Posted Under Periodical Rate